
RNI 61816/95
INTERNATIONAL MAGAZINE
Postal Regd. No. CHD/0081/2006
PB/CH/IPP-01/2007-08
PP/CHD-3/003
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Issue "Atam Marg"
ਜੁਲਾਈ (July) 2008
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ,
ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)

**ਸਾਲ ਸੋਲਵਾਂ, ਮਹੀਨਾ ਜੁਲਾਈ 2010**

**ਫਾਉਂਡਰ ਚੇਅਰਮੈਨ**

**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ**

**(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ**


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


Postal Address for 'ATAM MARG' Enquiry, Money Order, Cheque, Draft & correspondence : V.G.R.M Charitable Trust, Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali)

140901 Pb.India.



**Exemption U/S 80-G upto 31.03.2012 vide L. No. CIT-II/CHD/80G/TECH/245/2008-09/823**

**Registration Under Foreign Contribution (Regulation) Act 1976 R.No. 115320023**



**ਆਤਮ ਮਾਰਗ ਮੈਗਜ਼ੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-**

**Head Office INDIA - (M) 94172-14391, 9417214379**
**0160-2255002, Fax - 2255009**

**U.S.A.** - **Baba Satnam Singh ji Atwal**
Phone and Fax : 408-263-1844

**Bhai Kuldeep Singh Sher Gill**
Phone : 408-230-8319

**Bibi Sukhvinder Kaur Bains -** Phone : 403-270-3387

**Canada - Bhai Sarmukh Singh Pannu**
Phone - 604-433-0408

**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**For more information please visit us on internet at:-**
**Email : atammarg@glide.net.in**
http:# www.ratwarasahib.org, http # www.ratwarasahibmedia.org



**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਤਤਕਰਾ


1. ਸੰਪਾਦਕੀ 2
2. ਸਾਵਣਿ 3
3. ਧਰੂੰ ਭਗਤ 10
4. ਸੁਰਤਿ ਸਬਦਿ ਮਾਰਗ 22
5. ਅਕਾਲ ਬਿਰਧ ਆਸ਼ਰਮ ਰਤਵਾੜਾ ਸਾਹਿਬ 29
6. ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ 38
8. ਮਾਰਗ ਚੋਣ 54
7. ਅਰਦਾਸ ਸ਼ਕਤੀ 57
8. ਸਿਹਤ ਰੱਖਿਆ 63


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**


ਰਤਵਾੜਾ ਸਾਹਿਬ 0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386
ਪਰਮ ਸਤਿਕਾਰ ਯੋਗ ਬੀਜੀ 9417214381
ਜਰਨਲ - 9417214384, ਬੀ ਐਡ ਕਾਲਜ - 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਅਖੰਡਪਾਠ ਬੁਕਿੰਗ 9417214386
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004


**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

# ਸੰਪਾਦਕੀ

'ਆਤਮ ਮਾਰਗ' ਦੇ ਪਾਂਧੀ ਦਿਲਾਂ ਦੀ ਸਾਂਝ ਰਖਦੇ ਹਨ। ਦਿਲਾਂ ਦੀ ਇਹ ਸਾਂਝ ਸੱਚੀ ਤੇ ਚਿਰ-ਸਥਾਈ ਹੁੰਦੀ ਹੈ। ਕੋਈ ਵੀ ਨਵਾਂ ਖਿਆਲ, ਉਤਮ ਵਿਚਾਰ ਦ੍ਰਿਸ਼ਟੀਗੋਚਰੇ ਹੁੰਦਾ ਹੈ ਤਾਂ ਆਪ ਸਭ ਸੁਹਿਰਦ ਪਾਠਕਾਂ ਨਾਲ ਸਾਂਝਾ ਕਰਨ ਵਿਚ ਖੁਸ਼ੀ ਮਿਲਦੀ ਹੈ। ਅੱਜ ਦੇ ਪ੍ਰਗਤੀਸ਼ੀਲ ਯੁੱਗ ਦਾ ਸੁਭਾਅ ਵਿਅਕਤੀਵਾਦੀ ਹੋ ਗਿਆ ਹੈ। ਪਰਿਵਾਰਕ, ਭਾਈਚਾਰਕ ਅਤੇ ਸਮਾਜਿਕ ਸਾਂਝਾਂ ਘਟ ਗਈਆਂ ਹਨ। ਵਿਗਿਆਨ ਨੇ ਵਿਅਕਤੀ ਦੀਆਂ ਜੀਵਨ-ਲੋੜਾਂ ਸੁਖੈਨਤਾ ਨਾਲ ਉਪਲਬਧ ਕਰ ਦਿਤੀਆਂ ਹਨ ਜਿਸ ਨਾਲ ਉਸ ਦੀ ਸੰਗੀਆਂ ਸਾਥੀਆਂ ਉਪਰ ਨਿਰਭਰਤਾ ਨਾ ਮਾਤਰ ਰਹਿ ਗਈ ਹੈ। ਫਰਿਜ, ਟੀ.ਵੀ. ਵੀ.ਸੀ.ਆਰ, ਕੰਪਿਊਟਰ, ਇੰਟਰਨੈਟ, ਮੋਬਾਇਲ ਉਸ ਦੇ ਸੰਗੀ ਸਾਥੀ ਹਨ। ਐਸੇ ਯੁੱਗ ਵਿਚ ਧਾਰਮਿਕ ਅਤੇ ਅਧਿਆਤਮਕ ਖੇਤਰ ਵਿਚ ਵੀ ਉਹ ਸੁਤੰਤਰ ਹੋ ਕੇ ਵਿਚਰਨਾ ਲੋੜਦਾ ਹੈ। ਮਹਾਂਪੁਰਸ਼ਾਂ, ਸਾਧੂਆਂ, ਸੰਤਾਂ ਦੇ ਸੰਗ ਸਾਥ ਦੀ ਆਵਸ਼ਕਤਾ ਨੂੰ ਉਸ ਦੀ ਸੂਝ ਬੂਝ ਪ੍ਰਸ਼ਨ ਚਿੰਨ ਲਾਉਂਦੀ ਹੈ ਪਰ ਗੁਰਬਾਣੀ ਦੇ ਪਰਿਪੇਖ ਵਿਚ ਵੇਖਿਆਂ ਆਤਮਿਕ ਉਨਤੀ ਲਈ ਐਸੀ ਸੰਗਤ ਜ਼ਰੂਰੀ ਮੰਨੀ ਗਈ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਭੌਤਿਕ ਜੀਵਨ ਵਿਚ ਜੋ ਗੱਲਾਂ ਮਨੁੱਖ ਨੂੰ ਅਸੰਭਵ ਜਾਪਦੀਆਂ ਹਨ, ਗੁਰੂ ਦੀ ਓਟ ਵਿਚ ਸਾਧੂ, ਸੰਤਾਂ, ਮਹਾਂਪੁਰਸ਼ਾਂ ਦੀ ਸੰਗਤ ਵਿਚ ਸੰਭਵ ਤੇ ਸੁਖੈਨ ਹੋ ਨਿਬੜਦੀਆਂ ਹਨ।

ਪੰਚਮ ਪਾਤਸ਼ਾਹ ਦੇ ਇਕ ਸ਼ਬਦ ਰਾਹੀਂ ਇਸ ਵਿਚਾਰ ਨੂੰ ਸਪਸ਼ਟ ਕਰਨ ਦਾ ਯਤਨ ਕਰਦੇ ਹਾਂ। ਸ਼ਬਦ ਦੀ ਰਹਾਉ ਦੀ ਪੰਗਤੀ ਹੈ –

*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥ ਪੰਨਾ - 809*

ਇਸ ਦਾ ਭਾਵ ਇਹ ਹੈ – ਹੇ ਮੇਰੇ ਪਿਆਰੇ ਮਿੱਤਰ! ਸਾਧੂ, ਸੰਤ, ਮਹਾਂਪੁਰਸ਼ਾਂ ਦੀ ਸੰਗਤ ਦੀ ਵਡਿਆਈ ਧਿਆਨ ਨਾਲ ਸੁਣ। ਹੇ ਮਿਤਰ! ਜਿਹੜਾ ਮਨੁੱਖ ਮਹਾਂਪੁਰਸ਼ਾਂ ਦੀ ਸੰਗਤ ਨਿਤ ਕਰਦਾ ਹੈ, ਉਸ ਦਾ ਮਨ ਵਿਕਾਰ ਰਹਿਤ ਹੋ ਜਾਂਦਾ ਹੈ, ਉਸ ਦੇ ਅੰਦਰੋਂ ਪਾਪਾਂ ਦੀ ਮੈਲ ਧੁਲ ਜਾਂਦੀ ਹੈ, ਉਸਦੇ ਕ੍ਰੋੜਾਂ ਪਾਪ ਨਾਸ ਹੋ ਜਾਂਦੇ ਹਨ ਅਤੇ ਚਿਤ ਨਿਰਮਲ ਹੋ ਜਾਂਦਾ ਹੈ। ਐਸੇ ਨਿਰਮਲ ਮਨ ਦੇ ਮਾਲਕ ਲਈ ਕੋਈ ਬਾਤ ਅਸੰਭਵ ਨਹੀਂ ਰਹਿ ਜਾਂਦੀ, ਇਹ ਗੱਲ ਕੁਝ ਉਦਾਹਰਣ ਦੇ ਕੇ ਚਾਰ ਅੰਕਾਂ ਰਾਹੀਂ ਦਰਸਾਈ ਹੈ। ਸ਼ਬਦ ਇਸ ਪ੍ਰਕਾਰ ਹੈ–

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥*
*ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ॥*
*ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥*
*ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥*
*ਪੰਨਾ - 809*

ਅਰਥਾਤ ਸਾਧੂ ਦੀ ਸੰਗਤ ਵਿਚ ਹਰ ਅਸੰਭਵ ਸੰਭਵ ਹੋ ਜਾਂਦਾ ਹੈ, ਮਾਨੋ ਲੂਲ੍ਹਾ, ਲੰਗੜਾ, ਪਿੰਗਲਾ (ਕਰਮ ਹੀਨ ਗਿਆਨ ਹੀਨ, ਸੋਝੀ ਹੀਨ, ਨਿਰਬਲ ਮਨੁੱਖ) ਉਚੇ ਬਿਖੜੇ ਪਹਾੜ (ਅਗੰਮ ਅਗੋਚਰ ਪ੍ਰਮਾਤਮ-ਗਿਆਨ) ਨੂੰ ਸਹਿਜੇ ਹੀ ਪਾਰ ਕਰ ਲੈਂਦਾ ਹੈ, (ਆਤਮਕ ਸੋਝੀ ਹੀਣ) ਮਹਾਂਮੂਰਖ ਨੂੰ ਐਸੀ ਪਾਰਦਰਸ਼ੀ ਦ੍ਰਿਸ਼ਟੀ ਮਿਲ ਜਾਂਦੀ ਹੈ ਕਿ ਉਹ ਆਤਮ ਗਿਆਨੀ ਅਤੇ ਮਹਾਂ-ਵਿਆਖਿਆਕਾਰ ਬਣ ਜਾਂਦਾ ਹੈ, ਅੰਨੇ (ਅਗਿਆਨੀ) ਨੂੰ ਤਿੰਨਾਂ ਭਵਨਾਂ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ। ਸਾਧ ਦੇ ਸੰਗ ਅਤੇ ਪਰਮਾਤਮ ਨਾਮ ਸਦਕਾ ਹਾਥੀ ਵਾਂਗ ਵਿਸਤ੍ਰਿਤ ਹਉਮੈ-ਅਹੰਕਾਰ ਨਿੱਕੀ ਕੀੜੀ ਵਰਗੀ ਨਿੰਮਰ ਦ੍ਰਿਸ਼ਟੀ ਧਾਰਨ ਕਰ ਲੈਂਦਾ ਹੈ। ਚਿੰਤਤ ਭੈ-ਭੀਤ ਇਨਸਾਨ ਭੈ-ਰਹਿਤ ਬਿਰਤੀ ਦਾ ਮਾਲਕ ਬਣ ਜਾਂਦਾ ਹੈ। ਵਿਸ਼ੇ-ਵਿਕਾਰਾਂ ਦੀ ਸ਼ੇਰ-ਸ਼ਕਤੀ ਹੁਣ ਨਿਰਬਲ ਡਰਪੋਕ ਬਿੱਲੀ ਦਾ ਰੂਪ ਧਾਰਨ ਕਰ ਲੈਂਦੀ ਹੈ, ਤ੍ਰਿਣ ਸਮਾਨ ਗਰੀਬ ਹਸਤੀ ਦਾ ਮਾਲਕ ਮਨੁੱਖ ਸੁਮੇਰ ਪਰਬਤ ਵਰਗੀ ਬਲਵਾਨ ਆਤਮਕ ਸ਼ਕਤੀ ਦਾ ਮਾਲਕ ਬਣ ਜਾਂਦਾ ਹੈ। ਜਿਹੜਾ (ਆਤਮਕ-ਅਨੁਭਵ ਤੋਂ ਹੀਣਾ) ਮਨੁੱਖ ਪਹਿਲਾਂ ਅੱਧੀ-ਅੱਧੀ ਕੌਡੀ ਵਾਸਤੇ ਮੁਹਤਾਜੀ ਵਿਚ ਦਰ ਦਰ ਧੱਕੇ ਖਾਂਦਾ ਫਿਰਦਾ ਸੀ (ਆਤਮਕ ਸੂਝ ਲਈ ਭਟਕਦਾ ਫਿਰਦਾ ਸੀ) ਹੁਣ ਸਾਧ ਸੰਗ ਤੋਂ ਪ੍ਰਾਪਤ ਹੋਈ ਸੱਚੀ ਦੌਲਤ ਨਾਲ ਮਾਲੋ ਮਾਲ ਹੋ ਗਿਆ ਹੈ। ਇਸ ਤਰ੍ਹਾਂ ਗੁਰੂ ਜੀ ਦਸਦੇ ਹਨ ਕਿ ਸਾਧਸੰਗਤਿ ਅਤੇ ਨਾਮ ਦੀ ਕਿਹੜੀ ਕਿਹੜੀ ਵਡਿਆਈ ਦੱਸੀ ਜਾਵੇ?

ਐਸੀ ਹੀ ਦੁਰਲੱਭ ਸੰਗਤ ਆਪ ਜੀ, ਆਤਮ ਮਾਰਗ ਦੇ ਪਾਂਧੀਆਂ ਨੂੰ ਨਿਰੰਤਰ ਪ੍ਰਾਪਤ ਹੋ ਰਹੀ ਹੈ। ਗੁਰਮਤਿ ਸਿਧਾਂਤ ਅਨੁਸਾਰ ਗੁਰੂ ਦਾ ਹਿਰਦਾ ਗੁਰਬਾਣੀ ਵਿਚ ਵਿਅਕਤ ਹੈ, ਗੁਰਬਾਣੀ ਦੀ ਸੰਗਤ, ਪਠਨ ਪਾਠਨ, ਵਿਆਖਿਆ ਵਿਚਾਰ ਗੁਰੂ ਦੀ ਸੰਗਤ ਹੈ, ਨਾਮ-ਅਭਿਆਸੀ ਸਾਧੂ ਸੰਤਾਂ ਦੇ ਵਿਚਾਰ, ਪ੍ਰਵਚਨ ਮਹਾਂਪੁਰਸ਼ਾਂ ਦੀ ਸੰਗਤ ਹੈ। ਭਾਵੇਂ ਪ੍ਰਤੱਖ ਦਰਸ਼ਨ ਦੀਦਾਰ ਹੋਰ ਵੀ ਵਧੇਰੇ ਲਾਭਕਾਰੀ ਹੁੰਦੇ ਹਨ ਪਰ ਅੰਤਰ ਦ੍ਰਿਸ਼ਟੀ ਦੇ ਦਰਸ਼ਨ ਦੀਦਾਰ ਬਾਣੀ ਰਾਹੀਂ, ਲਿਖਤ ਰਾਹੀਂ ਹੋ ਜਾਂਦੇ ਹਨ। ਸਗੋਂ ਗੁਰੂ ਮਹਾਰਾਜ ਸ਼ਬਦ ਦੇ ਵਿਚਾਰ ਦੀ ਪ੍ਰਮੁੱਖਤਾ ਦਸਦੇ ਫੁਰਮਾਨ ਕਰਦੇ ਹਨ –

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ*
*ਜਿਚਰੁ ਸਬਦਿ ਨ ਕਰੇ ਵੀਚਾਰੁ॥ ਪੰਨਾ - 594*

ਏਥੇ ਕੇਵਲ ਬਾਹਰੀ ਦਰਸ਼ਨਾਂ ਨਾਲੋਂ ਸ਼ਬਦ ਦੀ ਵਿਚਾਰ ਨੂੰ ਸਰਵੋਤਮ ਦਸਿਆ ਹੈ। ਆਪ ਜੀ 'ਆਤਮ ਮਾਰਗ' ਦੇ ਪਾਠਕ ਇਸ ਪੱਖੋਂ ਵਡਭਾਗੀ ਹੋ। ਹਰ ਮਹੀਨੇ ਮਹਾਨ ਆਤਮਾਵਾਂ ਆਪਣੇ ਵੱਡੇ-ਮੁੱਲੇ ਵਿਚਾਰਾਂ ਰਾਹੀਂ ਆਪ ਜੀ ਦੇ ਜੀਵਨ ਪਰਵਾਹ ਨੂੰ ਸੁੰਦਰ, ਸੁਚੱਜਾ, ਸਹਿਨਸ਼ੀਲ, ਸੁਹਿਰਦ,

**(ਬਾਕੀ ਪੰਨਾ 63 ਤੇ)**

# ਸਾਵਣਿ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਸਾਵਣਿ ਸਰਸੀ ਕਾਮਣੀ*
*ਚਰਨ ਕਮਲ ਸਿਉ ਪਿਆਰੁ ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ*
*ਮਿਲਿ ਸਾਧੂ ਪੀਵਣਹਾਰੁ ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ*
*ਸੰਮ੍ਰਥ ਪੁਰਖ ਅਪਾਰੁ॥*
*ਹਰਿ ਮਿਲਣੈ ਨੋ ਮਨੁ ਲੋਚਦਾ*
*ਕਰਮਿ ਮਿਲਾਵਣਹਾਰੁ ॥*
*ਜਿਨੀ ਸਖੀਏ ਪ੍ਰਭੁ ਪਾਇਆ*
*ਹੰਉ ਤਿਨ ਕੈ ਸਦ ਬਲਿਹਾਰ ॥*
*ਨਾਨਕ ਹਰਿ ਜੀ ਮਇਆ*
*ਕਰਿ ਸਬਦਿ ਸਵਾਰਣਹਾਰੁ ॥*
*ਸਾਵਣੁ ਤਿਨਾ ਸੁਹਾਗਣੀ*
*ਜਿਨ ਰਾਮ ਨਾਮੁ ਉਰਿ ਹਾਰੁ ॥ ਅੰਗ - ੧੩੪*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਬਾਰਿਸ਼ ਹੋ ਰਹੀ ਹੈ, ਕੱਪੜੇ ਗਿੱਲੇ ਹੋ ਰਹੇ ਸਨ ਸਭ ਦੇ, ਇਨ੍ਹਾਂ ਗੱਲਾਂ ਦੀ ਨਾ ਪਰਵਾਹ ਕਰਦੇ ਹੋਏ, ਆਪ ਕਦਮ ਅੱਗੇ ਤੋਂ ਅੱਗੇ ਪੁੱਟਦੇ ਆ ਰਹੇ ਸੀ। ਵਾਹਿਗੁਰੂ ਜੀ ਦੀ ਮਿਹਰ ਹੈ ਜਿਹੜਾ ਸਤਿਸੰਗ ਸਮਾਗਮਾਂ ਦੇ ਵਿਚ ਪਹੁੰਚ ਜਾਏ। ਸਾਵਣ ਦਾ ਮਹੀਨਾ ਹੈ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੱਸਿਆ ਕਰਦੇ ਸੀ ਕਿ ਇਸ ਮਹੀਨੇ ਦੇ ਅੰਦਰ, ਸੌ ਮੀਂਹ ਵਰ੍ਹਦਾ ਫੇਰ ਸਾਵਣਿ ਕਿਹਾ ਜਾਂਦਾ ਹੈ, ਇਹਦੇ ਵਿਚ ਕੁਦਰਤੀ ਤੌਰ 'ਤੇ ਮਨ ਖਿੜਦਾ ਹੈ। ਬਾਰਿਸ਼ ਹੋਈ 'ਤੇ ਮਨ ਟਿਕਦਾ ਹੈ। ਮਾਇਆ ਦੇ ਮੰਡਲ ਦੇ ਵਿਚੋਂ ਥੋੜ੍ਹਾ ਉਪਰ ਨਿਕਲਦਾ ਹੈ। ਲੋਚਦਾ ਹੈ ਮਨ ਕਿਸੇ ਦੇ ਮਿਲਾਪ ਵਾਸਤੇ। ਨਾ ਪਤਾ ਹੋਣ ਕਰਕੇ ਮਿਤਰਾਂ, ਦੋਸਤਾਂ, ਮਿਲਣ ਵਾਲੇ ਪੁੱਤਰਾਂ ਧੀਆਂ, ਇਨ੍ਹਾਂ ਦੇ ਮਿਲਣ ਵਾਸਤੇ ਮਿਲਾਪ ਹੋਇਆ ਹੈ। ਪੁਰਾਣਿਆਂ ਸਮਿਆਂ ਦੇ ਅੰਦਰ ਰਿਵਾਜ ਹੋਇਆ ਕਰਦਾ ਸੀ ਕਿ ਇਨ੍ਹਾਂ ਮਹੀਨਿਆਂ ਦੇ ਅੰਦਰ ਜਿਨ੍ਹਾਂ ਬੱਚੀਆਂ ਦੀ ਸ਼ਾਦੀ ਹੋ ਕੇ ਸਹੁਰੇ ਘਰ ਗਈਆਂ ਹੋਈਆਂ ਹਨ, ਉਨ੍ਹਾਂ ਵਾਪਸ ਬੁਲਾਇਆ ਜਾਂਦਾ ਸੀ। ਇਥੇ ਕਈ ਕਿਸਮ ਦੇ ਸਮਾਗਮ ਹੋਣੇ, ਕਈ ਕਿਸਮ ਦੇ ਵਿਹਾਰ ਹੋਣੇ। ਉਹ ਮਨ ਦੀ ਇੱਕ ਲੋਚਾ ਸੀ, ਸਾਈਕਲੋਜੀਕਲੀ ਸਾਡੇ ਬਜ਼ੁਰਗਾਂ ਨੇ ਇਹ ਤਿਉਹਾਰ ਵਗੈਰਾ ਮਿੱਥੇ ਹੋਏ ਸੀ।ਇਹ ਕੋਈ ਵਹਿਮ ਪ੍ਰਸਤੀ ਨਹੀਂ ਸੀ। ਉਹਦੇ ਵਿਚ ਕੁਦਰਤੀ ਤੌਰ 'ਤੇ ਮਨ ਦੇ ਵਿਚ ਲੋਚਾ ਹੁੰਦੀ ਹੈ, ਖੇੜਾ ਆਉਂਦਾ ਹੈ, ਖਿੱਚ ਆਉਂਦੀ ਹੈ ਕਿ ਮੈਂ ਆਪਣੇ ਪਿਆਰ ਵਾਲਿਆਂ ਨੂੰ ਮਿਲਾਂ। ਇਸੇ ਤਰ੍ਹਾਂ ਦੇ ਨਾਲ ਜਿਨ੍ਹਾਂ ਦੇ ਮਨ ਦੇ ਅੰਦਰ ਖਿੱਚ ਖਾਧੀ ਹੋਈ ਹੈ ਪ੍ਰਭੂ ਦੀ ਇਸ ਲਗਨ ਦੇ ਵਿਚ ਲੱਗੇ ਹੋਏ ਨੇ ਕਿ ਇਸ ਮਾਨਸ ਦੇਹ ਦੇ ਅੰਦਰ ਪ੍ਰਭੂ ਦੀ ਪ੍ਰਾਪਤੀ ਕਰ ਲੈਣੀ, ਇਹ ਮਹੀਨਾ ਉਨ੍ਹਾਂ ਦੇ ਮਨਾਂ ਵਿਚ ਵੀ ਖੇੜਾ ਦਿੰਦਾ ਹੈ। ਠੰਢੀ ਹਵਾ ਰੁਮਕਦੀ ਹੈ, ਛੋਟੀ-ਛੋਟੀ ਬੂੰਦ ਦੀ ਬਾਰਿਸ਼ ਹੁੰਦੀ ਹੈ, ਕਦੇ ਜ਼ੋਰ ਦੀ ਹੁੰਦੀ ਹੈ, ਧਰਤੀ ਵਿੱਚ ਖੇੜਾ ਆਉਂਧਾ ਹੈ, ਧਰਤੀ ਖਿੜਦੀ ਹੈ ਤੇ ਹਰਾ ਗਲੀਚਾ ਵਿਛਾ ਦਿੰਦੀ ਹੈ। ਫਸਲਾਂ ਮਉਲਦੀਆਂ ਨੇ, ਦਰਖਤ ਮਉਲਦੇ ਨੇ, ਇਸ਼ਨਾਨ ਕਰਕੇ ਸੁੱਚੇ ਹੋ ਕੇ ਸਾਨੂੰ ਦਰਸ਼ਨ ਦਿੰਦੇ ਨੇ। ਮਹਾਰਾਜ ਕਹਿੰਦੇ ਨੇ -

*ਵਣੁ ਤਿਣੁ ਪ੍ਰਭ ਸੰਗਿ ਮਉਲਿਆ*
*ਸੰਮ੍ਰਥ ਪੁਰਖ ਅਪਾਰੁ ॥ ਅੰਗ - ੧੩੪*

ਇਹ ਵੀ ਮਉਲਦੇ ਨੇ, ਖਿੜਦੇ ਨੇ ਇਨ੍ਹਾਂ ਦੇ ਅੰਦਰ ਵੀ ਕੋਈ ਵਧ ਰਸ ਹੈ। ਨਵੇਂ ਬੂਟੇ ਲਾਏ ਜਾਂਦੇ ਨੇ, ਫਟਾਫਟ ਜੜ੍ਹ ਫੜ ਲੈਂਦੀ ਹੈ ਧਰਤੀ ਨੂੰ, ਸੋ ਇਸੇ ਤਰ੍ਹਾਂ ਦੇ ਨਾਲ ਪ੍ਰਭੂ ਦੇ ਦਰਸ਼ਨ ਦੀ ਲਗਨ ਵਾਲਿਆਂ ਦੇ ਮਨ ਵਿੱਚ ਖੇੜਾ ਆਉਂਦਾ ਹੈ ਤੇ ਜੀਅ ਕਰਦਾ ਹੈ ਕਿ ਹੇ ਪ੍ਰਭੂ! ਤੂੰ ਦਰਸ਼ਨ ਦੇ, ਕੋਲ ਹੀ ਹੈਂ ਤੂੰ। ਜਿਹੜੇ ਵਿਹੁ ਦੂਜੇ ਰੰਗ ਨੇ ਵਿਸ਼ੇ ਵਿਕਾਰਾਂ ਉਹ ਸੁਆਹ ਵਰਗੇ ਲਗਦੇ ਨੇ। ਮਹਾਰਾਜ ਕਹਿੰਦੇ ਪਿਆਰਿਓ! ਇਹਦੇ ਵਿੱਚ ਜੋ ਨਾਮ ਦੀ ਸੁਹਾਵਣੀ ਬੂੰਦ ਹੈ, ਉਹ ਉਨ੍ਹਾਂ ਪੁਰਖਾਂ ਦੇ ਨਾਲ ਮਿਲੇ ਕੇ ਪੀਓ, ਜਿਨ੍ਹਾਂ ਨੇ ਪ੍ਰਮੇਸ਼ਰ ਦਾ ਮਿਲਾਪ ਹਾਸਿਲ ਕਰ ਲਿਆ। ਬੜੇ ਹੀ ਸੰਕੇਤ ਆਉਂਦੇ ਨੇ ਬਾਣੀ ਦੇ ਅੰਦਰ।

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥*
*ਅੰਗ - ੩੦੯*

'ਆਤਮ ਮਾਰਗ' ਵਿੱਚ ਇਕ ਲੇਖ ਆਇਆ 'ਪਵਿੱਤਰ ਪੈਂਡਾ' ਉਪਨਿਸ਼ਦਾਂ ਦੇ ਆਧਾਰ 'ਤੇ। ਗੁਰੂ ਮਹਾਰਾਜ ਵੀ ਉਸੇ ਵਲ ਸੰਕੇਤ ਕਰਦੇ ਹੋਏ ਫੁਰਮਾਨ ਕਰਦੇ ਨੇ, ਉਹਦੇ ਵਿੱਚ ਇਸ ਤਰ੍ਹਾਂ ਦੇ ਨਾਲ ਆਉਂਦਾ ਹੈ ਕਿ ਪ੍ਰਮੇਸ਼ਰ ਨੇ ਸ੍ਰਿਸ਼ਟੀ ਰਚਨਾ ਤੋਂ ਪਿਛੋਂ ਇੱਕ ਅਤਿਕੀਮਤੀ ਚੀਜ਼ ਜਿਹੜੀ ਸੀ ਉਨ੍ਹਾਂ ਦੇ ਕੋਲ ਉਹ ਦੇਵਤਿਆਂ ਨੂੰ ਕਿਹਾ ਹੈ ਕਿ ਤੁਸੀਂ ਇਸ ਨੂੰ ਛੁਪਾ ਲਓ। ਅਰ

ਇਹੋ ਜਿਹੇ ਥਾਂ ਛੁਪਾਇਓ ਜਿਥੋਂ ਕੋਈ ਟੋਲ੍ਹ ਨਾ ਸਕੇ। ਉਹ ਸਾਰੇ ਫਿਰ ਆਏ ਪ੍ਰਮੇਸ਼ਰ ਨੇ ਕਿਹਾ ਦੱਸੋ ਕਿਥੇ-ਕਿਥੇ ਤੁਸੀਂ ਛੁਪਾਉਣ ਵਾਸਤੇ ਨਿਸ਼ਾਨ ਲਾ ਕੇ ਆਏ ਓਂ? ਕਿਸੇ ਨੇ ਕਿਹਾ ਕਿ ਬਰਫਾਂ ਦੇ ਥੱਲੇ, ਕਿਸੇ ਨੇ ਕਿਹਾ ਕਿ ਪਹਾੜ ਦੇ ਪੇਟ ਵਿੱਚ, ਕਿਸੇ ਨੇ ਕਿਹਾ ਕਿ ਸਮੁੰਦਰ ਦੇ ਥੱਲੇ, ਕਿਸੇ ਨੇ ਕਿਹਾ ਕਿ ਵਗਦੇ ਦਰਿਆ ਦੇ ਥੱਲੇ, ਕਿਸੇ ਨੇ ਕਿਹਾ ਚੰਦਰਮਾ ਵਿੱਚ, ਕਿਸੇ ਨੇ ਕਿਸੇ ਸਿਤਾਰੇ ਦਾ ਨਾਉਂ ਲਿਆ ਕਿਸੇ ਨੇ ਕਿਸੇ ਗ੍ਰਹਿ ਦਾ ਨਾਉਂ ਲਿਆ। ਪ੍ਰਮੇਸ਼ਰ ਕਹਿਣ ਲੱਗੇ ਇੱਥੇ ਤਾਂ ਟੋਲੀ ਜਾਏਗੀ ਇਹ ਚੀਜ਼। ਜਿਹਨੇ ਟੋਲ੍ਹ ਲੈਣੀ ਹੈ ਉਹਦਾ ਜਨਮ ਮਰਨ ਦਾ ਚੱਕਰ ਖਤਮ ਹੋ ਜਾਏਗਾ ਤੇ ਉਹ ਮੇਰੇ ਮੰਡਲ ਵਿੱਚ ਆ ਕੇ ਪ੍ਰਵੇਸ਼ ਹੀ ਨਹੀਂ ਕਰੇਗਾ, ਮੇਰਾ ਰੂਪ ਬਣ ਜਾਏਗਾ। ਇਸ ਵਾਸਤੇ ਇਹ ਹੱਦ ਤੋਂ ਜ਼ਿਆਦਾ ਕੀਮਤੀ ਹੈ, ਹੋਰ ਥਾਂ ਦੇਖੋ ਜਿੱਥੇ ਕਿ ਇਸਨੂੰ ਟੋਲ੍ਹਿਆ ਨਾ ਜਾ ਸਕੇ। ਉਸ ਵੇਲੇ ਉਨ੍ਹਾਂ ਨੇ ਫੇਰ ਖੋਜ ਕਰੀ। ਅਖੀਰ ਕਿਹਾ ਕਿ ਹੇ ਪ੍ਰਭੂ ਆਪ ਹੀ ਦੱਸੋ ਕਿ ਅਸੀਂ ਕਿੱਥੈ ਰੱਖੀਏ? ਉਹ ਕਹਿਣ ਲੱਗੇ ਦੇਖੋ ਇਹ ਸਾਰੀ ਕਾਇਨਾਤ ਦੇ ਵਿਚੋਂ ੮੩, ਲੱਖ ੯੯ ਹਜ਼ਾਰ, ੯੯੯ ਜੂਨਾਂ ਜਿਹੜੀਆਂ ਨੇ ਉਨ੍ਹਾਂ ਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਲਗਣਾ, ਇਸ ਕਰਕੇ ਉਨ੍ਹਾਂ ਤੋਂ ਬੇਖਬਰ ਹੋ ਜਾਓ। ਉਨ੍ਹਾਂ ਨੇ ਨਹੀਂ ਟੋਲ੍ਹਣੀ। ਹਾਂ ਜੋ ਮੈਂ ਮਨੁੱਖ ਬਣਾਇਆ ਹੈ ਇਹਨੇ ਛੇਤੀ ਨਾਲ ਟੋਲ੍ਹ ਲੈਣੀ ਹੈ ਤੇ ਮੇਰੇ ਵਿੱਚ ਆ ਰਲਣਾ ਹੈ, ਫੇਰ ਅੱਗੇ ਚਲਣੀ ਨਹੀਂ ਹੈ। ਇਹਨੇ ਕਰਮ ਬੀਜਣੇ ਨਹੀਂ ਹਨ, ਕਰਮਾਂ ਤੋਂ ਬਗੈਰ ਚੱਕਰ ਨਹੀਂ ਚਲਦਾ। ਮੇਰੇ ਵਿੱਚ ਆ ਜਾਏਗਾ। ਸੋ ਇਸ ਤਰ੍ਹਾਂ ਕਰੋ ਇਸ ਮਨੁੱਖ ਦੇ ਅੰਦਰ ਹੀ ਦਬਾ ਦਿਓ ਇਹਨੂੰ।

ਪੁਰਾਣੇ ਮਹਾਤਮਾ ਬੜੇ ਢੰਗ ਦੇ ਨਾਲ ਇਹ ਗੱਲ ਦਸਦੇ ਹੁੰਦੇ ਕਿ 'ਥੇਹ' ਕਿਵੇਂ ਖੋਜੀਦਾ ਹੈ। ਇਸ ਸਰੀਰ ਨੂੰ ਥੇਹ ਕਹਿੰਦੇ ਸੀ। 'ਥੇਹ' ਹੁੰਦਾ ਹੈ ਜਿਥੇ ਉਜੜਿਆ ਹੋਇਆ ਪਿੰਡ ਹੋਵੇ। ਜਿਹੜਾ ਪਿੱਛੇ ਉੱਚਾ ਟਿੱਬਾ ਬਚ ਜਾਵੇ ਉਹਨੂੰ ਲੋਕ ਥੇਹ ਕਹਿੰਦੇ ਨੇ। ਸੋ ਮਹਾਤਮਾ ਦਸਦੇ ਹੁੰਦੇ ਸੀ ਥੇਹ ਨੂੰ ਕਿਵੇਂ ਖੋਜਣਾ ਹੈ। ਕਿਸ ਤਰ੍ਹਾਂ ਦੇ ਨਾਲ ਹੇਠਾਂ ਸੁਰੰਗਾਂ ਲਾਉਣੀਆਂ ਨੇ ਕਿਸ ਤਰ੍ਹਾਂ ਉਥੇ ਪਹੁੰਚਣਾ ਹੈ ਤੇ ਗੁਰੂ ਮਹਾਰਾਜ ਨੇ ਵੀ ਇਸੇ ਆਸ਼ੇ ਨੂੰ ਮੁੱਖ ਰਖ ਕੇ ਫੁਰਮਾਨ ਕੀਤਾ ਹੈ ਕਿ -

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥***
***ਅੰਗ - ੩੦੯***

ਮਹਾਰਾਜ ਨੇ ਦੱਸ ਪਾ ਦਿੱਤੀ ਕਿ ਲਓ ਜੇ ਤੁਸੀਂ ਕੱਢਣਾ ਹੈ ਤਾਂ ਕੱਢ ਲਓ। ਵੱਡਾ ਭਾਰੀ ਖਜ਼ਾਨਾ ਹੈ, ਜਿਹੜੇ ਖਜ਼ਾਨੇ ਦਾ ਕੋਈ ਮੁੱਲ ਹੀ ਨਹੀਂ ਹੈ। ਕੋਈ ਮੁੱਲ ਨਹੀਂ ਹੈ ਇਸ ਖਜ਼ਾਨੇ ਦਾ। ਜੇ ਕੋਈ ਕੱਢ ਸਕਦਾ ਹੈ ਭਾਗਾਂ ਵਾਲਾ ਕੱਢ ਲਓ ਇਸ ਖਜ਼ਾਨੇ ਨੂੰ। ਮਹਾਰਾਜ ਨੇ ਕੋਈ ਗੱਲ ਨਹੀਂ ਛੁਪਾਈ, ਪਰ ਅਸੀਂ ਐਹੋ ਜਿਹੇ ਹਾਂ ਕਿ ਸਾਨੂੰ ਸਮਝ ਨਹੀਂ ਪੈਂਦੀ ਗੱਲ ਦੀ ਕਿ ਮਹਾਰਾਜ ਕਹਿ ਕੀ ਰਹੇ ਨੇ ਮੁੜ-ਮੁੜ ਕੇ ਅਸੀਂ ਹੇਠਾਂ ਨੂੰ ਗਿਰਦੇ ਹਾਂ, ਉਸ ਗੱਲ ਤਕ ਅਸੀਂ ਪਹੁੰਚਦੇ ਹੀ ਨਹੀਂ। ਇਹੀ ਵਜ੍ਹਾ ਹੈ ਕਿ ਅਸੀਂ ਜਨਮ-ਦਰ-ਜਨਮ ਜੰਮ ਪੈਂਦੇ ਹਾਂ, ਮਰ ਜਾਂਦੇ ਹਾਂ; ਜੰਮ ਪੈਂਦੇ ਹਾਂ ਮਰ ਜਾਂਦੇ ਹਾਂ। ਜਾਗੇ ਹੋਏ ਪੁਰਸ਼ ਦੀ ਸੰਗਤ ਤੋਂ ਬਗੈਰ ਨਹੀਂ ਆਦਮੀ ਲੰਘ ਸਕਦਾ। ਇਹ ਫੈਸਲਾ ਹੈ ਗੁਰੂ ਗ੍ਰੰਥ ਸਾਹਿਬ ਜੀ ਦਾ। ਕਿਉਂਕਿ ਇੱਥੇ ਵੀ ਫੁਰਮਾਨ ਕਰਿਆ ਹੈ ਕਿ -

***ਹਰਿ ਅੰਮ੍ਰਿਤ ਬੂੰਦ ਸੁਹਾਵਣੀ***
***ਮਿਲਿ ਸਾਧੂ ਪੀਵਣਹਾਰੁ ॥ ਅੰਗ - ੧੩੪***

ਸਾਧੂਆਂ ਨੂੰ ਮਿਲ ਕੇ ਹੀ ਅੰਮ੍ਰਿਤ ਬੂੰਦ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ। ਸੋ ਮਹਾਰਾਜ ਕਹਿੰਦੇ -

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥***
***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥***
***ਅੰਗ - ੩੦੯***

rare, ਮਹਾਰਾਜ ਨੇ 'ਕੋਈ' ਕਿਹਾ ਹੈ। ਉਹ ਗੁਰਮੁਖ ਦੀ ਸੰਗਤ ਕਰਕੇ, ਉਹਨੂੰ ਪਤਾ ਲੱਗੇਗਾ ਕਿ ਮੈਂ ਕਿਵੇਂ ਖੋਜ ਸਕਦਾ ਹਾਂ ਇਹਨੂੰ। ਸੋ 'ਪਵਿੱਤਰ ਪੈਂਡਾ' ਲੇਖ ਵਿਚ ਸਵਾਮੀ ਜੀ ਨੇ ਰਾਹ ਵੀ ਦੱਸਿਆ ਹੋਇਆ ਹੈ ਕਿ ਕਿਵੇਂ ਇਹਨੂੰ ਖੋਜਣਾ ਹੈ। ਧਿਆਨ ਨਾਲ ਆਤਮ-ਮਾਰਗ ਮੈਗਜ਼ੀਨ ਪੜ੍ਹਿਆ ਕਰੋ, ਇਹਦੇ ਵਿੱਚ ਐਵੇਂ ਹੀ ਲੇਖ ਨਹੀਂ ਆਉਂਦੇ, ਮਨ ਪਰਚਾਵੇ ਦੇ। ਇਹਦੇ ਵਿੱਚ ਇਹੀ ਆਉਂਦਾ ਹੈ ਕਿ ਅਸੀਂ ਜਨਮ ਮਰਨ ਤੋਂ ਕਿਵੇਂ ਛੁਟ ਸਕਦੇ ਹਾਂ। ਜਦੋਂ ਇਹ ਮੈਗਜ਼ੀਨ ਚੱਲਿਆ ਹੈ ਉਸ ਵੇਲੇ ਤੋਂ ਹੀ ਇਹ ਗੱਲ ਚੱਲ ਰਹੀ ਹੈ ਕਿ ਸਾਡਾ ਛੁਟਕਾਰਾ ਕਿਵੇਂ ਹੋ ਸਕਦਾ ਹੈ, ਦੁੱਖਾਂ ਦਾ ਖਾਤਮਾ ਕਿਵੇਂ ਹੋ ਸਕਦਾ ਹੈ। ਉਹਦੇ ਵਿੱਚ ਸਭ ਕੁਛ ਆਉਂਦਾ ਹੈ ਕਿ ਪਿਆਰਿਆ! ਜੇ ਤੂੰ ਅਜੇ ਮੰਗਣ ਦੀ ਸਟੇਜ ਵਿੱਚ ਹੈਂ, ਤਾਂ ਤੇਰੀ ਜਿਹੜੀ ਮੰਗ ਹੈ ਉਹ ਪੂਰੀ ਹੋ ਸਕਦੀ ਹੈ ਪ੍ਰਮੇਸ਼ਰ ਦਾ ਨਾਮ ਜਪ ਕੇ। ਤੇਰੀ ਕੋਈ ਵੀ ਇੱਛਿਆ ਐਸੀ ਨਹੀਂ ਹੈ ਜਿਹੜੀ ਪੂਰੀ ਨਾ ਹੋਵੇ। ਬਾਰ-ਬਾਰ ਜ਼ਿਕਰ ਆਉਂਦਾ ਹੈ ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਇੱਛਾ ਹੋਣ ਸਭੇ ਤੇਰੀਆਂ ਪੂਰੀਆਂ,***
***ਸਤਿਨਾਮ ਜਪ ਕੇ ਵਾਹਿਗੁਰੂ।***

***ਪ੍ਰਭ ਕੈ ਸਿਮਰਨਿ ਪੂਰਨ ਆਸਾ ॥ ਅੰਗ- ੨੬੩***

ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਨੇ। ਬਿਮਾਰੀਆਂ ਹਟ ਜਾਂਦੀਆਂ ਨੇ। ਸੋ ਇਹ ਜੋ ਮੈਗਜ਼ੀਨ ਹੈ 'ਆਤਮ ਮਾਰਗ' ਹੁਣੇ ਕਿਸੇ ਦੀ ਚਿੱਠੀ ਆਈ ਹੈ ਕਿਸੇ ਪ੍ਰੇਮੀ ਨੇ ਮੈਨੂੰ ਕਿ ਉਨ੍ਹਾਂ ਨੇ ਮੈਗਜ਼ੀਨ ਪੜ੍ਹਿਆ ਪੜ੍ਹ ਕੇ ਕਾਫੀ ਮਾਇਆ, ਉਨ੍ਹਾਂ ਨੇ ਭੇਜ ਦਿੱਤੀ ਕਿ ਇਹ ਐਸਾ ਮੈਗਜ਼ੀਨ ਹੈ ਇਹ ਪ੍ਰਭੂ ਨਾਲ ਮਿਲਾਉਂਦਾ ਹੈ। ਕੋਈ ਮਹਾਂਪੁਰਸ਼ ਨੇ ਪਾਉਂਟਾ ਸਾਹਿਬ ਰਹਿੰਦੇ ਨੇ ਉਨ੍ਹਾਂ ਨੇ ਭੇਜੀ ਹੈ। ਬਹੁਤ ਲਗਨ ਵਾਲੇ ਬੰਦਿਆਂ ਦੀਆਂ ਚਿੱਠੀਆਂ ਆਉਂਦੀਆਂ ਨੇ ਕਿ ਸਾਨੂੰ ਰਾਹ ਲੱਭ ਗਿਆ ਇਹਦੇ ਵਿਚੋਂ। ਇਹ ਵੀ ਓਹੀ ਗੱਲ ਕਰਦਾ ਹੈ, ਜਿਹੜੀ ਮੈਂ ਕਰ ਰਿਹਾ ਹਾਂ ਕਿ ਉਹ ਕਿਹੜੀ ਚੀਜ਼ ਹੈ, ਜਿਹਨੂੰ ਪ੍ਰਾਪਤ ਕਰਕੇ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ ਲੋੜ ਨਹੀਂ ਰਹਿੰਦੀ। ਉਹ ਕਿਹੜਾ ਗਿਆਨ ਹੈ ਜਿਹਨੂੰ ਪ੍ਰਾਪਤ ਕਰਕੇ ਕਿਸੇ ਗਿਆਨ ਦੀ ਲੋੜ ਨਹੀਂ ਰਹਿੰਦੀ। ਉਹ ਕਿਹੜਾ ਸੁਖ ਹੈ ਜਿਸਨੂੰ ਪ੍ਰਾਪਤ ਕਰਕੇ ਫੇਰ ਕਿਸੇ ਸੁਖ ਦੀ ਲੋੜ ਨਹੀਂ ਰਹਿੰਦੀ। ਉਹਦੇ ਬਾਰੇ ਇਹਦੇ ਵਿੱਚ ਜਵਾਬ ਆਉਂਦੇ ਨੇ। 'ਚਉਥੇ ਪਹਰਿ ਸਬਾਹ ਕੈ' ਵਿੱਚ ਲਗਾਤਾਰ ਲੇਖ ਚਲਦੇ ਰਹੇ ਨੇ। ਇਹ ਜਿਹੜੀ ਮੈਂ ਗੱਲ ਕਰ ਰਿਹਾ ਹਾਂ,

ਜਿਸਦੇ ਬਾਰੇ ਡਾਕਟਰ ਸਵਾਮੀ ਰਾਮ ਜੀ ਲਿਖ ਰਹੇ ਨੇ। ਜਿਸਦੇ ਬਾਰੇ ਗੁਰੂ ਗ੍ਰੰਥ ਸਾਹਿਬ ਵਿਚੋਂ ਅਨੇਕ ਸੰਕੇਤ ਆਉਂਦੇ ਨੇ। ਉਹ ਦੱਸ ਰਹੇ ਨੇ ਕਿ ਜਿਹੜੇ ਖਜ਼ਾਨੇ ਨੂੰ ਤੂੰ ਟੋਲ੍ਹਣਾ ਹੈ ਨਾ, ਅਮੁੱਲ ਚੀਜ਼ ਪ੍ਰਮੇਸ਼ਰ ਨੇ ਛਿਪਾਈ ਹੋਈ ਹੈ। ਉਹ ਤੇਰੇ ਅੰਦਰ ਹੈ, ਰੱਬ ਨੇ ਅੰਦਰ ਰੱਖ ਦਿੱਤੀ ਕਿ ਇਹਨੇ ਟੱਕਰਾਂ ਮਾਰੀਆਂ ਨੇ ਬਾਹਰ। ਮਾਰਦੇ ਹੀ ਹਾਂ ਆਪਾਂ। ਹਰ ਥਾਂ ਬਾਹਰ-ਬਾਹਰ, ਬਾਹਰ-ਬਾਹਰ; ਅੰਦਰ ਨਹੀਂ ਅਸੀਂ ਖੋਜਦੇ, ਕੋਈ ਵਿਰਲਾ ਹੈ ਜਿਹੜਾ ਅੰਦਰ ਖੋਜਦਾ ਹੈ। ਮਹਾਰਾਜ ਬਾਰ-ਬਾਰ ਸਾਨੂੰ ਸੰਕੇਤ ਦਿੰਦੇ ਨੇ -

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ***
***ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ***
***ਮੁਕਰ ਮਾਹਿ ਜੈਸੇ ਛਾਈ ॥***
***ਤੈਸੇ ਹੀ ਹਰਿ ਬਸੇ ਨਿਰੰਤਰਿ***
***ਘਟ ਹੀ ਖੋਜਹੁ ਭਾਈ ॥ ਅੰਗ - ੬੮੪***

ਆਤਮਾ ਜਿਸਦਾ ਨਾਮ ਆਤਮਾ ਹੈ, ਆਤਮਾ ਪ੍ਰਮਾਤਮਾ, ਬ੍ਰਹਮ, ਪ੍ਰਮੇਸ਼ਰ ਸਤਿ, ਇਹ ਬੜੇ ਨੇੜੇ-ਤੇੜੇ ਦੇ ਨਾਮ ਨੇ, ਥੋੜ੍ਹੀ ਜਿਹੀ ਵਿਆਖਿਆ 'ਚ ਫਰਕ ਹੈ, ਥੋੜ੍ਹਾ-ਥੋੜ੍ਹਾ, ਸਤਿ ਜਿਥੇ ਦੱਸਿਆ ਹੈ ਉਥੇ ਨਿਵਾਸ ਵੀ ਦੱਸਿਆ ਹੈ -

***ਸਚ ਖੰਡਿ ਵਸੈ ਨਿਰੰਕਾਰੁ ॥***
***ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ - ੮***

ਉਹਦੇ 'ਚ ਸੰਕੇਤ ਆਉਂਦੇ ਨੇ ਸਾਰਿਆਂ ਨੂੰ। ਤੁਹਾਨੂੰ ਵੀ, ਮੈਨੂੰ ਵੀ, ਮੈਂ ਜਿਹੜੀ ਬੇਨਤੀ ਕਰੀ ਹੈ ਕਿ ਪ੍ਰਮੇਸ਼ਰ ਨੇ ਕਿਹਾ ਹੈ ਕਿ ਛੁਪਾ ਦਿਓ ਇਸ ਚੀਜ਼ ਨੂੰ। ਇਹਦੇ ਤਕ ਕੋਈ ਪਹੁੰਚ ਨਾ ਸਕੇ ਕਿਉਂਕਿ ਜੋ ਮੈਂ ਰਚਨਾ ਰਚੀ ਹੈ ਉਹਦੇ ਵਿੱਚ ਜੋ ਸਾਰਿਆਂ ਤੋਂ ਕੀਮਤੀ ਚੀਜ਼ ਹੈ ਉਹ ਇਹ ਹੈ, ਇਹਨੂੰ ਛੁਪਾ ਦਿਓ, ਇਹ ਛੇਤੀ ਨਾਲ ਕਿਸੇ ਦੇ ਹੱਥ ਵਿੱਚ ਨਾ ਆ ਸਕੇ ਕਿਸੇ ਦੇ। ਬੜੇ ਸੰਕੇਤ ਨੇ, ਬੜੇ ਤਰੀਕੇ ਦੇ ਨਾਲ ਦੱਸਿਆ ਜਾਂਦਾ ਹੈ, ਇਹੀ ਗੱਲ ਹਿੰਦੂਆਂ ਦੇ ਵਿੱਚ ਬਹੁਤ ਤਰੀਕੇ ਦੇ ਨਾਲ ਦੱਸੀ ਗਈ ਹੈ। ਪਰ ਇਹ ਹੈ ਕਿ ਕਦਰਦਾਨ ਨਾ ਹੋਣ ਕਰਕੇ ਸਾਨੂੰ ਪਤਾ ਨਹੀਂ ਲਗਦਾ। ਗੱਲ ਅਸੀਂ ਸੁਣ ਲੈਂਦੇ ਹਾਂ, ਲੇਕਿਨ ਨਹੀਂ ਪਤਾ ਲਗਦਾ ਕਿ ਇੱਥੇ ਤਕ ਪਹੁੰਚੀਏ ਕਿਵੇਂ। ਬਹੁਤ ਵਾਰੀ ਇਹ ਦੱਸਿਆ ਜਾਂਦਾ ਹੈ ਕਿ ਪਿਆਰਿਓ! ਗੁਰੂ ਤੋਂ ਬਗੈਰ ਇਹ ਪ੍ਰਾਪਤੀ ਨਹੀਂ ਹੋਣੀ। ਕੋਈ ਘਰ ਦਾ ਭੇਤੀ ਚਾਹੀਦਾ ਹੈ ਜਿਹੜਾ ਇਹ ਦੱਸੀ ਜਾਵੇ ਛੇਤੀ ਦੇ ਕੇ। ਇੱਕ ਵਾਰੀ ਅਖਬਾਰਾਂ 'ਚ ਨਿਕਲਿਆ ਕਿ ਜੈਪੁਰ ਦੇ ਰਾਜੇ ਨੇ ਅਰਬਾਂ-ਖਰਬਾਂ ਖਜ਼ਾਨਾ ਛੁਪਾ ਕੇ ਰੱਖਿਆ ਹੋਇਆ ਹੈ। ਇੰਦਰਾਂ ਗਾਂਧੀ ਦਾ ਰਾਜ ਸੀ ਜਦ, ਉਸੇ ਵੇਲੇ ਤਲਾਸ਼ ਸ਼ੁਰੂ ਹੋ ਗਈ ਕਿ ਉਹ ਖਾਨਦਾਨ ਦੇਖੋ, ਜਿਹੜੇ ਖਜ਼ਾਨਚੀ ਹੋਇਆ ਕਰਦੇ ਸੀ ਰਾਜਪੂਤ ਰਾਜਿਆਂ ਦੇ, ਅਰ ਉਹ ਮਰ ਜਾਂਦੇ ਸੀ, ਭੇਤ ਨਹੀਂ ਸੀ ਕਦੇ ਦਿੰਦੇ, ਨਾ ਚਾਬੀ ਦਿੰਦੇ ਸੀ। ਕਿੰਨਾ ਹੀ ਕੋਈ ਜ਼ੋਰ ਲਾ ਲਵੇ, ਕਿੰਨਾਂ ਹੀ ਕੋਈ ਤਸੀਹੇ ਦੇ ਲਵੇ, ਨਹੀਂ ਦਿੰਦੇ ਸੀ। ਰਾਣਾ ਪ੍ਰਤਾਪ ਦੇ ਉਪਰ ਜਦੋਂ ਸੰਕਟ ਪਿਆ, ਉਸ ਵੇਲੇ ਇੱਕ ਪ੍ਰੇਮੀ ਆਇਆ ਉਹਨੇ ਉਸਦੀ help ਕਰੀ ਕਿ ਮੈਂ ਤੇਰੀ ਮਦਦ ਕਰ ਦਿੰਦਾ ਹਾਂ ਕਿਉਂਕਿ ਤੂੰ ਨੇਕ ਕੰਮ ਕਰਿਆ ਹੈ। ਇਨ੍ਹਾਂ ਨੇ ਨਕਸ਼ੇ ਪ੍ਰਾਪਤ ਕੀਤੇ, ਇੱਕ ਸੁਰੰਗ ਸੀ ਉਥੇ, ਉਹ ਸੁਰੰਗ ਇੱਥੇ ਹੇਠਾਂ ਸਰੋਵਰ ਹੈ ਪਹਾੜੀ ਦੀ ਜੜ੍ਹ ਵਿੱਚ, ਉਹਦੇ ਉਪਰ ਇੱਕ ਮਕਾਨ ਬਣਿਆ ਹੋਇਆ ਹੈ, ਉਥੇ ਜਾਂਦੀ ਹੈ। ਉਹਦੇ ਵਿੱਚ ਕਹਿੰਦੇ ਸੀ ਛੁਪਿਆ ਹੋਇਆ ਹੈ ਬੜੀ ਪੁਟਾਈ ਸ਼ੁਰੂ ਹੋਈ, gas mask ਪਾ ਲੈਂਦੇ ਨੇ, ਪੁੱਟਦੇ ਚਲੀ ਜਾਂਦੇ ਨੇ, ਦਰਵਾਜ਼ੇ ਆਈ ਜਾਂਦੇ ਨੇ, ਕੁਛ ਥਹੁ ਨਹੀਂ ਲਗਦਾ ਕਿ ਕਿੱਧਰ ਨੂੰ ਜਾਈਏ, ਕਿੱਧਰ ਨੂੰ ਨਾ ਜਾਈਏ। ਉਹ ਜਿਹੜੇ expert ਸੀ ਉਹ ਵੀ ਜ਼ੋਰ ਲਾਈ ਜਾਂਦੇ ਨੇ, ਖਜ਼ਾਨਾ ਮਿਲਿਆ ਕਿ ਨਹੀਂ ਮਿਲਿਆ ਉਹ ਵਾਹਿਗੁਰੂ ਜਾਣਦਾ ਹੈ ਕਿਉਂਕਿ ਉੱਘ-ਸੁੱਘ ਹੀ ਨਹੀਂ ਨਿਕਲੀ ਉਸ ਚੀਜ਼ ਦੀ। ਇਸੇ ਹੀ ਤਰ੍ਹਾਂ ਦੇ ਨਾਲ ਇਹ ਖਜ਼ਾਨਾ ਸਾਡੇ ਅੰਦਰ ਪਿਆ ਹੈ ਇੱਕ ਬਹੁਤ ਕੀਮਤੀ, ਜਿਹਦੀ ਦੁਨੀਆਂ ਦੇ ਵਿੱਚ ਕੋਈ ਵੀ ਕੀਮਤ ਨਹੀਂ ਪੈ ਸਕਦੀ। ਜਿਸਨੂੰ ਪ੍ਰਾਪਤ ਕਰਕੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਜਨਮ-ਮਰਣ ਦਾ ਚੱਕਰ ਖਤਮ ਹੋ ਜਾਂਦਾ ਹੈ। ਉਸਦੀ ਤਲਾਸ਼ ਵਿੱਚ ਜਿੰਨੇ ਮੰਦਰ ਮਸਜਿਦ ਗੁਰਦੁਆਰੇ, ਗਿਰਜੇ ਹੋਰ ਧਾਰਮਿਕ ਅਸਥਾਨ ਬਣੇ ਨੇ, ਉਹ ਇਸ ਵਾਸਤੇ ਬਣੇ ਨੇ ਕਿ ਉਹਦੀ ਦੱਸ ਪਾਈ ਜਾਣ ਪਰ ਕਿਸੇ ਨੂੰ ਪਤਾ ਨਹੀਂ ਹੈ, ਦੱਸ ਪਾਉਣ ਵਾਲੇ ਨੂੰ ਵੀ ਪਤਾ ਨਹੀਂ। ਟੋਲ੍ਹਣ ਵਾਲੇ ਤਾਂ ਟੋਲ੍ਹਦੇ ਹੀ ਨੇ ਕਹਿੰਦੇ ਕੀ ਐਵੇਂ ਖਪਣਾ ਹੈ, ਲੱਭਣਾ ਹੈ ਇਸਨੂੰ, ਮਹਾਰਾਜ ਕਹੀ ਜਾਂਦੇ ਨੇ ਕਿ -

***ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥***
***ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ ਅੰਗ- ੧੦੨***

ਥੋੜ੍ਹੇ ਜਿਹੇ ਥਾਂ 'ਚ ਹੀ ਹੈ, ਉਹ ਟੋਲ੍ਹ ਲੈ ਪ੍ਰਮੇਸ਼ਰ ਨੇ ਜੋ ਛੁਪਾਈ ਹੋਈ ਚੀਜ਼ ਹੈ, ਬਾਹਰ ਨਾ ਜਾ -

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ***
***ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ***
***ਮੁਕਰ ਮਾਹਿ ਜੈਸੇ ਛਾਈ ॥***
***ਤੈਸੇ ਹੀ ਹਰਿ ਬਸੇ ਨਿਰੰਤਰਿ***
***ਘਟ ਹੀ ਖੋਜਹੁ ਭਾਈ ॥ ਅੰਗ - ੬੮੪***

ਜਿਵੇਂ ਸ਼ੀਸੇ ਵਿੱਚ ਪਰਛਾਵਾਂ ਹੁੰਦਾ ਹੈ, ਖੁਸ਼ਬੂ ਹੁੰਦੀ ਹੈ ਫੁੱਲ ਵਿੱਚ ਇਸੇ ਤਰ੍ਹਾਂ ਤੇਰੇ ਅੰਦਰ ਛੁਪੀ ਹੋਈ ਚੀਜ਼ ਹੈ ਪ੍ਰਭੂ, ਆਤਮਾ, ਉਹਨੂੰ ਖੋਜ। ਇੱਕ ਲਗਾਤਾਰ ਲੇਖ ਆਇਆ ਹੈ 'ਆਤਮ ਮਾਰਗ' ਵਿੱਚ 'ਕਿਵ ਸਚਿਆਰਾ ਹੋਈਐ', ਪੁਸਤਕਾਂ ਵੀ ਛਪੀਆਂ ਨੇ, ਉਹ ਪੁਸਤਕਾਂ ਇਸੇ ਗੱਲ ਦੇ ਉਤੇ ਹਨ ਕਿ ਖਜ਼ਾਨਾਂ ਕਿਵੇਂ ਟੋਲ੍ਹਿਆ ਜਾਵੇ। ਬੜੀ ਸੁਖਾਲੀ ਬੋਲੀ 'ਚ ਹੈ। ਬਹੁਤ ਸਾਰੇ ਅਲੰਕਾਰ ਦੱਸ-ਦੱਸ ਕੇ ਉਹਦੇ ਵਿੱਚ ਦੱਸਿਆ ਹੋਇਆ ਹੈ। ਏਸੇ ਖਜ਼ਾਨੇ ਬਾਰੇ ਹੈ, ਆਤਮਾ ਬਾਰੇ। ਸੋ ਇਹਦੀ ਖੋਜ ਨਾ ਕਰਨ ਕਰਕੇ, ਅਸੀਂ ਭਟਕਦੇ ਫਿਰਦੇ ਹਾਂ, ਦੁੱਖਾਂ 'ਚ ਫਿਰਦੇ ਹਾਂ। ਅਸੀਂ ਬਾਹਰ ਟੋਲ੍ਹਦੇ ਹਾਂ, ਮਹਾਰਾਜ ਕਹਿੰਦੇ ਜਿਹੜਾ ਬਾਹਰ ਟੋਲ੍ਹਦਾ ਹੈ, ਉਹਦੇ ਪੱਲੇ ਕੁਛ ਨਹੀਂ ਪੈਂਦਾ। ਕਬੀਰ ਸਾਹਿਬ ਕਹਿੰਦੇ ਨੇ ਕਿ ਮੈਨੂੰ ਕਹਿਣ ਲੱਗੇ ਇਸਲਾਮ ਵਾਲੇ ਕਿ ਕਬੀਰ ਜੇ ਤੂੰ ਬਚਪਨ ਤੋਂ ਹੀ ਬੰਦਗੀ ਕਰ ਰਿਹਾ ਹੈਂ ਜੇ ਤੂੰ ਰੱਬ ਦੇ ਦੀਦਾਰ ਕਰਨੇ ਨੇ ਤਾਂ ਅਸੀਂ ਹੱਜ ਜਾ ਰਹੇ ਹਾਂ, ਕਾਹਬੇ 'ਚ। ਉਥੇ ਅਸੀਂ

ਦੀਦਾਰ ਕਰਕੇ ਆਉਣੇ ਨੇ ਅੱਲਾਹ ਦੇ। ਤੂੰ ਵੀ ਸਾਡੇ ਨਾਲ ਚੱਲ। ਉਹ ਕਹਿੰਦਾ ਨਹੀਂ।

ਉਹ ਕਹਿੰਦੇ ਨਹੀਂ ਕਬੀਰ ਰੱਬ ਤਾਂ ਉਥੇ ਹੀ ਰਹਿੰਦਾ ਹੈ। ਅਖੀਰ ਕਬੀਰ ਸਾਹਿਬ ਕਹਿੰਦੇ ਕਿ ਮੈਂ ਚੱਲ ਪੈਂਦਾ ਹਾਂ। ਅਜੇ ਘਰ ਤੋਂ ਬਾਹਰ ਹੀ ਨਿਕਲਿਆ ਸੀ, ਉਸੇ ਵੇਲੇ ਅੱਲਾਹ ਆ ਗਿਆ। ਅਰ ਮੇਰੇ ਨਾਲ ਬੱਧੋ-ਬੱਧੀ ਲੜ ਪਿਆ। ਮੈਨੂੰ ਕਹਿੰਦੇ ਤੈਨੂੰ ਕੀਹਨੇ ਦੱਸੀ ਹੈ ਇਹ ਗੱਲ? ਕੌਣ ਕਮਲਾ ਹੈ ਜਿਹੜਾ ਇਹ ਗੱਲ ਤੈਨੂੰ ਦਸਦਾ ਹੈ ਕਿ ਮੈਂ ਕਿਸੇ ਥਾਂ ਦੇ ਉਤੇ ਬੈਠਾ ਹਾਂ। ਤਲਾਸ਼ ਹੈ, ਅਸੀਂ ਵੀ ਤਲਾਸ਼ ਕਰਦੇ ਹਾਂ ਕਿ ਅਸੀਂ ਵੀ ਹੇਮਕੁੰਟ ਸਾਹਿਬ ਨੂੰ ਜਾਂਦੇ ਹਾਂ, ਤਲਾਸ਼ ਕਰਨ ਲਈ ਕਿ ਉਥੇ ਗੁਰੂ ਦਸਵੇਂ ਪਾਤਸ਼ਾਹ ਦੇ ਦਰਸ਼ਨ ਹੋਣਗੇ। ਕਈ ਪ੍ਰੇਮੀ ਕਹਾਣੀਆਂ ਬਣਾਉਂਦੇ ਨੇ ਕਿ ਮੈਨੂੰ ਦਰਸ਼ਨ ਹੋਏ, ਕਈ ਕਹਿੰਦੇ ਨੇ ਕਿ ਹਜ਼ੂਰ ਸਾਹਿਬ ਗਏ ਉਥੇ ਦਰਸ਼ਨ ਹੋਏ, ਅੰਮ੍ਰਿਤਸਰ ਗਏ ਉਥੇ ਦਰਸ਼ਨ ਹੋਏ। ਬਾਣੀ ਕਹਿੰਦੀ ਨਹੀਂ-ਨਹੀਂ ਤੁਸੀਂ ਅੰਦਰ ਟੋਲ੍ਹੋ। ਇਹ ਦਰਸ਼ਨ ਭ੍ਰਾਂਤੀ ਹੈ, ਤੁਹਾਡੀ ਭਾਵਨਾ ਹੈ ਜੇ ਅਸਲੀ ਚੀਜ਼ ਟੋਲ੍ਹਣੀ ਹੈ ਤਾਂ ਅੰਦਰ ਟੋਲ੍ਹੋ। ਸੋ ਮਹਾਰਾਜ ਕਹਿੰਦੇ ਤੇਰੇ ਅੰਦਰ ਹੈ ਪਿਆਰਿਆ!

***ਬਾਹਰਿ ਭੀਤਰਿ ਏਕੋ ਜਾਨਹੁ***
***ਇਹੁ ਗੁਰ ਗਿਆਨੁ ਬਤਾਈ ॥***
***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪***

ਸੋ ਇਹਦੇ ਵਿੱਚ ਵੀ ਮਹਾਰਾਜ ਫੁਰਮਾਨ ਕਰ ਰਹੇ ਨੇ ਕਿ ਤੇਰੇ ਅੰਦਰ ਹੈ ਸਭ ਕੁਛ ਤੇ ਇਨ੍ਹਾਂ ਦੇਵਤਿਆਂ ਨੇ ਪ੍ਰਮੇਸ਼ਰ ਦੀ ਗੱਲ ਮੰਨ ਕੇ ਇਹ ਆਤਮਾ ਸਰੀਰ ਦੇ ਵਿੱਚ ਰਖ ਦਿੱਤੀ। ਇਹ ਪ੍ਰਤੀਕ ਹੈ ਗੱਲ ਕਰਨ ਦਾ। ਗੱਲ ਸਮਝਾਉਣ ਵਾਸਤੇ ਉਹ ਬੋਲੀ ਬੋਲੀ ਗਈ ਹੈ, ਉਹ ਮਿਸਾਲ ਦਿੱਤੀ ਗਈ ਹੈ ਜਿਹੜੀ ਆਪਾਂ ਨੂੰ ਸਮਝ ਆ ਜਾਵੇ। ਲੇਕਿਨ ਪੂਰੀ ਨਹੀਂ ਹੈ ਇਹ। ਉਹ ਕਹਿੰਦੇ, ਮਹਾਰਾਜ! ਹੁਣ ਢਕੀਏ ਕਾਹਦੇ ਨਾਲ। ਇਹ ਵੀ ਦੱਸ ਦਿਓ। ਇਥੇ ਕਿਹੜੀ ਚੀਜ਼ ਨਾਲ ਇਹਨੂੰ ਢਕੀਏ। ਧਿਆਨ ਨਾਲ ਸੁਣੋ। ਉਹ ਕਹਿੰਦੇ ਪਹਿਲਾਂ ਨਾ ਤੁਸੀਂ ਇਹਦੇ ਉਤੇ, ਐਉਂ ਕਰੋ ਹਉਮੈ ਦੀਆਂ ਜਿਹੜੀਆਂ ਪਲੇਟਾਂ ਪਈਆਂ ਨੇ ਨਾ ਵੱਡੀਆਂ-ਵੱਡੀਆਂ ਸ਼ੀਟਾਂ। ਇਹ ਦੇਣੀਆਂ ਸ਼ੁਰੂ ਕਰ ਦਿਓ ਇਹਦੇ ਉਤੇ। ਕਹਿੰਦੇ ਜੇ ਬਾਕੀ ਦੇ ਪੁੱਟ ਵੀ ਲਏ, ਹਉਮੈ ਤੋਂ ਅੱਗੇ ਨਹੀਂ ਇਸ ਤੋਂ ਲੰਘ ਹੋਣਾ। ਇਸੇ ਕਰਕੇ ਕਹਿੰਦੇ ਪਹਿਲਾਂ ਹਉਮੈ ਨਾਲ ਢਕੋ ਇਹਨੂੰ। ਕਹਿੰਦੇ ਫੇਰ ਇਹਦੇ 'ਚ ਵਾਸ਼ਨਾਵਾਂ ਪਾਓ। ਵਾਸ਼ਨਾਵਾਂ ਦੇ ਨਾਲ ਢਕੋ। ਫੇਰ ਇਹਦੇ ਵਿੱਚ ਆਸ਼ਾਵਾਂ ਪਾਓ, ਅੰਦੇਸ਼ੇ ਪਾਓ, ਫੇਰ ਇਹਦੇ ਵਿੱਚ ਭੋਗਾਂ ਦਾ ਰਸ ਪਾਓ। ਉਹਦੇ ਨਾਲ ਢਕੋ। ਫੇਰ ਇਹਦੇ ਵਿੱਚ ਅਗਿਆਨ ਦਾ ਹਨ੍ਹੇਰਾ ਕਰ ਦਿਓ। ਫੇਰ ਇਹਦੇ ਉਤੇ ਮਾਇਆ ਦਾ ਜਾਲ ਪਾ ਦਿਓ। ਕਿਹੜਾ ਵਲੀ ਹੈ ਜਿਹੜਾ ਐਨਾ ਕੁਛ ਪੁੱਟ ਲਊਗਾ, ਬੜਾ ਹੀ ਮੁਸ਼ਕਲ ਹੈ। ਮਹਾਰਾਜ ਕਹਿੰਦੇ ਇਹ ਤਾਂ ਬੰਦਾ ਬੜੀ ਹਿੰਮਤ ਨਾਲ 83 ਲੱਖ 99 ਹਜ਼ਾਰ, 999 ਜੂਨਾਂ ਦਾ ਚੱਕਰ ਕੱਟ ਕੇ ਪਹੁੰਚਿਆ ਸੀ, ਮਨੁੱਖਾ ਜਨਮ ਦੇ ਅੰਦਰ ਤੇ ਇਹਨੂੰ ਇੱਕ ਗੁਰਮੰਤਰ ਦਿੱਤਾ ਗਿਆ ਸੀ, ਨਾਮ। ਬਈ ਇਹ ਨਾਮ ਜਪ ਕੇ ਤੂੰ ਕੱਢ ਲਏਂਗਾ ਉਹਨੂੰ, ਖੋਜ ਲਏਂਗਾ ਜਿਹੜਾ ਤੇਰੇ ਅੰਦਰ ਪਿਆ ਹੈ। ਪਰ ਹੋਇਆ ਕੀ ਜਾਲ ਪੈ ਗਿਆ -

***ਧਾਰਨਾ - ਬੰਦਾ ਨਾਮ ਦੇ ਜਪਣ ਨੂੰ ਆਇਆ,***
***ਮਾਇਆ ਵਾਲਾ ਜਾਲ ਪੈ ਗਿਆ।***
***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥***
***ਗਰਭ ਕੁੰਟ ਮਹਿ ਉਰਧ ਤਪ ਕਰਤੇ ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥***
***ਉਰਝਿ ਪਰੇ ਜੋ ਛੋਡਿ ਛਡਾਨਾ ॥***
***ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ - ੨੫੧***

ਬੜਾ ਲੰਮਾ ਚੱਕਰ ਕੱਟ ਕੇ ਆਇਆ ਸੀ ਕਿ ਮੈਂ ਪ੍ਰਮੇਸ਼ਰ ਨੂੰ ਮਿਲਣਾ ਹੈ। ਤੈਨੂੰ ਗਿਆਨ ਕਿੱਥੋਂ ਹੋਇਆ? ਜਦੋਂ ਮਾਤਾ ਦੇ ਪੇਟ ਵਿੱਚ ਪੁੱਠਾ ਲਟਕਦਾ ਹੈ ਉਸ ਵੇਲੇ ਇਸਦੀ ਸੁਰਤੀ ਸੁਖਮਨਾ ਨਾੜੀ 'ਚ ਹੁੰਦੀ ਹੈ -

***ਇੜਾ ਪਿੰਗੁਲਾ ਅਉਰ ਸੁਖਮਨਾ***
***ਤੀਨਿ ਬਸਹਿ ਇਕ ਠਾਈ ॥ ਅੰਗ - ੯੭੪***

ਉਹ ਦਸਵੇਂ ਦੁਆਰ ਨਾਲ ਜੁੜੀ ਹੁੰਦੀ ਹੈ। ਦਸਵੇਂ ਦੁਆਰ 'ਚ all knowledge ਹੈ, ਸਭ ਕੁਛ ਜਾਣਦਾ ਹੈ ਜਿਸਦੀ ਬਿਰਤੀ ਉਥੇ ਚਲੀ ਜਾਵੇ। ਉਥੇ ਇਹਨੂੰ ਸਾਰਾ ਤਜਰਬਾ ਹੋ ਗਿਆ ਕਿ ਮੈਂ ਤਾਂ ਜਨਮ ਬਿਰਥੇ ਗਵਾ ਲਏ, ਇੱਕ ਦੋ ਚਾਰ ਨਹੀਂ, ਲੱਖਾਂ ਨਹੀਂ, ਕਰੋੜਾਂ ਅਰਬਾਂ, ਖਰਬਾਂ ਜਨਮ ਮੈਂ ਬਿਰਥੇ ਗੁਆ ਬੈਠਿਆ ਹਾਂ। ਹੁਣ ਮੈਨੂੰ ਮੌਕਾ ਮਿਲ ਰਿਹਾ ਹੈ ਮਨੁੱਖਾਂ ਜਨਮ ਦਾ। ਹੁਣ ਮੈਂ ਨਾਮ ਜਪਣਾ ਹੈ, ਹੋਰ ਕੁਛ ਨਹੀਂ ਕਰਨਾ। ਬਾਰ-ਬਾਰ ਇਹ ਧਾਰਨਾ ਕਰਦਾ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਹੁਣ ਮੈਨੂੰ ਕੱਢ ਲੈ ਇੱਥੋਂ ਤੇ ਮੈਂ ਬੜਾ ਕਸੂਤਾ ਫਸ ਗਿਆ। ਮੇਰਾ ਸਿਰ ਹੇਠਾਂ ਨੂੰ ਹੈ, ਪੈਰ ਮੇਰੇ ਉਪਰ ਨੂੰ ਨੇ, ਤੋਰੀ ਵਾਂਗੂੰ ਮੈਂ ਲਟਕਦਾ ਹਾਂ। ਹੁਣ ਮੈਂ ਸਮਝ ਗਿਆ। ਹੁਣ ਨਹੀਂ ਮੈਂ ਕੋਈ ਕਸਰ ਛੱਡਣੀ, ਹੁਣ ਮੈਂ ਨਾਮ ਜਪਾਂਗਾ। ਅਰ ਉਸ ਖਜ਼ਾਨੇ ਨੂੰ ਭਾਲ ਲਵਾਂਗਾ ਜਿਹੜਾ ਮੇਰੇ ਅੰਦਰ ਛੁਪਾ ਦਿਤਾ ਗਿਆ। ਜਿਹਨੂੰ ਮਿਲ ਕੇ ਅਮਰ ਹੋ ਜਾਈਦਾ ਹੈ, ਮੁੜ ਕੇ ਜੰਮਣ ਮਰਨ ਤੋਂ ਛੁਟਕਾਰਾ ਮਿਲ ਜਾਂਦਾ ਹੈ। ਮਹਾਰਾਜ ਕਹਿੰਦੇ, ਆਇਆ ਤਾਂ ਇਵੇਂ ਹੀ ਸੀ। ਮਹਾਂਪੁਰਸ਼ ਹੋਰ ਵੀ ਅਗਾਹਾਂ ਦਸਦੇ ਨੇ ਕਿ ਇਹਨੇ ਲੰਗੜੀ ਜਮਾਨਤ ਦਿਤੀ। ਇਹਦੀ ਜਮਾਨਤ ਨਾ ਦਿੱਤੀ ਕਿਸੇ ਨੇ। ਪ੍ਰਮੇਸ਼ਰ ਨੇ ਕਿਹਾ ਕੋਈ ਜਾਮਨ ਲਿਆਓ। ਪੰਜ ਤੱਤ ਤੇਰੇ ਨਾਲ ਨੇ, ਪੰਜਾਂ ਤੱਤਾਂ ਚੋਂ ਕੋਈ ਜਾਮਨ ਲਿਆ। ਆਕਾਸ਼ ਕਹਿੰਦਾ ਮੇਰਾ ਤਾਂ ਵਜੂਦ ਹੀ ਨਹੀਂ, ਅੱਗ ਨੇ ਕਿਹਾ ਕਿ ਤੂੰ ਤਾਂ ਮੇਰੇ ਤੋਂ ਡਰਦਾ ਹੈਂ। ਮਿੱਟੀ ਨੇ ਕਿਹਾ ਕਿ ਤੂੰ ਮੈਨੂੰ ਪਸੰਦ ਨਹੀਂ ਕਰਦਾ। ਹਵਾ ਕਹਿਣ ਲੱਗੀ ਕਿ ਤੇਰੀ ਮੇਰੀ ਕੋਈ ਸਾਂਝ ਹੀ ਨਹੀਂ। ਪਾਣੀ ਰਹਿ ਗਿਆ ਉਹਦੀਆਂ ਮਿੰਨਤਾਂ ਕਰਦਾ ਹੈ ਕਿ ਹੇ ਵਰੁਣ ਦੇਵਤਾ! ਤੂੰ ਮੇਰੇ ਉਪਰ ਕ੍ਰਿਪਾ ਕਰ, ਮੇਰੀ ਜ਼ਮਾਨਤ ਦੇ ਦੇ। ਮੇਰੀ ਜ਼ਮਾਨਤ ਕਾਹਦੀ ਦੇਈਏ, ਤੂੰ ਝੂਠਾ ਹੈਂ। ਸਾਨੂੰ ਸ਼ਰਮਿੰਦੇ ਹੋਣਾ ਪੈਂਦਾ ਹੈ, ਹਰ ਵਕਤ ਤੇਰੀ ਜ਼ਮਾਨਤ ਦੇ ਕੇ ਤੇ ਤੂੰ ਉਹ ਕੰਮ ਨਹੀਂ ਕਰਦਾ ਜਿਹੜਾ ਕਰਨ ਵਾਸਤੇ ਆਇਆ ਹੈਂ। ਅਖੀਰ ਤਰਲੇ ਲਏ, ਪ੍ਰਮੇਸ਼ਰ ਨੂੰ ਕਹਿਣ ਲੱਗਿਆ, ਦੇਖੋ ਮਹਾਰਾਜ! ਤੁਸੀਂ ਵੀ ਜਾਣਦੇ ਓਂ, ਮੈਂ ਵੀ ਜਾਣਦਾ ਹਾਂ ਕਿ ਇਹ ਆਦਮੀ ਇਤਬਾਰ ਕਰਨ ਵਾਲਾ ਨਹੀਂ ਹੈ, ਝੂਠਾ ਹੈ।

***ਬਚਨ ਕਰੇ ਤੇ ਖਿਸਕ ਜਾਏ ਬੋਲੇ ਸਭ ਕੱਚਾ।***

ਇੱਕ ਨੰਬਰ ਦਾ ਕੱਚਾ ਹੈ ਇਹ। ਇਹਦੀ ਜ਼ਮਾਨਤ ਕਾਹਦੀ ਦੇਈਏ। ਇਹਨੇ ਤਾਂ ਹੁਣ ਛੁਪ ਜਾਣਾ ਹੈ, ਤੇ 'ਨੈਂ ਲੰਘੀ ਖੁਆਜਾ ਵਿਸਰਿਆ' ਵਾਲੀ ਗੱਲ ਹੋਣੀ ਹੈ।

ਇੱਕ ਕੋਈ ਬੰਦਾ ਖਜੂਰ ਦੇ ਦਰਖਤ 'ਤੇ ਚੜ੍ਹ ਗਿਆ। ਲੱਤਾਂ ਕੰਬਣ ਲਗ ਗਈਆਂ, ਸਾਹ ਚੜ੍ਹ ਗਿਆ, ਬਈ ਕਹਿੰਦਾ ਹੁਣ ਨਹੀਂ ਬਚਦਾ ਹੁਣ ਤਾਂ ਕਿਸੇ ਦੇਵੀ ਦੇਵਤੇ ਦੀ ਮਦਦ ਲਈਏ। ਅਖੀਰ ਦੇਵੀ ਦੀ ਮਦਦ ਮੰਗ ਲਈ ਕਹਿੰਦਾ ਹੇ ਦੇਵੀ ਮਾਤਾ! ਮੈਂ 25 ਰੁਪਈਏ ਦਾ ਪ੍ਰਸ਼ਾਦ ਚੜ੍ਹਾਵਾਂਗਾ, ਮੈਨੂੰ ਸਹੀ ਸਲਾਮਤ ਥੱਲੇ ਲਾਹ ਦੇ। ਉਨ੍ਹਾ ਦਿਨਾਂ 'ਚ ਇੱਕ ਰੁਪਏ ਦਾ 20 ਛਟਾਂਕ ਘਿਉ ਆਉਂਦਾ ਹੁੰਦਾ ਸੀ। ਅੱਧ ਤੱਕ ਆ ਗਿਆ ਕਿ 25 ਰੁਪਏ ਦਾ ਤਾਂ ਬਹੁਤ ਆ ਜਾਏਗਾ। 30 ਕਿਲੋ ਤਾਂ ਘਿਉ ਹੀ ਆ ਜਾਏਗਾ, ਫੇਰ 30 ਕਿਲੋ ਉਹਦੇ ਵਿਚ ਆਟਾ ਪਏਗਾ, 30 ਕਿਲੋ ਖੰਡ ਪਏਗੀ ਤੇ 120 ਕਿਲੋ ਇਹਦੇ ਵਿਚ ਪਾਣੀ ਪਏਗਾ, ਇਹ ਤਾਂ ਦੋ ਕੁਇੰਟਲ ਤੋਂ ਵੀ ਉਪਰ ਟੱਪ ਗਿਆ। ਅੱਜ ਤਕ ਕਰਿਆ ਹੈ ਕਿਸੇ ਨੇ ਐਨਾ ਪ੍ਰਸ਼ਾਦ? ਕਹਿੰਦਾ, ਅੱਧਾ ਬਥੇਰਾ ਹੈ। ਪਹਿਲੇ ਜ਼ਮਾਨਿਆਂ 'ਚ ਪ੍ਰਸ਼ਾਦ ਸਵਾ ਰੁਪਏ ਦਾ ਹੁੰਦਾ ਹੈ। ਚੌਥਾ ਹਿੱਸਾ ਹੋਰ ਲੰਘ ਆਇਆ, ਕਹਿਣ ਲੱਗਿਆ ਇਹ ਵੀ ਜ਼ਿਆਦਾ ਹੈ ਸਵਾ ਛੇ ਦਾ ਕਰਾ ਦੇਵਾਂਗੇ। ਹੋਰ ਦੋ ਕਦਮਾਂ ਉਤਰ ਆਇਆ ਕਹਿੰਦਾ ਪੰਜ ਰੁਪਏ ਦਾ ਕਰਾ ਦੇਵਾਂਗੇ। ਹੋਰ ਥੱਲੇ ਆ ਕੇ ਕਹਿੰਦਾ ਢਾਈ ਰੁਪਏ ਬਹੁਤ ਹੈ। ਜਦ ਰਹਿ ਗਿਆ ਪੰਜ ਸੱਤ ਕਦਮ, ਦੋ ਤਿੰਨ ਕਦਮ ਹੋਰ ਥੱਲੇ ਉਤਰ ਆਇਆ, ਕਹਿੰਦਾ ਸਵਾ ਦਾ ਕਰਾਉਂਦੀ ਹੈ ਦੁਨੀਆਂ, ਸਵਾ ਦਾ ਪ੍ਰਸ਼ਾਦ ਕਿਤੇ ਥੋੜ੍ਹਾ ਹੈ। ਉਸ ਤੋਂ ਬਾਅਦ ਹੋਰ ਥੱਲੇ ਉਤਰ ਆਇਆ। ਸਮਝ ਲਓ ਕਿ ਪੰਜ ਛੇ ਫੁੱਟ ਉੱਚਾ ਰਹਿ ਗਿਆ। ਥਾਉਂ ਸੀ ਹੇਠਾਂ ਵਾਹਿਆ ਹੋਇਆ। ਹੰਭਲਾ ਮਾਰ ਕੇ ਛਾਲ ਮਾਰੀ, ਕਹਿੰਦਾ ਲੈ ਨਾ ਆਪਾਂ ਮੁੜ ਕੇ ਤੇਰੇ 'ਤੇ ਚੜ੍ਹੀਏ, ਨਾ ਪ੍ਰਸ਼ਾਦ ਕਰਾਈਏ। ਇਹ ਬੰਦੇ ਦੇ ਬਾਰੇ ਦੱਸਿਆ ਹੋਇਆ ਹੈ ਕਿ ਬੰਦਾ ਇਸ ਤਰ੍ਹਾਂ ਦੇ ਨਾਲ ਵਾਇਦੇ ਕਰਕੇ ਮੁੱਕਰ ਜਾਂਦਾ ਹੈ, ਜਦੋਂ ਇਹਦਾ ਕੰਮ ਲੰਘ ਜਾਵੇ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਹੁਣ ਫਸਿਆ ਹੋਇਆ ਇਹੋ ਜਿਹੀਆਂ ਗੱਲਾਂ ਕਰਦਾ ਹੈ, ਜਦੋਂ ਇਹ ਮਾਤਾ ਦੇ ਪੇਟ 'ਚੋਂ ਬਾਹਰ ਆਇਆ ਨਾ, ਨਾ ਤੁਹਾਨੂੰ ਪੁਛਣਾ ਹੈ ਇਹਨੇ ਨਾ ਮੈਨੂੰ। ਕਹਿੰਦੇ ਫੇਰ ਜ਼ੁਬਾਨ ਦੇਣ ਕਾਹਤੋਂ ਆਇਆ ਹੈ? ਕਹਿੰਦਾ ਮਹਾਰਾਜ! ਮੈਨੂੰ ਫੇਰ ਵੀ ਤਰਸ ਆਉਂਦਾ ਹੈ। ਕਹਿੰਦਾ ਮੈਂ ਲੰਗੜੀ ਜਮਾਨਤ ਦਿੰਦਾ ਹਾਂ ਕਿ ਜਦੋਂ ਨਾਹੁੰਣ ਵੇਲੇ ਇੱਕ ਕੱਪ ਪਾਣੀ ਦਾ ਪਾਇਆ ਕਰੇਗਾ ਉਤੇ, ਇੱਕ ਵਾਰੀ ਮੈਂ ਰਾਮ ਅੱਲਾਹ, ਵਾਹਿਗੁਰੂ ਇਹਦੇ ਮੂੰਹ ਤੋਂ ਕਢਾ ਦੇਵਾਂਗਾ। ਅੱਗੇ ਇਹ ਜਾਣੇ ਇਹਦਾ ਕੰਮ ਜਾਣੇ। ਮਹਾਰਾਜ ਕਹਿੰਦੇ ਪਿਆਰਿਆ –

***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥ ਅੰਗ- ੨੫੧***

ਆਇਆ ਤਾਂ ਨਾਮ ਜਪਣ ਵਾਸਤੇ ਸੀ, ਉਹ ਖਜ਼ਾਨਾ ਟੋਲ੍ਹਣ ਵਾਸਤੇ ਤੇ ਤੈਨੂੰ ਮਾਇਆ ਨੇ ਉੱਤੇ-ਉੱਤੇ ਪਾ ਲਿਆ, ਕਿਉਂਕਿ ਸਭ ਤੋਂ ਉਤਲਾ ਪੜਦਾ ਮਾਇਆ ਦਾ ਹੈ –

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ ॥***
***ਅੰਗ – ੯੨੧***

ਭਾਉ ਦੂਜਾ ਲਗ ਗਿਆ। ਹੁਣ ਪੁੱਟੇ ਕਿਹੜਾ।

ਜਿਹੜਾ ਜਾਲ ਸੀ ਉਹਦੇ ਵਿਚ ਫਸ ਗਿਆ, ਹੁਣ ਪੁਟਾਈ ਬੰਦ ਕਰ ਦਿੱਤੀ।

***ਮਾਇਆ ਮਮਤਾ ਮੋਹਣੀ***
***ਜਿਨਿ ਵਿਣੁ ਦੰਤਾ ਜਗੁ ਖਾਇਆ ॥ ਅੰਗ- ੬੪੩***

ਤੂੰ ਕਿਹੜੇ ਕੰਮ ਨੂੰ ਆਇਆ ਹੈਂ ਧਿਆਨ ਦੇ। ਸੋ ਬਾਬਾ ਫਰੀਦ ਕਹਿੰਦੇ ਨੇ ਕੀ ਕਰੀਏ, ਸੁਣਦਾ ਨਹੀਂ ਇਹਨੂੰ। ਗੱਲ ਸਹੀ ਦਸਦੇ ਹਾਂ ਭੋਰਾ ਜਿੰਨੀ ਵੀ ਨਹੀਂ ਸੁਣਦਾ –

***ਫਰੀਦਾ ਕੂਕੇਦਿਆ ਚਾਂਗੇਦਿਆ***
***ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***
***ਅੰਗ – ੧੩੭੮***

ਜਿਹੜਾ ਮਾਇਆ ਨੇ ਕਾਬੂ ਕਰ ਲਿਆ ਉਹ ਚਿੱਤ ਨਹੀਂ ਫੇਰਦਾ। ਮਹਾਤਮਾ ਦੱਸੀਂ ਜਾਂਦੇ ਨੇ ਕਿ ਜਿਹੜੀ ਚੀਜ਼ ਤੂੰ ਟੋਲ੍ਹਣ ਵਾਸਤੇ ਆਇਆ ਹੈਂ ਜਿਹੜੀ ਲੈਣ ਵਾਸਤੇ ਆਇਆ ਹੈਂ ਉਹ ਤੇਰੇ ਅੰਦਰ ਹੈ, ਬਾਰ-ਬਾਰ ਦਸਦੇ ਨੇ ਇਸ ਤਰ੍ਹਾਂ ਕੰਧ ਬਣ ਗਈ ਕਰਾਰੀ –

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***
***ਅੰਗ – ੬੨੪***

ਮਹਾਰਾਜ ਕਹਿੰਦੇ ਤੂੰ ਕੀਹਨੂੰ ਟੋਲ੍ਹਦਾ ਫਿਰਦਾ ਹੈਂ, ਉਹ ਤਾਂ ਤੇਰੇ ਅੰਦਰ ਹੈ ਪਿਆਰਿਆ ਬਾਹਰ ਨਾ ਟੋਲ੍ਹ। ਹੁਣ ਇਹ ਖਜ਼ਾਨਾ ਜਦੋਂ ਦੇਵਤਿਆਂ ਨੇ ਲਕੋਇਆ ਤਾਂ ਕਹਿੰਦੇ ਪਹਿਲਾਂ ਸਖਤ ਤਹਿਾਂ ਪਾ ਦਿਓ ਹਉਮੈ ਦੀਆਂ। ਇਹ ਨਹੀਂ ਕਿਸੇ ਤਰੀਕੇ ਨਾਲ ਦੂਰ ਹੋਣੀਆਂ, ਜਿੰਨਾਂ ਜੀਅ ਕਰਦਾ ਹੈ ਖੋਜ ਲਵੇ, ਜਿੰਨਾਂ ਜੀਅ ਕਰਦਾ ਹੈ ਖਪ ਲਵੇ। ਕਿਉਂਕਿ ਇਹਨੇ ਅੰਦਰ ਨੂੰ ਤਾਂ ਜਾਣਾ ਨਹੀਂ, ਬਾਹਰ ਤੀਰਥਾਂ 'ਤੇ ਨਾਹੁੰਣ ਜਾਣਾ ਹੈ। ਕਬੀਰ ਸਾਹਿਬ ਕਹਿਣ ਲੱਗੇ ਕਿ ਜਦੋਂ ਮੈਂ ਬਾਹਰ ਜਾਣ ਲੱਗਿਆ, ਰੱਬ ਲੜ ਪਿਆ ਮੇਰੇ ਨਾਲ ਕਿ ਤੈਨੂੰ ਕੀਹਨੇ ਇਹ ਗੱਲ ਦੱਸੀ ਹੈ ਕਿ ਮੈਂ ਮੱਕੇ 'ਚ ਰਹਿੰਦਾ ਹਾਂ?

***ਕਬੀਰ ਹਜ ਕਾਬੇ ਹਉ ਜਾਇ ਥਾ***
***ਆਗੈ ਮਿਲਿਆ ਖੁਦਾਇ ॥***
***ਸਾਂਈ ਮੁਝ ਸਿਉ ਲਰਿ ਪਰਿਆ***
***ਤੁਝੈ ਕਿਨ੍ਹਿ ਫੁਰਮਾਈ ਗਾਇ ॥ ਅੰਗ – ੧੩੭੫***

ਕਹਿੰਦਾ ਤੂੰ ਮੈਨੂੰ ਬਾਹਰ ਟੋਲ੍ਹਦਾ ਫਿਰਦਾ ਹੈਂ? ਤੂੰ ਵੀ? ਹੋਰ ਤਾਂ ਭੁੱਲਿਆ ਹੋਇਆ ਸੰਸਾਰ ਹੈ। ਸੋ ਕਹਿਣ ਕਹਿਣ ਲੱਗੇ ਆਹ ਪਾ ਦਿਓ ਪੜਦੇ ਇਹਦੇ ਉਤੇ – ਹਉਮੈ ਦਾ, ਵਾਸ਼ਨਾਵਾਂ ਦਾ ਪਾ ਦਿਓ, ਅਗਿਆਨ ਦਾ ਪਾ ਦਿਓ।

ਇੱਕ ਰਾਜਾ ਸੀ ਸਾਖੀ ਪ੍ਰਤੀਕ ਬਣਾ ਕੇ ਮੈਂ ਦਸਦਾ ਹਾਂ ਤੁਹਾਨੂੰ। ਉਹਦੇ ਔਲਾਦ ਨਹੀਂ ਸੀ, ਉਹਨੇ ਐਲਾਨ ਕਰ ਦਿੱਤਾ ਕਿ ਮੈਂ ਆਪਣੀ ਸੈਰਗਾਹ ਵਿੱਚ ਛੁਪਾਂਗਾ, ਕੱਲ੍ਹ ਨੂੰ, ਤਰੀਕ ਬੰਨ੍ਹ

ਦਿੱਤੀ। ਜਿਹੜਾ ਮੈਨੂੰ ਟੋਲ੍ਹ ਲਏਗਾ, ਮੈਂ ਉਹਨੂੰ ਆਪਣੇ ਤਖਤ 'ਤੇ ਬਿਠਾ ਲਵਾਂਗਾ। ਰਾਜ ਬਹੁਤ ਵੱਡਾ ਸੀ, ਪੂਰੇ ਹਿੰਦੁਸਤਾਨ ਵਰਗਾ। ਇੱਕ ਦਮ ਦੁਨੀਆਂ ਦੇ ਮਨ 'ਚ ਲਾਲਚ ਆ ਗਿਆ। ਉਹ ਸੈਰਗਾਹ ਸਾਰੀ ਹੀ ਤੀਹ ਕੁ ਮੀਲ ਦੀ ਸੀ, ਲੋਕਾਂ ਨੇ ਕਿਹਾ ਕਿ ਖੋਜ ਲਵਾਂਗੇ ਤੀਹ ਮੀਲ ਦੇ ਅੰਦਰ, ਤੀਹ ਮੀਲ ਕੀ ਚੀਜ਼ ਹੈ। ਦਸ ਵਜੇ ਖੁਲ੍ਹਿਆ ਗੇਟ। ਬੇਅੰਤ ਦੁਨੀਆਂ ਲੱਖਾਂ ਹੀ ਅੰਦਰ ਚਲੇ ਗਏ। ਰਾਜੇ ਨੇ ਭੁੱਲ-ਭੁਲਾਈਆਂ ਬਣੀਆਂ ਹੋਈਆਂ ਸੀ। ਭੁੱਲ-ਭਲਾਈਆਂ 'ਚ ਜੇ ਬੰਦਾ ਚਲਿਆ ਜਾਵੇ, ਕੋਈ ਹੋਸ਼ ਵਾਲਾ ਬੰਦਾ ਤਾਂ ਬਾਹਰ ਆ ਜਾਂਦਾ ਹੈ। ਸਭ ਬੰਦੇ ਨਹੀਂ ਆ ਸਕਦੇ, ਜੇ ਹਜ਼ਾਰ ਭੁੱਲ ਭੁਲਾਈ ਹੋਵੇ ਨਹੀਂ ਆਉਂਦਾ ਬਾਹਰ। ਲਖਨਉ ਵਿੱਚ ਭੁੱਲ ਭਲਾਈਆਂ ਨੇ ਉਹ ੩੯੯ ਨੇ, ਉਹਦੇ 'ਚ ਆਦਮੀ ਭੁੱਲਿਆ ਹੋਇਆ ਬਾਹਰ ਨਿਕਲ ਨਹੀਂ ਸਕਦਾ,, ਉਹ ਛੱਡ ਕੇ ਆ ਜਾਂਦੇ ਨੇ ਜਾਣ ਕੇ, ਸ਼ਰਤ ਲਾ ਲੈਂਦੇ ਨੇ ਕਿ ਜੇ ਤੂੰ ਬਾਹਰ ਨਿਕਲ ਜਾਵੇਂ ਤਾਂ ਜਿਹੜੇ ਅਸੀਂ ਪੰਜ ਰੁਪਏ ਲੈਣੇ ਨੇ ਉਹ ਨਹੀਂ ਲੈਣੇ, ਤੈਨੂੰ ਹੋਰ ਪੰਜ ਦੇਵਾਂਗੇ ਕੋਲੋਂ। ਮੈਂ ਵੀ ਇੱਕ ਵਾਰੀ ਗਿਆ ਸੀ ਉਥੇ 1947 ਦਾ ਜ਼ਮਾਨਾ ਸੀ, ਜਦੋਂ ਇੱਕ ਦੂਜੇ 'ਤੇ ਵਿਸ਼ਵਾਸ਼ ਨਹੀਂ ਸੀ ਕਰਦੇ। ਜਦੋਂ ਮੈਂ ਅੰਦਰ ਵੜਿਆਂ ਮੈਂ ਕਿਹਾ ਕਿ ਕਿਤੇ ਐਉਂ ਨਾ ਹੋਵੇ ਕਿ ਮੈਂ ਵਿਚਾਲੇ ਹੀ ਰਹਿ ਜਾਵਾਂ। ਮੈਂ ਬੜਾ ਸਾਵਧਾਨੀ ਨਾਲ ਅੰਦਰ ਵੜਿਆ। ਉਹਨੇ ਮੈਨੂੰ ਇਹੀ ਗੱਲ ਕਹੀ ਕਿ ਤੁਸੀਂ ਆ ਜਾਓਂਗੇ? ਮੈਂ ਕਿਹਾ ਕਿ ਹਾਂ ਆ ਜਾਵਾਂਗਾ। ਉਹ ਪਾਸੇ ਦੀ ਹੋਇਆ, ਮੈਂ ਉਸ ਤੋਂ ਪਹਿਲਾਂ ਚਲਿਆ ਗਿਆ ਬਾਹਰ। ਹੈਰਾਨ ਹੋ ਗਿਆ ਕਿ ਤੂੰ ਕਿਵੇਂ ਬਾਹਰ ਆ ਗਿਆ। ਇੱਥੇ ਤਾਂ ਅੱਜ ਤਕ ਕੋਈ ਨਿਕਲਿਆ ਹੀ ਨਹੀਂ, ਇਨ੍ਹਾਂ ਭੁੱਲ ਭਲਾਈਆਂ 'ਚੋਂ। ਮੈਂ ਕਿਹਾ ਮੈਨੂੰ ਹੋਸ਼ ਸੀ ਜਦੋਂ ਮੈਂ ਅੰਦਰ ਵੜਿਆ ਕਿ ਕੀ ਪਤਾ ਵਿਚਾਲੇ ਹੀ ਛੱਡ ਕੇ ਨੱਠ ਆਵੇ। ਕਹਿੰਦਾ ਤੁਸੀਂ ਕਰਿਆ ਕਿਵੇਂ? ਮੈਂ ਕਿਹਾ ਮੈਂ ਐਰੋ (ਨਿਸ਼ਾਨ) ਲਾਉਂਦਾ ਚਲਿਆ ਗਿਆ, ਮੇਰੇ ਹੱਥ 'ਚ ਪੈਨਸਿਲ ਸੀ। ਜਦੇ ਮੈਂ ਕੰਧ ਦੇ ਉਥੇ ਨਿਸ਼ਾਨ ਲਾ ਲਿਆ, ਉਹਨੂੰ ਦੇਖ ਕੇ ਮੈਂ ਵਾਪਿਸ ਆ ਗਿਆ। ਇਹ ਭੁੱਲ ਭਲਾਈਆ ਕਹਾਉਂਦੀਆਂ ਨੇ। ਇਹ ਵਾਹਿਗੁਰੂ ਜੀ ਨੇ ਬੇਅੰਤ ਭੁੱਲ ਭਲਾਈਆਂ ਪੈਦਾ ਕਰ ਦਿੱਤੀਆਂ, ਆਪਣੇ ਅਰ ਇਹਦੇ ਵਿੱਚ। ਜੀਵ ਦੇ ਅਰ ਆਪਣੇ ਵਿਚ। ਉਹ ਮਾਇਆ ਦੀਆਂ ਭੁੱਲ ਭਲਾਈਆ ਨੇ ਸਾਰੀਆਂ। ਮਾਇਆ ਦੇ ਅਨੇਕਾਂ ਹੀ ਰੂਪ ਨੇ, ਕੋਈ ਬੰਦਾ ਹੈ ਨਹੀਂ ਸੂਰਮਾ ਜਿਹੜਾ ਮਾਇਆ 'ਚੋਂ ਨਿਕਲ ਜਾਵੇ, ਨਹੀਂ ਨਿਕਲ ਸਕਦਾ। ਮਹਾਰਾਜ ਕਹਿੰਦੇ, ਪੂਰਾ ਗੁਰੂ ਮਿਲ ਜਾਵੇ ਤਾਂ ਉਹ ਕੰਧ ਤੋੜ ਦਿੰਦਾ ਹੈ, ਨਹੀਂ ਤਾਂ ਨਹੀਂ ਟੁੱਟਦੀ। ਸੋ ਇਸ ਤਰ੍ਹਾਂ ਦੇ ਨਾਲ ਉਹ ਖਜ਼ਾਨਾ ਸਾਡੇ ਅੰਦਰ ਪਿਆ ਹੈ, ਜੀਵ ਨੇ ਵੀ ਬਥੇਰੇ ਵਾਅਦੇ ਕਰੇ, ਇਹ ਤਾਂ ਭੁੱਲ ਗਿਆ ਇਥੇ ਵੀ।

ਮਾਇਆ ਦੇ ਅਨੇਕ ਰੰਗ, ਰੂਪ ਨੇ। ਕਿਤੇ ਪੁੱਤਰ ਬਣੀ ਹੋਈ ਹੈ, ਕਿਤੇ ਇਸਤਰੀ ਬਣੀ ਹੋਈ ਹੈ, ਕਿਤੇ ਮਿੱਤਰ ਬਣੀ ਹੋਈ ਹੈ, ਕਿਤੇ ਮਾਤਾ-ਪਿਤਾ ਬਣੀ ਹੋਈ ਹੈ। ਕਿਤੇ ਕੋਠੀਆਂ ਬਣੀ ਹੋਈ ਹੈ, ਕਿਤੇ ਜਾਇਦਾਦ ਬਣੀ ਹੋਈ ਹੈ। ਜਿੰਨਾਂ ਵੀ ਸਾਡਾ ਬਚਪਨ ਤੋਂ ਹੁਣ ਤਕ ਵਾਹ ਪਿਆ ਹੈ ਉਹ ਮਾਇਆ ਨਾਲ ਪਿਆ ਹੈ। ਇਹ ਪੜਦਾ ਕੌਣ ਤੋੜ ਦਏਗਾ? ਕਿਹੜਾ ਸੂਰਮਾ ਹੈ ਜਿਹੜਾ ਇਹਦੇ ਵਿਚੋਂ ਲੰਘ ਜਾਏਗਾ। ਫੇਰ ਅੱਗੇ ਵਾਸ਼ਨਾਵਾਂ ਦਾ ਆ ਗਿਆ। ਵਾਸ਼ਨਾਵਾਂ ਮੁੱਕਦੀਆਂ ਹੀ ਨਹੀਂ, ਆਦਮੀ ਜ਼ੋਰ ਲਾ ਲਵੇ ਜਿੰਨਾਂ ਲਾਉਣਾ ਹੈ, ਨਹੀਂ ਵਾਸ਼ਨਾਵਾਂ ਖਤਮ ਹੁੰਦੀਆਂ। ਆਸ਼ਾਵਾਂ ਦਾ ਆ ਗਿਆ, ਅੰਦੇਸਿਆਂ ਦਾ ਆ ਗਿਆ। ਭੋਗਾਂ ਦਾ ਆ ਗਿਆ, ਅਖੀਰ ਵਿਚ ਸਖਤ ਪੜਦਾ ਆ ਗਿਆ ਹਉਮੈ ਦਾ, ਹੁਣ ਕਰੀਏ ਕੀ? ਮਹਾਰਾਜ ਕਹਿੰਦੇ ਨੇ ਕਿ ਤੈਨੂੰ ਜੁਗਤ ਦਸ ਦਿੰਦੇ ਹਾਂ, ਉਥੇ ਪਹੁੰਚਣ ਦੀ। ਤੇਰੇ ਕੋਲ ਸਮਾਂ ਨਹੀਂ ਹੈ ਜੇ ਤੂੰ ਲਗਾਤਾਰ ਸਾਧੂਆਂ ਦੀ ਸੰਗਤ ਕਰੇਂ। ਉਹ ਵੀ ਨਿਸ਼ਕਾਮ ਹੋਵੇ ਤਾਂ, ਫੇਰ ਤਾਂ ਤੂੰ ਪਹੁੰਚ ਜਾਏਂਗਾ। ਨਹੀਂ ਕਾਮਨਾ ਸਹਿਤ ਸੰਗਤ ਕਰਦਾ ਹੈਂ ਤਾਂ ਫੇਰ ਇੱਕ ਕਦਮ ਵੀ ਨਹੀਂ ਪੁੱਟ ਹੋਣਾ। ਕਾਮਨਾਵਾਂ ਤੇਰੀਆਂ ਪੂਰੀਆਂ ਹੋਈ ਜਾਣਗੀਆਂ, ਬਿਮਾਰੀਆਂ ਹਟ ਜਾਣਗੀਆਂ, ਕਾਰੋਬਾਰ ਚੱਲ ਪੈਣਗੇ। ਬਾਲ-ਬੱਚੇ ਹੋ ਜਾਣਗੇ। ਸੰਤਾਂ ਦਾ ਕੰਮ ਹੁੰਦਾ ਹੈ ਕਿ ਉਸ ਖਜ਼ਾਨੇ ਦਾ ਭੇਤ ਦੇਣਾ। ਖਜ਼ਾਨੇ ਦਾ ਹੁਣ ਭੇਤ ਦਿੰਦੇ ਨੇ ਮਹਾਰਾਜ ਧਿਆਨ ਨਾਲ ਸੁਣੋ, ਬਾਣੀ ਵਿੱਚ ਆਉਂਦਾ ਹੈ ਮਹਾਰਾਜ ਕਹਿੰਦੇ -

***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ- ੩੦੯***

ਇਹਦੇ ਵਿਚ ਬੇਅੰਤ ਕੀਮਤੀ ਰਤਨ ਲੁਕੇ ਪਏ ਨੇ। ਮੈਂ ਰਾਜੇ ਦੀ ਗੱਲ ਕਰਦਾ ਸੀ, ਲੋਕ ਸਾਰਾ ਦਿਨ ਭੁੱਲ-ਭੁਲਾਈਆਂ 'ਚ ਖਪੀ ਗਏ। ਝੀਲ ਸੀ ਉਹਦੇ ਵਿੱਚ ਚਲੇ ਗਏ, ਮੰਦਰ ਬਣਾਏ ਹੋਏ ਸੀ ਉਹਦੇ ਵਿੱਚ ਚਲੇ ਗਏ, ਅਖੀਰ ਖਪ ਗਏ, ਕਿਸੇ ਨੂੰ ਲੱਭਿਆ। ਇੱਕ ਬੰਦਾ ਬੜਾ ਸਿਆਣਾ ਸੀ, ਉਹ ਮੈਨੇਜਰ ਦੇ ਕੋਲ ਬੈਠਾ ਰਿਹਾ, ਉਹਦੀ ਸੇਵਾ ਕਰੀ ਗਿਆ, ਮੈਨੇਜਰ ਨੇ ਪੁੱਛਿਆ ਜਦੋਂ ਥੋੜ੍ਹਾ ਸਮਾਂ ਰਹਿ ਗਿਆ। ਕਹਿੰਦਾ, ਤੂੰ ਵੀ ਟੋਲ੍ਹ ਲੈ? ਕਹਿੰਦਾ, ਇੱਥੇ ਕਿੱਥੇ ਲੱਭਣਾ ਹੈ, ਤੇਰੀ ਮਿਹਰਬਾਨੀ ਨਾਲ ਲੱਭਣਾ ਹੈ। ਕੋਈ ਜੁਗਤੀ ਦੱਸ ਦੇ, ਕਹਿੰਦਾ ਲੈ ਆਹ ਫੜ ਚਾਬੀ, ਆਹ ਬਿਲਡਿੰਗ ਦੇ ਪਿਛਲੇ ਪਾਸੇ ਇੱਕ ਢੇਰੀ ਹੈ, ਮਿੱਟੀ ਦੀ ਬਣੀ ਹੋਈ, ਉਥੇ ਬੋਰੀ ਨਾਲ ਉਹਦਾ ਰਾਹ ਬੰਦ ਕਰਿਆ ਹੋਇਆ ਹੈ, ਮਿੱਟੀ ਦੀ ਬੋਰੀ ਭਰ ਕੇ ਲਾਈ ਹੋਈ ਹੈ। ਤੂੰ ਉਹ ਬੋਰੀ ਪਰ੍ਹੇ ਖਿੱਚ ਲੈ, ਆਹ ਚਾਬੀ ਨਾਲ ਖੋਲ੍ਹ ਲਈਂ, ਅੰਦਰ ਬਹੁਤ ਸਾਰੀਆਂ ਚੀਜ਼ਾਂ ਆਉਂਦੀਆਂ ਨੇ, ਬੜੀ ਚੰਗੀ ਤਰ੍ਹਾਂ ਖੋਲ੍ਹ ਕੇ ਦਸਿਆ ਕਿ ਅੰਦਰ ਪ੍ਰਕਾਸ਼ ਆਉਣਗੇ, ਮਿਊਜ਼ਿਕ ਆਉਣਗੇ, ਆਵਾਜ਼ਾਂ ਆਉਣਗੀਆਂ, ਬਹੁਤ ਖੂਬਸੂਰਤ ਚੀਜ਼ਾਂ ਆਉਣਗੀਆਂ। ਤੈਨੂੰ ਲੁਭਾ ਲੈਣਗੀਆਂ, ਤੂੰ ਕਿਸੇ 'ਚ ਨਾ ਫਸੀਂ ਅਖੀਰ ਰਾਜਾ ਆਖਰੀ ਸਿਰੇ 'ਤੇ ਬੈਠਾ ਹੈ। ਓਸ ਬੰਦੇ ਨੇ ਉਸੇ ਤਰ੍ਹਾਂ ਕਰਿਆ। ਰਾਜੇ ਕੋਲ ਪਹੁੰਚ ਗਿਆ। ਰਾਜੇ ਨੇ ਐਲਾਨ ਕਰ ਦਿੱਤਾ। ਨਗਾਰੇ ਵਜ ਗਏ, ਪਤਾ ਲਗ ਗਿਆ ਕਿ ਰਾਜਾ ਟੋਲ੍ਹ ਲਿਆ ਗਿਆ। ਤਖਤ 'ਤੇ ਬਿਠਾਲ ਲਿਆ।

ਇਹੀ ਟੋਲ੍ਹ ਸਾਡੀ ਮੁੱਕੀ ਹੋਈ ਹੈ ਉਸ ਰਾਜੇ ਦਾ ਤਖਤ ਤਾਂ ਕੁਛ ਵੀ ਨਹੀਂ ਸੀ, ਅਸੀਂ ਰਾਜੇ ਦੇ ਤਖਤ 'ਤੇ ਬੈਠਣਾ ਹੈ, ਪਰ ਟੋਲ੍ਹਣਾ ਹੈ ਉਹਨੂੰ। ਮਹਾਰਾਜ ਕਹਿੰਦੇ ਕਿਸੇ ਗੁਰਮੁਖ ਨੂੰ ਮਿਲੋ। ਜਿਹਨੂੰ ਇਹ ਜਾਂਚ ਆਉਂਦੀ ਹੈ। ਅਸੀਂ ਇੱਥੇ ਰਤਵਾੜਾ ਸਾਹਿਬ ਟਿਊਬਵੈਲ ਲਵਾਇਆ, ਕਿੰਨੇ ਹੀ ਲਾ ਦਿੱਤੇ, ਪਾਣੀ ਕਿਸੇ ਦਾ ਆਵੇ ਨਾ ਆਵੇ। ਫੇਰ ਅਸੀਂ ਵੱਡਾ ਟਿਊਬਵੈਲ ਲਵਾਇਆ, ਉਹ ਇੱਕ ਫੁੱਟ ਦਾ ਲਿਆਏ ਬੋਰ ਕਰਨ ਵਾਸਤੇ ਨਾਲ। ਜਦੋਂ ਪਾਣੀ ਕੱਢਿਆ ਤਾਂ ਬੇਅੰਤ ਹੀ ਪਾਣੀ ਹੋ ਗਿਆ। ਉਹਨੂੰ ਭੇਤ ਸੀ ਕੱਢਣ

ਦਾ, ਮਸ਼ੀਨਰੀ ਸੀ ਉਹਦੇ ਕੋਲ, ਉਹਦੇ ਨਾਲ ਬੋਰ ਕਰ ਦਿੱਤਾ। ਹੁਣ ਮਹਾਰਾਜ ਜਿਹੜਾ 'ਖੋਤਿ' ਕਹਿੰਦੇ ਨੇ, ਉਹਨੂੰ ਕਹਿੰਦੇ ਨੇ ਖੁਣ ਕੇ ਕੱਢਣਾ। ਖੁਣ ਕੇ ਹੁੰਦਾ ਹੈ ਜਿਵੇਂ ਭਾਰੀ ਮਿੱਟੀ ਹੋਵੇ ਪਹਾੜ ਹੋਵੇ, ਉਹਦੇ ਵਿਚੋਂ ਮੋਰੀ ਕੱਢਣੀ ਹੋਵੇ, ਖੁਣ ਕੇ ਕੱਢੀ ਜਾਂਦੀ ਹੈ। ਖੁਣਨ ਵਾਸਤੇ ਚਾਹੀਦੇ ਨੇ ਹਥਿਆਰ, ਔਜ਼ਾਰ ਚਾਹੀਦੇ ਨੇ ਕਿ ਕਿਹੜਾ-ਕਿਹੜਾ ਔਜ਼ਾਰ ਮੇਰੇ ਕੋਲ ਹੋਣਾ ਚਾਹੀਦਾ ਹੈ। ਹੋਰ ਚੀਜ਼ਾ ਹੋਣੀਆਂ ਚਾਹੀਦੀਆਂ ਨੇ ਜਿਹਦੇ ਨਾਲ ਮੈਂ ਖੁਣ-ਖੁਣ ਕੇ ਕਰੜੇ ਪੱਥਰਾਂ ਨੂੰ ਮੈਂ ਉਥੇ ਪਹੁੰਚ ਜਾਵਾਂ। ਉਹ ਕਹਿੰਦੇ ਤੇਰੇ ਤੋਂ ਸਾਰਾ ਤਾਂ ਚੁੱਕ ਨਹੀਂ ਹੋਣਾ, ਪਰ ਤੈਨੂੰ ਅਸੀਂ ਸਾਰੇ ਔਜ਼ਾਰ ਦਸ ਦਿੰਦੇ ਹਾਂ। ਉਨ੍ਹਾਂ ਔਜ਼ਾਰਾਂ ਨੂੰ ਤੂੰ ਵਰਤ ਲੈ। ਉਹਦੇ ਨਾਲ ਇਹ ਖਜ਼ਾਨੇ ਤਕ ਪਹੁੰਚ ਜਾਏਂਗਾ। ਨਾ ਤਾਂ ਤੇਰੇ ਤੋਂ ਸਾਰੀ ਮਾਇਆ ਦੂਰ ਕਰ ਹੋਣੀ ਹੈ। ਇਹਦੇ 'ਚ ਮੋਰੀ ਕੱਢ, ਵਾਸ਼ਨਾਵਾਂ 'ਚ ਕੱਢ, ਵਿਸ਼ੇ ਵਿਕਾਰਾਂ 'ਚ ਕੱਢ, ਫੇਰ ਹਉਮੈ ਆ ਗਈ, ਉਹ ਕਰੜੀ ਹੈ ਉਹਦੇ ਵਾਸਤੇ ਜਿਹੜਾ ਅਸਲੀ ਔਜ਼ਾਰ ਹੈ ਉਹਦੀ ਦਸ ਪਾ ਦਿੰਦੇ ਹਾਂ -

***ਧਾਰਨਾ - ਹਉਮੈ ਨੂੰ ਖੋਈਦੈ***
***ਵਾਹਿਗੁਰੂ ਮੰਤਰ ਜਪ ਕੇ।***
***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।***

ਹੁਣ ਇਹ ਔਜ਼ਾਰ ਮਿਲਦੇ ਕਿੱਥੋਂ ਨੇ? ਮਹਾਰਾਜ ਕਹਿੰਦੇ ਪਿਆਰਿਆ -

***ਸਤਿਗੁਰ ਨਾਉ ਨ ਪਾਈਐ***
***ਬੁਝਹੁ ਕਰਿ ਵੀਚਾਰੁ ॥ ਅੰਗ - ੬੪੯***

ਇਹ ਜਿਹੜਾ ਵਾਹਿਗੁਰੂ ਮੰਤਰ ਹੈ, ਨਾਮ ਹੈ ਇਹ ਗੁਰੂ ਤੋਂ ਬਗੈਰ ਨਹੀਂ ਮਿਲਣਾ, ਗੁਰੂ ਘਰ ਦੇ ਵਿੱਚ ਪੰਜ ਦੇ ਪੇਸ਼ ਹੋਏ ਬਗੈਰ, ਗੁਰੂ ਗ੍ਰੰਥ ਸਾਹਿਬ ਤੋਂ ਇਹ ਦਾਤ ਨਹੀਂ ਮਿਲਿਆ ਕਰਦੀ। ਇਹ ਪੰਜ ਪਿਆਰਿਆਂ ਨੇ ਤੈਨੂੰ ਦੇ ਦੇਣੀ ਹੈ, ਵਾਹਿਗੁਰੂ ਮੰਤਰ ਦੀ ਦਾਤ। ਫੇਰ ਇਹਦਾ ਕੰਮ ਹੈ ਉਸੇ ਵੇਲੇ drill ਕਰਨਾ ਸ਼ੁਰੂ ਕਰ ਦੇਣਾ।ਇਹਨੇ ਕੀ ਕਰਨਾ ਹੈ ਆਪਣਾ ਰਸਤਾ ਬਣਾਉਣ ਲਗ ਜਾਣਾ ਹੈ। ਰਸਤਾ ਬਣਾਉਂਦੇ-ਬਣਾਉਂਦੇ ਜਿੰਨੇ ਪੜਦੇ ਦਿੱਤੇ ਹੋਏ ਨੇ, ਜਿੰਨੇ ਢੱਕਣ ਦਿੱਤੇ ਹੋਏ ਨੇ ਸਾਰਿਆਂ ਨੂੰ ਵਿੰਨ੍ਹ ਕੇ, ਜਦੋਂ ਇਹਨੇ ਹੇਠਾਂ ਜਾਣਾ ਹੈ ਉਸ ਵੇਲੇ ਜਿਵੇਂ ਫੁਹਾਰਾ ਚਲਦਾ ਹੈ, ਐਉਂ ਉਸ ਖਜ਼ਾਨੇ ਨੇ ਬਾਹਰ ਆ ਜਾਣਾ ਹੈ। ਮਹਾਰਾਜ ਕਹਿੰਦੇ-

***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ- ੩੦੯***

ਕੋਈ, ਲੱਖਾਂ ਕਰੋੜਾਂ 'ਚੋਂ ਇੱਕ। ਗੁਰਮੁਖ ਦੇ ਨਾਲ ਰਲ ਕੇ ਕੱਢ ਸਕਦਾ ਹੈ। ਕਹਿੰਦੇ ਫੇਰ ਜਦੋਂ ਨਿਕਲਿਆ ਬਾਹਰ, ਦੇਖਿਆ ਕੀ -

***ਸਭੁ ਆਤਮ ਰਾਮੁ ਪਛਾਣਿਆ***
***ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥***
***ਇਕੁ ਦੇਖਿਆ ਇਕੁ ਮੰਨਿਆ***
***ਇਕੋ ਸੁਣਿਆ ਸ੍ਰਵਣ ਸਰੋਤਿ ॥ ਅੰਗ - ੩੦੯***

ਕਹਿੰਦਾ ਇਹ ਕੀ ਗੱਲ ਹੋਈ ਇਹ ਤਾਂ ਮੈਂ ਹੀ ਸੀਗਾ। ਮੇਰਾ ਹੀ ਰੂਪ ਸੀ ਇਹ ਤਾਂ। ਮੈਂ ਹੀ ਆਤਮਾ ਹਾਂ, ਮੈਂ ਹੀ ਛੁਪਿਆ ਹੋਇਆ ਸੀ। ਮੈਂ ਛੁਪਾਉਣ ਵਾਲਾ ਸੀ। ਉਸ ਵੇਲੇ ਉਹ ਰਤਨ ਪ੍ਰਕਾਸ਼ ਹੋ ਗਿਆ, ਬਾਹਰ ਨਿਕਲ ਆਇਆ, ਸੋ ਮਹਾਰਾਜ ਕਹਿੰਦੇ, ਜਿਨ੍ਹਾਂ ਨੇ ਇਹ ਮਿਹਨਤਾਂ ਕਰਕੇ ਕੱਢ ਲਿਆ ਇਹਨੂੰ, ਕਹਿੰਦੇ ਉਨ੍ਹਾਂ ਤੋਂ ਅਸੀਂ ਬਲਿਹਾਰ ਜਾਂਦੇ ਹਾਂ -

***ਧਾਰਨਾ - ਜਾਵਾਂ ਬਲਿਹਾਰ***
***ਜਿਹਨੂੰ ਮਿਲਿਆ ਰਾਮ ਪਿਆਰਾ।***

ਸੈਂਕੜੇ ਵਾਰੀ ਬਲਿਹਾਰ ਜਾਂਦੇ ਹਾਂ। ਸੋ ਸਾਉਣ ਦਾ ਮਹੀਨਾ ਜੋ ਹੈ ਇਸ ਦੀ ਜੋ ਵਿਚਾਰ ਸੰਖੇਪ ਰੂਪ ਵਿੱਚ ਹੈ ਉਹ ਆਪ ਦੇ ਚਰਨਾਂ ਵਿੱਚ ਭੇਟ ਕੀਤੀ ਹੈ। ਹੋਰ ਵਿਸਥਾਰ ਨਾਲ ਪੜ੍ਹਨੀ ਹੈ, 'ਹੋਵੈ ਅਨੰਦੁ ਘਣਾ' ਪੁਸਤਕ 'ਚ ਪੜ੍ਹ ਸਕਦੇ ਓਂ।

ਮਹਾਰਾਜ ਕਹਿੰਦੇ ਨੇ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ ॥ ਅੰਗ - ੧੧੦੨***

ਕਹਿਣ ਖੋਜਣ ਤਾਂ ਲਗ ਗਿਆ, ਤੂੰ 'ਵਰਿਆਮ ਸਿਉਂ' ਨਹੀਂ ਰਹਿਣਾ, ਖੋਜਣ ਤੋਂ ਬਾਅਦ। ਖਤਮ ਹੋ ਜਾਂਦਾ ਹੈ। ਖਤਮ ਹੋਣ ਪਹਿਲਾਂ ਮਨਜ਼ੂਰ ਹੈ ਤਾਂ ਆ ਜਾ। ਅਸੀਂ ਕਹਿੰਦੇ ਹਾਂ ਨਾ ਜੀ, ਸਾਡੇ ਲਿਖਾਰੀ ਲਿਖਦੇ ਨੇ ਕਿ ਇਹ ਤਾਂ ਫੇਰ ਵਿਨਾਸ਼ ਹੋਇਆ। ਅਸੀਂ ਤਾਂ ਨਹੀਂ ਇਹਨੂੰ ਮੰਨਦੇ। ਗੁਰੂ ਸਾਹਿਬ ਦੀ ਗੱਲ ਨਹੀਂ ਮੰਨਦੇ। ਗੁਰੂ ਸਾਹਿਬ ਕਹਿੰਦੇ ਜੇ ਤੂੰ ਮੇਰੇ ਕੋਲ ਆਉਣਾ ਹੈ ਤਾਂ ਤੂੰ ਖਤਮ ਹੋਣਾ ਮੰਨ ਲੈ। ਤੇਰੀ ਜਿਹੜੀ ਹਸਤੀ ਹੈ ਇਹੀ ਤੇਰੇ ਅਰ ਮੇਰੇ ਵਿੱਚ ਫਰਕ ਪਾਈ ਬੈਠੀ ਹੈ। ਜਿੰਨੀ ਦੇਰ ਤੂੰ ਆਪਣੇ ਆਪ ਦੀ ਹੋਂਦ ਮੰਨਦਾ ਰਹੇਂਗਾ। ਮੈਂ ਨਹੀਂ ਤੈਨੂੰ ਮਿਲਣਾ। ਜੇ ਤੂੰ ਹੋਂਦ ਛੱਡਣ ਨੂੰ ਤਿਆਰ ਹੋ ਗਿਆ ਪਿਆਰਿਆ! ਤੂੰ ਮੇਰੇ ਵਿੱਚ ਰਲ ਜਾਣਾ ਹੈ, ਤੇਰਾ ਵਜੂਦ ਖਤਮ ਹੋ ਜਾਣਾ, ਮੈਂ ਹੀ ਪਹਿਲਾਂ ਹਾਂ, ਮੈਂ ਹੀ ਹੁਣ ਹਾਂ, ਮੇਰੀ ਹੀ ਸ੍ਰਿਸ਼ਟੀ ਹੈ, ਮੈਂ ਹੀ ਖੇਲ੍ਹ ਕਰਦਾ ਹਾਂ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।***

ਪਹਿਲਾਂ ਵੀ ਮੈਂ ਹੀ ਸੀ, ਆਦਿ ਸਚੁ; ਫੇਰ ਵੀ ਮੈਂ ਹੀ ਹਾਂ, ਜੁਗਾਦਿ ਸਚੁ, ਹੁਣ ਵੀ ਮੈਂ ਹੀ ਹਾਂ, ਹੈ ਭੀ ਸਚੁ; ਜਦੋਂ ਖੇਲ੍ਹ ਖਤਮ ਹੋਏਗੀ ਮੈਂ ਹੀ ਹੋਵਾਂਗਾ। ਇਹ ਵਿਚ ਵਿਚਾਲੇ ਮੈਂ ਖੇਲ੍ਹ ਰਚੀ ਹੋਈ ਹੈ, ਆਤਮਾ ਇਸ ਸਰੀਰ ਵਿੱਚ ਛੁਪਾਈ ਹੋਈ ਹੈ। ਇਹਨੂੰ ਟੋਲ੍ਹ ਲੈ ਤੂੰ ਅਮਰ ਹੋ ਜਾਏਂਗਾ, ਪੂਰਨ ਪੁਰਖ ਹੋ ਜਾਏਂਗਾ। ਲੋੜਾਂ ਸਭ ਖਤਮ, ਸਦਾ ਅਨੰਦ, ਆਪਣੀ ਹੋਂਦ ਹੀ ਜਦੋਂ ਖਤਮ ਹੋ ਗਈ ਲੋੜ ਕਿਹੜੀ ਰਹਿ ਗਈ। ਸੋ ਇਹ ਉੱਚਾ ਉਪਦੇਸ਼ ਸਾਵਣਿ ਦੇ ਮਹੀਨੇ ਰਾਹੀਂ ਗੁਰੂ ਮਹਾਰਾਜ ਸਾਨੂੰ ਕਰਦੇ ਨੇ ਮਹਾਰਾਜ ਕਹਿੰਦੇ -

***ਸਾਵਣੁ ਤਿਨਾ ਸੁਹਾਗਣੀ***
***ਜਿਨ ਰਾਮ ਨਾਮੁ ਉਰਿ ਹਾਰੁ ॥ ਅੰਗ - ੧੩੪***

ਜਿਹਨੇ ਵਾਹਿਗੁਰੂ-ਵਾਹਿਗੁਰੂ, ਅੰਦਰ ਨੂੰ ਸਾਹ ਜਾਂਦਾ ਹੈ, ਬਾਹਰ ਨੂੰ ਆਉਂਦਾ ਹੈ, ਹਾਰ ਵਾਂਗੂੰ ਪਹਿਨਿਆ ਹੋਇਆ, ਬਲਿਹਾਰ ਜਾਂਦੇ ਹਾਂ ਉਨ੍ਹਾਂ ਦੇ। ਸੋ ਇੱਥੇ ਜੋ ਮਹੀਨੇ ਦੀ ਕਥਾ ਜੋ ਆਪ ਨੇ ਸੁਣੀ ਹੈ ਉਸਨੂੰ ਮਨ ਵਿਚ ਵਿਚਾਰੋ। ਇੱਥੇ ਹੀ ਸਮਾਪਤੀ ਹੈ।

(-----)

# ਧਰੂੰ ਭਗਤ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ਅੰਗ - ੮੯੪*

*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥ ੩ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ - ੮੯੪*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਹੇ ਵਾਹਿਗੁਰੂ! ਵੇਦ ਜੋ ਹਨ ਉਹ ਸਭ ਤੋਂ ਵੱਡਾ ਗਿਆਨ ਹਨ, ਪੁਰਾਣਿਆਂ ਸਮਿਆਂ ਦੇ ਵਿਚ ਗਿਣੀ ਗਈ। ਹੁਣ ਵੀ ਗਿਣੀ ਜਾਂਦੇ ਹਨ। ਕੁਰਾਨ ਸਰੀਫ ਹੈ, ਬਾਈਬਲ ਹੈ, ਅੰਜੀਰ ਹੈ, ਜੰਬੂਰ ਹੈ, ਹੋਰ ਅਨੇਕਾਂ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਸਾਰੇ ਹੀ ਮਾਨਣਯੋਗ ਹਨ। ਨਾ ਤਾਂ ਵੇਦ ਨੂੰ ਪਤਾ ਹੈ ਕਿ ਪ੍ਰਮੇਸ਼ਰ ਕਿੱਡਾ ਕੁ ਹੈ, ਕਿੱਡੀ ਕੁ ਮਹਿਮਾ ਹੈ ਉਹਦੀ, ਪ੍ਰਮੇਸ਼ਰ ਤਾਂ ਬਹੁਤ ਵੱਡੀ ਚੀਜ਼ ਹੈ ਪਰ ਉਹਦੇ ਜਿਹੜੇ ਪਿਆਰੇ ਨੇ, ਉਹਦੀ ਮਹਿਮਾ ਦਾ ਪਤਾ ਨਹੀਂ ਹੈ ਵੇਦ ਨੂੰ। ਅਭੇਦ ਹੈ। ਬ੍ਰਹਮਾ ਜਦੋਂ ਕੀਤਾ ਗਿਆ, ਉਸ ਤੋਂ ਪਹਿਲਾਂ ਪ੍ਰਮੇਸ਼ਰ ਨੇ ਸਾਕਾਰ ਰੂਪ ਧਾਰਨ ਕਰਕੇ, ੧ਓ ਕਹਾਇਆ।

*ਨਿਰੰਕਾਰ ਆਕਾਰ ਕਰਿ*
*ਏਕੰਕਾਰ ਅਪਾਰ ਸਦਾਇਆ।*

ਏਕੰਕਾਰ ਤੋਂ ਸ਼ਬਦ ਧੁਨ ਹੋਈ, ਇਸਲਾਮ ਵਾਲਿਆਂ ਦਾ ਤੇ ਇਸਾਈਆਂ ਦਾ ਖਿਆਲ ਹੈ ਕਿ ਸ਼ਬਦ ਸਭ ਪਹਿਲਾਂ ਹੋਇਆ ਉਹ ਸੀ ਕੁੰ............ਨ। ਵੈਦਿਕ ਧਰਮ ਵਾਲਿਆਂ ਦਾ ਖਿਆਲ ਹੈ ਕਿ ਇੱਕ ਸ਼ਬਦ ਹੋਇਆ ਜਿਸਦੀ ਆਵਾਜ਼ ਸੀ 'ਓਅੰ........ਕਾਰ।

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਇਸ ਆਵਾਜ਼ ਤੋਂ ਕੀ ਹੋਇਆ, ਜਿਥੋਂ ਆਵਾਜ਼ ਹੋਈ ਉਹਨੂੰ ਓਅੰਕਾਰ ਕਹਿੰਦੇ ਨੇ। ਏਕੰਕਾਰ, ਆਵਾਜ਼ ਤੋਂ ਸਭ ਤੋਂ ਪਹਿਲਾਂ, ਇੱਕ ਤੱਤ ਦੀ ਉਪਜ ਹੋਈ ਜਿਸਨੂੰ ਹਉਮੈ ਕਹਿੰਦੇ ਨੇ, ਉਸ ਤੋਂ ਬਾਅਦ ਮਹਿਤੱਤ ਦੀ ਹੋਈ। ਪੰਜ ਵਿਸ਼ਿਆਂ ਦੀ ਹੋਈ, ਸ਼ਬਦ, ਸਪਰਸ਼, ਰੂਪ, ਰਸ, ਗੰਧ; ਸ਼ਬਦ ਤੋਂ ਹੋਇਆ ਆਕਾਸ਼। ਸਪਰਸ਼ ਤੋਂ ਹਵਾ, ਰੂਪ ਤੋਂ ਤੇਜ਼, ਰਸ ਤੋਂ ਪਾਣੀ, ਗੰਧ ਹੋਈ ਮਿੱਟੀ ਤੋਂ। ਪੰਜ ਤੱਤਾਂ ਤੋਂ ਸ੍ਰਿਸ਼ਟੀ ਦੀ ਰਚਨਾ ਸ਼ੁਰੂ ਹੋਈ, ਇਹ ਪਾਣੀ ਜਦੋਂ ਬਣ ਗਿਆ, ਉਸ ਵੇਲੇ ਬ੍ਰਹਮਾ ਦੀ ਉਤਪਤੀ ਹੋਈ, ਬ੍ਰਹਮਾ ਕੀ ਦੇਖਦਾ ਹੈ ਕਿ ਸਭ ਪਾਸੇ ਪਾਣੀ ਹੀ ਪਾਣੀ, ਤਿੰਨ ਗੁਣਾਂ ਵੱਡਾ ਹੈ ਸਮੁੰਦਰ ਧਰਤੀ ਤੋਂ, ਜੇ ਇਹ ਆਪਣੀ ਮਰਿਆਦਾ ਛੱਡ ਦੇਵੇ ਤਾਂ ਪਹਾੜਾਂ ਦੇ ਉਤੇ, ਕਿਉਂਕਿ ਉਤਰੀ ਧੁਰਾ ਜੋ ਹੈ ਸਾਡਾ ਉਹਦੇ ਉਤੇ ਵੀ ਸਮੁੰਦਰ ਹੈ, ਸਭ ਤੋਂ ਉੱਚਾ ਹੈ ਉਹ। ਜਿਹੜਾ ਦੱਖਣੀ ਧਰੁੱਵ ਹੈ ਉਥੇ ਵੀ ਪਾਣੀ ਹੀ ਪਾਣੀ ਹੈ। ਜਿਹੜੀ ਭੂ-ਮੱਧ ਰੇਖਾ ਹੈ ਉਹਦੇ ਵਿਚ ਵੀ ਪਾਣੀ ਹੀ ਪਾਣੀ ਹੈ। ਜੇ ਉਤਲਾ ਪਾਣੀ ਮਰਿਆਦਾ ਛੱਡ ਦੇਵੇ, ਉਹ ਪਹਾੜਾਂ ਤੋਂ ਤਾਂ ਕਈ-ਕਈ ਮੀਲ ਉੱਚਾ ਹੈ। ਇਹ ਤਾਂ ਡੁੱਬ ਜਾਂਦੀ ਹੈ ਧਰਤੀ ਉਹਦੇ ਵਿਚ, ਪਾਣੀ ਹੀ ਪਾਣੀ ਹੋ ਜਾਂਦਾ ਹੈ। ਧਰਤੀ ਨਹੀਂ ਅਜੇ ਬਣੀ ਪਾਣੀ ਹੀ ਪਾਣੀ, ਘੁੰਮ ਰਿਹਾ ਸੀ ਪਾਣੀ। ਉਸ ਵੇਲੇ ਕੀ ਦੇਖਦਾ ਹੈ ਇੱਕ ਫੁੱਲ ਦੇ ਉੱਤੇ ਬ੍ਰਹਮਾ ਜੀ ਚੌਂਕੜਾ ਮਾਰੀਂ ਬੈਠੇ ਨੇ, ਜਿਧਰ ਦੇਖਦਾ ਹੈ ਪਾਣੀ ਜਿਧਰ ਦੇਖਦਾ ਹੈ ਪਾਣੀ। ਕਹਿਣ ਲੱਗਿਆ ਕਿ ਮੈਂ ਹਾਂ, ਮੈਂ ਹਾਂ, ਮੈਂ ਹਾਂ। ਆਵਾਜ਼ ਆਈ ਕਿ ਤੂੰ ਨਹੀਂ ਹੈਂ, ਉਹ ਮੈਂ ਹੋਰ ਹੈ। ਕਹਿਣ ਲੱਗਿਆ ਫੇਰ ਮੈਂ ਕਿੱਥੋਂ ਆ ਗਿਆ, ਕਹਿੰਦੇ ਆਹ ਜਿਹੜਾ ਕਮਲ ਫੁੱਲ 'ਤੇ ਬੈਠਾ ਹੈਂ ਇਹਦੀ ਨਾਲੀ 'ਚੋਂ ਆਇਆ ਹੈਂ। ਉਸਨੇ ਲੱਤ ਮਾਰੀ ਇਹਦੇ ਵਿੱਚ, ਲੱਤ ਮਾਰੀ ਤਾਂ ਨਾਲੀ ਦੇ ਵਿਚ ਗਿਰ ਗਿਆ। ਅੰਤ ਲੈਣ ਗਿਆ ਕਿ ਪਿਛੋਂ ਮੇਰਾ ਆਦਿ

ਕਿੱਥੇ ਹੈ। ਐਸਾ ਮੱਤ ਹੈ ਗੁਰਬਾਣੀ ਦਾ, ਹੋਰ ਮਹਾਂਪੁਰਸ਼ਾ ਦਾ ਵੀ, ਵੇਦਾਂ ਦਾ ਵੀ, ਸ਼ਾਸਤਰਾਂ ਦਾ ਵੀ ਕਿ ਉਹ ਛੱਤੀ ਯੁੱਗ ਘੁੰਮਦਾ ਰਿਹਾ। ਨੌਂ ਚੌਂਕੜੀਆਂ ਘੁੰਮਦਾ ਰਿਹਾ। ਕਿੰਨਾ ਚਿਰ? 43 ਲੱਖ 20 ਹਜ਼ਾਰ ਨੂੰ ਨੌਂ ਨਾਲ ਗੁਣਾ ਕਰ ਲਓ, ਤਕਰੀਬਨ ਇਹ ਕਰੋੜਾਂ ਦੇ ਵਿਚ ਚਲੀ ਗਈ। ਕਰੋੜਾਂ ਸਾਲ ਘੁੰਮੀ ਗਿਆ ਕੁਛ ਨਾ ਪਤਾ ਲੱਗਿਆ। ਅਖੀਰ ਪੁਕਾਰ ਕਰੀ ਕਿ ਐ ਮੈਨੂੰ ਬਣਾਉਣ ਵਾਲੇ ਤੂੰ ਕੋਈ ਬਹੁਤ ਵੱਡੀ ਹਸਤੀ ਹੈਂ ਮੈਨੂੰ ਤੇਰਾ ਪਤਾ ਨਹੀਂ ਲਗ ਰਿਹਾ। ਮੈਨੂੰ ਗਿਆਨ ਦੇਹ, ਮੈਨੂੰ ਦਸ ਮੈਂ ਕੀ ਕਰਾਂ। ਉਸ ਵੇਲੇ ਕਮਲ ਫੁੱਲ 'ਤੇ ਫੇਰ ਆ ਗਿਆ। ਉਹਨੂੰ ਕਿਹਾ ਕਿ ਮਾਇਆ ਦੇ ਵਿਚੋਂ ਤੇਰਾ ਜਨਮ ਹੋਇਆ ਹੈ। ਮੈਂ ਆਪਣੀ ਸ਼ਕਤੀ ਦੇ ਨਾਲ ਮਾਇਆ ਦਾ ਪਸਾਰਾ ਕਰਿਆ ਹੈ।

***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ ॥***
***ਨਾਨਾ ਰੂਪੁ ਧਰੇ ਬਹੁ ਰੰਗੀ***
***ਸਭ ਤੇ ਰਹੈ ਨਿਆਰਾ ॥ ਅੰਗ - ੫੩੭***

ਪਾਣੀ ਵੀ ਮੈਂ ਆਪਣੇ-ਆਪ 'ਚੋਂ ਪੈਦਾ ਕਰਿਆ, ਆਕਾਸ਼ ਵੀ, ਅੱਗ ਵੀ, ਹਵਾ ਵੀ ਤੇ ਪਾਣੀ ਦੇ ਵਿਚੋਂ ਮਿੱਟੀ ਹੋਈ, ਧਰਤੀ ਬਣੀ, ਤੂੰ ਦੁਨੀਆਂ ਦੀ ਸਾਜਣਾ ਕਰ, ਤੇਰੀ ਅਸੀਂ ਡਿਊਟੀ ਲਾਉਂਦੇ ਹਾਂ। ਦੂਸਰਾ ਪੈਦਾ ਕਰਿਆ ਕਿ ਇਹ ਜਿਹੜੀ ਦੁਨੀਆਂ ਪੈਦਾ ਹੋਈ ਹੈ ਇਹਨੂੰ ਤੂੰ ਲੈਅ ਕਰਨਾ ਹੈ, ਹਰ ਚੀਜ਼ ਨੂੰ ਖਤਮ ਕਰਨਾ ਹੈ। ਸੰਸਾਰ ਦੇ ਅੰਦਰ ਨਵੀਨਤਾ ਰੱਖਣੀ ਹੈ, ਬੁਢਾਪਾ ਨਹੀਂ ਆਉਣ ਦੇਣਾ। ਜਿਵੇਂ ਕੂੜਾ ਹੂੰਝ ਕੇ ਬਾਹਰ ਸੁੱਟ ਦੇਈਦਾ ਹੈ, ਕੋਹਝ ਨੂੰ ਸਾਰੇ ਬ੍ਰਹਿਮੰਡਾਂ ਦੇ ਵਿਚੋਂ ਤੂੰ ਕੱਢਣਾ ਹੈ। ਤੀਸਰੇ ਨੂੰ ਕਹਿਣ ਲੱਗੇ, ਤੇਰੀ ਡਿਊਟੀ ਜਿੰਨੀ ਸ੍ਰਿਸ਼ਟੀ ਬਣਨੀ ਹੈ, ਉਹ ਚਾਹੇ ਅੰਡਜ ਹੈ ਚਾਹੇ ਜੇਰਜ ਹੈ, ਚਾਹੇ ਸੇਤਜ ਹੈ, ਚਾਹੇ ਉਤਭੁਜ ਹੈ, ਇਹਨੂੰ ਪਾਲਣ ਦੀ ਜ਼ਿੰਮੇਵਾਰੀ ਤੇਰੀ ਹੈ। ਤਿੰਨ ਸ਼ਕਤੀਆਂ ਪ੍ਰਭੂ ਨੇ ਆਪਣੀਆਂ ਹੀ ਅੱਡ-ਅੱਡ ਕੰਮ ਦੇ ਉਤੇ ਲਾ ਦਿੱਤੀਆਂ। ਗੁਰੂ ਮਹਾਰਾਜ ਜੀ ਇਸ ਕਹਿੰਦੇ ਨੇ -

**'ਮਹਿਮਾ ਨ ਜਾਨਹਿ ਬੇਦ ॥**
**ਬ੍ਰਹਮੇ ਨਹੀ ਜਾਨਹਿ ਭੇਦ ॥**
**ਅਵਤਾਰ ਨ ਜਾਨਹਿ ਅੰਤੁ ॥**
**ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥**
**ਅਪਨੀ ਗਤਿ ਆਪਿ ਜਾਨੈ ॥**
**ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥**
**ਸੰਕਰਾ ਨਹੀ ਜਾਨਹਿ ਭੇਵ ॥**
**ਖੋਜਤ ਹਾਰੇ ਦੇਵ ॥**
**ਦੇਵੀਆ ਨਹੀ ਜਾਨੈ ਮਰਮ ॥**
**ਸਭ ਊਪਰਿ ਅਲਖ ਪਾਰਬ੍ਰਹਮ ॥ਅੰਗ - ੮੯੪'**

ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਤੁਸੀਂ ਸਿਰੇ ਨੂੰ ਫੜੋ, ਅਖੀਰ ਨੂੰ ਫੜੋ, ਵਿਚਕਾਰਲੇ ਨੂੰ ਨਾ ਫੜੋ, ਵਿਚਕਾਰਲੇ ਤਾਂ ਉਸ ਤੋਂ ਹੇਠਾਂ ਨੇ। ਉਹ ਜਿਵੇਂ ਕਹਿੰਦਾ ਹੈ ਉਵੇਂ ਜਿਵੇਂ ਇਹ ਕਰਦੇ ਨੇ, ਇਨ੍ਹਾਂ ਦਾ ਅਖਤਿਆਰ ਨਹੀਂ ਕੁਛ, ਹੁਕਮ ਦੇ ਬੰਨ੍ਹੇ ਹੋਏ ਇਹ ਕਾਰ ਕਮਾ ਰਹੇ ਨੇ। ਇਨ੍ਹਾਂ ਦਾ ਜੋ ਜਨਮ ਹੈ ਉਹ ਪ੍ਰਮੇਸ਼ਰ 'ਚੋਂ ਨਹੀਂ ਹੈ, ਮਾਇਆ 'ਚੋਂ ਅੱਗੇ ਫਟਿਆ ਹੈ ਇਹ, ਜਿਸਨੂੰ ਐਸ ਤਰ੍ਹਾਂ ਦੇ ਨਾਲ ਪੜ੍ਹ ਲਓ ਸਾਰੇ -

***ਧਾਰਨਾ - ਏਕਾ ਮਾਈ ਜੁਗਤ ਵਿਆਈ***
***ਤਿੰਨ ਚੇਲੇ ਪਰਵਾਨ।***

***ਏਕਾ ਮਾਈ ਜੁਗਤਿ ਵਿਆਈ***
***ਤਿਨਿ ਚੇਲੇ ਪਰਵਾਣੁ ॥ ਅੰਗ - ੭***

ਇੱਕ ਮਾਇਆ ਤੋਂ ਤਿੰਨ ਪ੍ਰਵਾਨ ਹੋਏ। ਡਿਊਟੀਆਂ ਕੀ ਨੇ ਉਨ੍ਹਾਂ ਦੀਆਂ, ਇੱਕ ਸੰਸਾਰੀ ਪਾਲਣ ਵਾਲਾ, ਪੈਦਾ ਕਰਨ ਵਾਲਾ। ਦੂਸਰਾ ਹੈ ਭੰਡਾਰੀ ਸਾਰਿਆਂ ਨੂੰ ਰੋਜ਼ੀ ਦੇਣ ਵਾਲਾ ਜਿਸਨੂੰ ਬਿਸ਼ੰਭਰ ਕਹਿੰਦੇ ਨੇ। ਇਕ ਲਾਏ ਦੀਬਾਣ, ਜਿਹੜਾ ਸਮੇਟੀ ਜਾਂਦਾ ਹੈ ਨਾਲ ਦੀ ਨਾਲ। ਨਹੀਂ ਤਾਂ ਐਨਾ ਕੋਹਝ ਹੋ ਜਾਵੇ ਸੰਸਾਰ ਦੇ ਉੱਤੇ। ਬਹੁਤ ਕੋਹਝ ਹੋਏ ਮਨੁੱਖਤਾ 'ਚ ਵੀ, ਪਸ਼ੂਆਂ ਪੰਛੀਆਂ ਵੀ। ਬੁੱਢੇ-ਬੁੱਢੇ ਨਜ਼ਰ ਆਉਣ, ਸਾਰਾ ਕੋਹਝ ਹੀ ਕੋਹਝ ਨਜ਼ਰ ਆਵੇ, ਪਰ ਪ੍ਰਮੇਸ਼ਰ ਨੂੰ ਇਹ ਭਾਉਂਦਾ ਨਹੀਂ। ਉਹ ਨਿਤ ਨਵਾਂ ਨਰਿਆ ਹੈ, ਸਦਾ ਹੀ ਸੁੰਦਰ ਹੈ, ਵਾਹਿਗੁਰੂ ਕੋਹਝ ਨਹੀਂ ਹੈ। ਗੰਦ-ਮੰਦ ਨਹੀਂ ਹੈ ਵਾਹਿਗੁਰੂ, ਵਾਹਿਗੁਰੂ ਜਿਹੜਾ ਹੈ -

***ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥***
***ਅੰਗ - ੬੬●***

ਉਹਦਾ ਨਾਮ ਵੀ ਨਿੱਤ ਨਵਾਂ ਹੈ, ਉਹ ਕੀਰਤਨ, ਉਹਦੇ ਪਿਆਰੇ, ਉਹਦੇ ਬਚਨ ਨਿੱਤ ਨਵੇਂ ਨੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਪੁਰਾਣੇ ਨਹੀਂ ਹੁੰਦੇ, ਨਿੱਤ ਨਵੇਂ ਨੇ। ਨਵੀਨਤਾ ਹੈ, ਸੁੰਦਰਤਾ ਹੈ ਉਹਦੇ ਵਿੱਚ। ਸੋ ਡਿਊਟੀ ਲਾ ਦਿੱਤੀ ਕਿ ਸੁੰਦਰਤਾ ਦਾ ਜ਼ਿੰਮੇਵਾਰ ਤੂੰ ਹੈ। ਫਸਲ ਪੱਕ ਜਾਂਦੀ ਹੈ, ਫੇਰ ਉਹਦੇ ਖੜ੍ਹਨ ਦਾ ਕੀ ਹੈ। ਦਰਖਤ ਪੱਕ ਜਾਂਦਾ ਹੈ, ਫੇਰ ਕੋਹਝ ਆ ਜਾਂਦਾ ਹੈ ਪੱਕਿਆ ਹੋਇਆਂ ਦਾ, ਪੱਤੇ ਨਿਕਲਦੇ ਨੇ, ਸੁੱਕੀਆਂ ਟਾਹਣੀਆਂ ਨਿਕਲਦੀਆਂ ਨੇ, ਫੇਰ ਤਾਂ ਸਮੇਟਣਾ ਹੀ ਹੁੰਦਾ ਹੈ। ਮੱਝਾਂ, ਗਊਆਂ ਪੱਕ ਜਾਂਦੀਆਂ ਨੇ, ਪੁਰਪੁੜੀਆਂ ਵਿੱਚ ਧੱਸ ਜਾਂਦੀਆਂ ਨੇ, ਦੰਦ ਖਾ ਨਹੀਂ ਸਕਦੇ, ਅੱਖਾਂ ਵਿੱਚ ਧਸ ਜਾਂਦੀਆਂ ਨੇ, ਕਿੰਨਾ ਬੁਰਾ ਲਗਦਾ ਹੈ। ਉਹ ਵਾਹਿਗੁਰੂ ਜੀ ਨੇ ਡਿਊਟੀ ਲਾਈ ਹੋਈ ਹੈ ਕਿ ਨਾਲ ਦੀ ਨਾਲ ਸਮੇਟੀ ਜਾਣਾ। ਉਹਨੂੰ ਲਾਇ ਦੀਬਾਣ ਕਹਿੰਦੇ ਨੇ। ਇੱਕ ਸਭ ਨੂੰ ਦੇਣ ਵਾਲਾ ਹੈ, ਹੁਣ ਇਨ੍ਹਾਂ ਦੀ ਆਪਣੀ ਮਰਜ਼ੀ ਨਹੀਂ ਕੋਈ ਚਲਦੀ।

***ਜਿਵ ਤਿਸੁ ਭਾਵੈ ਤਿਵੈ ਚਲਾਵੈ***
***ਜਿਵ ਹੋਵੈ ਫੁਰਮਾਣੁ ॥ ਅੰਗ- ੭***

ਇਹ ਗੱਲ ਧਿਆਨ 'ਚ ਰੱਖਣ ਵਾਲੀ ਹੈ, ਆਪਣੇ ਉੱਤੇ ਹੁਕਮ ਚੱਲ ਰਿਹਾ ਹੈ, ਸਾਰਿਆਂ ਦੇ ਉੱਤੇ। ਤੁਹਾਡੇ 'ਤੇ, ਮੇਰੇ 'ਤੇ, ਤੁਹਾਡਾ ਇਥੇ ਆਉਣਾ ਵੀ ਹੁਕਮ ਦੇ ਵਿਚ ਹੈ। ਸਤਿਸੰਗ 'ਚ ਆ ਜਾਣਾ ਹੁਕਮ ਦੇ ਵਿਚ। ਉਹ ਹੁਕਮ ਕਿਵੇਂ ਹੈ, ਐਕਸ਼ਨ ਵਿਚ ਆਉਂਦਾ ਹੈ, ਪੂਰਾ ਨਹੀਂ ਦੱਸਿਆ ਜਾਂਦਾ। ਪਹਿਲਾਂ ਤੁਹਾਡੇ ਪੁੰਨ ਕਰਮ ਬਣਦੇ ਨੇ। ਪੁੰਨ ਕਰਮ ਤੁਹਾਨੂੰ ਪ੍ਰੇਰਦੇ ਨੇ। ਸਹੂਲਤਾਂ ਮੁਹੱਈਆਂ ਕਰਦੇ ਨੇ, ਸਮਾਂ ਕਢਾਉਂਦੇ ਨੇ, ਫੇਰ ਸਤਿਸੰਗ 'ਚ ਲੈ ਆਉਂਦੇ ਨੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪***

ਸਾਰੀ ਚੀਜ਼ ਹੁਕਮ 'ਚ ਚੱਲ ਰਹੀ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥***
***ਆਗਿਆਕਾਰੀ ਬਪੁਰਾ ਜੀਉ ॥***
***ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਅੰਗ- ੨੭੭***

ਸੋ ਇਨ੍ਹਾਂ ਦੀ ਆਪਣੀ ਸੁਤੰਤਰ ਮਰਜ਼ੀ ਨਹੀਂ ਹੈ, ਨਾ ਸ਼ਿਵ ਜੀ ਦੀ, ਨਾ ਬ੍ਰਹਮਾ ਦੀ, ਨਾ ਵਿਸ਼ਨੂੰ ਦੀ, ਅਸੀਂ ਨਾਉਂ ਰੱਖ ਲਏ। ਕੋਈ ਵੀ ਨਾਉਂ ਇਹਦਾ ਰੱਖਿਆ ਜਾ ਸਕਦਾ ਹੈ। ਇਹ ਨਹੀਂ ਕਿ ਉਨ੍ਹਾਂ ਨੇ ਰੱਖ ਲਏ ਅਸੀਂ ਕਾਹਨੂੰ ਰੱਖਣੇ ਨੇ। ਤੁਸੀਂ ਰੱਖਣਾ ਹੈ ਰੱਖ ਲਓ। ਮਤਲਬ ਓਹੀ ਹੁੰਦਾ ਹੈ, ਇਸ ਕਰਕੇ ਅੱਖਰਾਂ ਲਈ ਝਗੜਨਾ ਨਹੀਂ ਚਾਹੀਦਾ। ਕਿੰਤੂ ਨਹੀਂ ਚਾਹੀਦਾ। ਗੱਲ ਫੜੋ ਕਿ ਇਨ੍ਹਾਂ ਦੇ ਅਖਤਿਆਰ ਕੁਛ ਨਹੀਂ ਹੈ, ਪਰ ਅਸਚਰਜ ਦੀ ਗੱਲ ਇਹ ਹੈ ਕਿ -

***ਓਹੁ ਵੇਖੈ ਓਨਾ ਨਦਰਿ ਨ ਆਵੈ***
***ਬਹੁਤਾ ਏਹੁ ਵਿਡਾਣੁ ॥ ਅੰਗ - ੭***

ਵਾਹਿਗੁਰੂ ਤਾਂ ਇਨ੍ਹਾਂ ਨੂੰ ਦੇਖ ਰਿਹਾ ਹੈ ਤੇ ਇਨ੍ਹਾਂ ਨੂੰ ਵਾਹਿਗੁਰੂ ਨਜ਼ਰ ਨਹੀਂ ਆਉਂਦਾ। ਇਹੀ ਗੱਲ ਅਸਚਰਜ ਰੂਪ 'ਚ ਹੈ ਕਿ ਹੁਣ ਵਾਹਿਗੁਰੂ ਜੀ ਨਾ ਕਿਸੇ ਨੂੰ ਨਜ਼ਰ ਆਉਂਦਾ ਹੈ, ਨਾ ਦੇਵਤਿਆਂ ਨੂੰ ਆਉਂਦਾ ਹੈ, ਨਾ ਕਿਸੇ 93 ਲੱਖ, 99 ਹਜ਼ਾਰ, 999 ਜੂਨਾਂ 'ਚ ਕਿਸੇ ਨੂੰ ਵਾਹਿਗੁਰੂ ਨਜ਼ਰ ਨਹੀਂ ਆਉਂਦਾ। ਸਿਰਫ ਇੱਕ ਨੂੰ ਆਉਂਦਾ ਹੈ ਉਹ ਤੁਹਾਡਾ ਮਾਨਸ ਜਨਮ, ਐਡਾ ਕੀਮਤੀ ਤੋਹਫਾ ਤੁਹਾਨੂੰ ਪ੍ਰਮੇਸ਼ਰ ਨੇ ਦਿੱਤਾ ਹੈ। ਉਹਦੀ ਸਾਨੂੰ ਕਦਰ ਨਹੀਂ ਹੈ, ਸਮਾਂ ਲੰਘਦਾ ਜਾਂਦਾ ਹੈ ਅੱਜ ਚਲਿਆ ਗਿਆ, ਕੱਲ੍ਹ ਚਲੀ ਗਈ, ਪਰਸੋਂ ਚੌਥ, ਪੰਜਵੇਂ ਆਈ ਜਾਣੇ ਨੇ ਤੁਰੀ ਜਾਣੇ ਨੇ। ਪਰ ਅਸਾਨੂੰ ਕਦਰ ਨਹੀਂ ਹੈ ਕਿ ਇਹ ਜਨਮ ਸਾਨੂੰ ਕਾਹਦੇ ਵਾਸਤੇ ਮਿਲਿਆ ਹੈ ਸਰੀਰ। ਪਿਛਲੇ ਦੀਵਾਨ ਵਿੱਚ ਬੜੇ ਵਿਸਥਾਰ ਨਾਲ ਦੱਸਿਆ ਸੀ, ਬਹੁਤ ਖੋਲ੍ਹ-ਖੋਲ੍ਹ ਕੇ। ਉਹ ਕੇਵਲ ਮਨੁੱਖ ਹੈ ਜਿਹੜਾ ਵਾਹਿਗੁਰੂ ਤਕ ਪਹੁੰਚ ਸਕਦਾ ਹੈ ਹੋਰ ਕੋਈ ਨਹੀਂ ਪਹੁੰਚ ਸਕਦਾ। ਇਸੇ ਕਰਕੇ ਉਤਮ ਦੇਹੀ ਕਿਹਾ ਹੈ ਇਸਨੂੰ। ਇਹ ਨਹੀਂ ਕਿ ਇਹ ਦੇਹ ਫਟਾਫਟ ਮਿਲੀ ਜਾਂਦੀ ਹੈ। ਬਹੁਤ ਚਿਰ ਤੋਂ ਬਾਅਦ ਇਹ ਦੇਹ ਮਿਲਦੀ ਹੈ ਤੇ ਇਹਦਾ ਕੰਮ ਕੀ ਹੈ? -

***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬***

ਤੇਰੀ ਵਾਰੀ ਆ ਗਈ। ਯੂ.ਪੀ ਦੇ ਅੰਦਰ ਪਾਣੀ ਵੀ ਅਸੀਂ ਧਰਤੀ 'ਚੋਂ ਕੱਢ ਲਿਆ ਸੀ। ਟਿਊਬਵੈਲ ਲਾ ਲਏ ਸੀ ਬੇਅੰਤ ਹੀ। ਹਰ ਬੰਦੇ ਨੇ ਹੀ ਲਾ ਲਏ। ਸਗੋਂ ਪਹਿਲਾਂ-ਪਹਿਲਾਂ ਬਿਜਲੀ ਹੈ ਨਹੀਂ ਸੀ, ਟਿਊਬਵੈਲ ਲਾ ਨਹੀਂ ਸੀ ਸਕਦੇ। ਇੰਜਣਾਂ ਦੇ ਨਾਲ ਚਲਾਉਂਦੇ ਸੀ ਉਹ ਮਹਿੰਗਾ ਬਹੁਤ ਪੈਂਦਾ ਸੀ, ਇੰਜਣ ਖਰਾਬ ਹੀ ਰਹਿੰਦੇ ਸੀ। ਹੁਣ ਧਾਨ ਬੀਜੇ ਹੋਏ ਨੇ ਤੇ ਇਕੱਠੇ ਹੋ ਕੇ ਇਹ ਕਰਦੇ ਸੀ ਕਿ ਦੇਖੋ, ਐਨੀ ਜ਼ਮੀਨ ਨੂੰ ਸਿੰਜਦਾ ਹੈ ਇਹ ਖਾਲਾ, ਇਹਨੂੰ ਤਕਸੀਮ ਕਰੋ ਸੱਤ ਜਾਂ ਦਸ ਦਿਨਾਂ 'ਤੇ, ਦਸ ਦਿਨਾਂ 'ਚ ਕਰ ਲਿਆ ਕਿ ਏਕੜ ਨੂੰ ਅੱਧਾ ਘੰਟਾ, ਚਾਹੇ ਭਰੇ ਚਾਹੇ ਖਾਲੀ ਰਹੇ, ਆਪਣੀ ਫਸਲ ਉਸ ਹਿਸਾਬ ਨਾਲ ਬੀਜੋ ਜਿਹੜੀ ਸਿੰਜੀ ਜਾਵੇ। ਧਿਆਨ ਨਾਲ ਮੇਰੇ ਗੱਲ ਸੁਣਿਓ। ਉਹ ਫੇਰ ਇੱਕ ਬੰਦਾ ਥਾਪ ਲਿਆ ਜਾਂਦਾ ਸੀ, ਸਾਰਿਆਂ ਨੂੰ ਜਿਹੜਾ ਮਨਜ਼ੂਰ ਸੀ। ਉਹਦੇ ਕੋਲ ਘੜੀ ਹੁੰਦੀ, ਲਿਖਿਆ ਹੋਇਆ ਹੁੰਦਾ ਕਿ ਐਨੇ ਵਜ ਕੇ ਐਨੇ ਮਿੰਟ ਤੋਂ ਐਨੇ ਵਜੇ ਤਕ। ਵਾਰੀ ਹੈ ਇਹਦੀ। ਇਹਦੀ ਐਨੀ ਜ਼ਮੀਨ ਹੈ, ਵੀਹ ਏਕੜ ਹੈ। ਦਸ ਘੰਟੇ ਦੀ ਵਾਰੀ ਹੈ। ਉਹ ਸਮਾਂ ਲਿਖ ਕੇ ਪਰਚੀਆਂ ਦੇ ਦਿੰਦਾ ਸੀ ਸਾਰਿਆਂ ਨੂੰ ਕਿ ਤੇਰੀ ਵਾਰੀ ਐਨੇ ਵਜੇ, ਤੇਰੀ ਐਨੇ ਵਜੇ। ਰੌਲਾ ਨਹੀਂ ਸੀ ਪੈਂਦਾ ਇਸ ਨਾਲ। ਉਹ ਫੇਰ ਹਰ ਬੰਦਾ ਚੌਕਸ ਰਹਿੰਦਾ ਸੀ ਕਿ ਮੇਰਾ ਇੱਕ ਮਿੰਟ ਵੀ ਨਾ ਲੰਘ ਜਾਵੇ। ਜਿਹਦਾ ਪਾਣੀ ਪਹਿਲਾਂ ਪੈ ਰਿਹਾ ਹੈ, ਉਪਰਲੇ ਖੇਤ ਵਾਲੇ ਦਾ, ਜਾਂ ਹੇਠਲੇ ਖੇਤ ਵਾਲੇ ਨੂੰ, ਉਥੇ ਬਹਿ ਜਾਂਦੇ ਸੀ ਜਾ ਕੇ ਦਸ ਪੰਦਰਾਂ ਮਿੰਟ ਪਹਿਲਾਂ। ਉਹਨੂੰ ਵੀ ਪਤਾ ਲਗ ਜਾਂਦਾ ਸੀ ਕਿ ਮੇਰਾ ਸਮਾਂ ਹੋ ਗਿਆ। ਉਹਦੇ ਕੋਲ ਵੀ ਘੜੀ ਹੈ, ਆਪ ਦੇ ਕੋਲ ਵੀ ਘੜੀ ਹੈ, ਦੋਹਾਂ ਨੇ ਸਮਾਂ ਮਿਲਾਇਆ ਹੋਇਆ ਹੈ। ਉਹਨੇ ਕਿਹਾ ਹੈ ਕਿ ਲੈ ਬਈ ਪੰਜ ਮਿੰਟ ਰਹਿ ਗਏ, ਮੈਂ ਹੁਣ ਚਲਦਾ ਹਾਂ, ਮੈਂ ਹੁਣ ਜਾ ਕੇ, ਆਹ ਖਾਲੇ ਦੇ ਵਿਚ ਪੰਜ ਮਿੰਟ ਦਾ ਪਾਣੀ ਪਿਆ ਹੈ ਤੇ ਮੈਂ ਆਪਣੇ ਖੇਤ ਨੂੰ ਵੱਢ ਦੇਵਾਂ। ਉਹਦਾ ਖੇਤ ਸਿੰਜਿਆ ਜਾਂਦਾ ਸੀ ਪੂਰੇ ਟਾਈਮ 'ਤੇ।

ਹੁਣ ਇਹਦੇ ਮੁਕਾਬਲੇ ਦੇ ਉੱਤੇ ਇਕ ਬੰਦੇ ਐਸੇ ਨੇ ਜਿਨ੍ਹਾਂ ਨੂੰ ਨਸ਼ੇ ਪੀਣ ਦੀ ਆਦਤ ਹੁੰਦੀ ਹੈ, ਉਹਨੇ ਕਿਹਾ ਕਿ ਵਾਰੀ ਤਾਂ ਆ ਗਈ, ਨੌਕਰ ਵੀ ਨਾਲ ਲਏ, ਖਾਲਾ ਵੀ ਠੀਕ ਕਰ ਲਿਆ। ਉਸ ਤੋਂ ਬਾਅਦ ਉਹ ਸ਼ਰਾਬ ਪੀਣ ਲਗ ਗਿਆ। ਜ਼ਿਆਦਾ ਪੀ ਲਈ, ਮਸਤ ਹੋ ਕੇ ਸਾਰੇ ਹੀ ਪੈ ਗਏ। ਹੋਇਆ ਕੀ ਵਾਰੀ ਵਾਲਾ ਦੇਖਦਾ ਹੈ ਕਿ ਮੇਰੇ ਖੇਤ ਨੂੰ ਪਾਣੀ ਲਗਦਾ ਹੈ, ਉਹ ਤਾਂ ਆਇਆ ਹੀ ਨਹੀਂ। ਉਹ ਤਾਂ ਪਾਣੀ ਛੱਡ ਕੇ ਆਪਣੇ ਘਰ ਨੂੰ ਤੁਰ ਆਇਆ ਕਿ ਆਪੇ ਜਦੋਂ ਆਉਣਗੇ, ਬੰਦ ਕਰ ਲੈਣਗੇ।, ਮੈਂ ਇੱਥੇ ਖੜ੍ਹਾ ਹਾਂ ਰੌਲਾ ਪਾਉਣਗੇ ਮੇਰੇ ਨਾਲ। ਇਧਰ ਚਾਰ ਏਕੜ ਜ਼ਮੀਨ ਸੀ ਦੋ ਘੰਟੇ ਦੀ ਵਾਰੀ ਸੀ, ਉਹ ਦੋ ਘੰਟੇ ਬੇਹੋਸ਼ ਹੀ ਪਏ ਰਹੇ। ਅਗਲੇ ਖੇਤ ਵਾਲਾ ਆਇਆ, ਉਹਨੇ ਕਿ ਆਹ ਤਾਂ ਪਾਣੀ ਵੱਢਿਆ ਹੀ ਨਹੀਂ ਇਨ੍ਹਾਂ ਨੇ, ਮੇਰਾ ਸਮਾਂ ਆ ਗਿਆ, ਉਹਨੇ ਉਥੋਂ ਨੱਕਾ ਬੰਦ ਕਰਕੇ ਆਪਣੇ ਖੇਤ 'ਚ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ। ਹੁਣ ਇਹ ਹੋਇਆ ਕੀ, ਕਿੰਨਾ ਨੁਕਸਾਨ ਹੋਇਆ ਉਸ ਬੰਦੇ ਦਾ, ਜਦ ਉਹਨੂੰ ਹੋਸ਼ ਆਈ, ਹੁਣ ਲੜ ਤਾਂ ਸਕਦੇ ਨਹੀਂ, ਉਹ ਕਹਿੰਦਾ ਭਾਈ, ਘੜੀ ਦੇਖ ਤੇਰਾ ਪਾਣੀ ਮੈਨੂੰ ਨਹੀਂ ਪਤਾ ਕਿੱਥੇ ਗਿਆ ਮੈਂ ਤਾਂ ਆਪਣੇ ਸਮੇਂ 'ਤੇ ਆਇਆ ਹਾਂ। ਤੂੰ ਸਾਵਧਾਨ ਹੋ ਕੇ ਆਪਣਾ ਪਾਣੀ ਵੱਢ ਲੈਂਦਾ। ਹੁਣ ਇਹਦਾ ਜਵਾਬ ਕੀ ਹੈ, ਉਹ ਤਾਂ ਨਸ਼ੇ ਵਿਚ ਗੁਲਤਾਨ ਪਿਆ ਰਿਹਾ ਹੈ, ਪਾਣੀ ਵੱਢ ਨਹੀਂ ਸੀ ਸਕਦਾ। ਮਹਾਰਾਜ ਕਹਿੰਦੇ, ਤੇਰੀ ਵਾਰੀ ਆਈ ਹੋਈ ਹੈ ਪ੍ਰੇਮੀਆਂ! ਇਹ ਲੰਘ ਜਾਣੀ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅੰਗ - ੧੨***

ਜੇ ਤਾਂ ਸਮੇਂ ਦੇ ਅੰਦਰ-ਅੰਦਰ ਮਿਲ ਲਿਆ, ਮਿਲ ਲਿਆ ਨਹੀਂ ਤਾਂ ਪਿਆਰਿਆ ਫੇਰ ਜਿਹੜੇ ਚੱਕਰ 'ਚੋਂ ਤੈਨੂੰ ਕੱਢ ਕੇ ਮਨੁੱਖ ਬਣਾਇਆ, ਮੁੜ ਕੇ ਉਸੇ ਚੱਕਰ 'ਚ ਫੇਰ ਪੈ ਗਿਆ।

***ਇਸੁ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੁਖੁ ਪਾਇਦਾ ॥***
***ਅੰਗ - ੧੦੭੫***

ਦੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦੇਵਤਿਆਂ ਨੂੰ ਪ੍ਰਮੇਸ਼ਰ ਨਹੀਂ ਦਿਸਦਾ। ਪਸ਼ੂ ਪੰਛੀਆਂ ਨੂੰ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ। ਹੈਗਾ ਉਨ੍ਹਾਂ ਦੇ ਅੰਦਰ। ਮਨੁੱਖ ਦੇ ਅੰਦਰ ਇਕ ਰਸਤਾ ਹੈ, ਜਿਹੜਾ ਸਿੱਧਾ ਰੱਬ ਕੋਲ ਨੂੰ ਜਾਂਦਾ ਹੈ। ਅਸੀਂ ਵਿਚਾਰਦੇ ਨਹੀਂ ਹਾਂ, ਅਸੀਂ ਇਹਨੂੰ ਅਹਿਮੀਅਤ ਨਹੀਂ ਦਿੰਦੇ ਕਿ ਸਾਡੇ ਅੰਦਰ ਵੀ ਇਕ secret path ਹੈ ਜਿਹੜਾ ਸਿੱਧਾ ਹੀ ਰੱਬ ਦੇ ਦਰ 'ਤੇ ਜਾ ਪਹੁੰਚਦਾ ਹੈ। ਉਹਦੇ ਆਲੇ-ਦੁਆਲੇ ਕੁਛ ਹਦਾਇਤਾਂ ਨੇ ਕਿ ਦੇਖੀਂ ਆਹ ਨਾ ਕਰੀਂ, ਆਲੇ-ਦੁਆਲੇ ਤੇਰੇ ਖਤਰਨਾਕ ਚੋਰ ਰਹਿੰਦੇ ਨੇ। ਉਹ ਧੋਖੇ ਦਿੰਦੇ ਨੇ ਉਨ੍ਹਾਂ ਕੋਲ ਐਨੀਆਂ ਚੀਜ਼ਾਂ ਨੇ ਕਿ ਆਦਮੀ ਉਨ੍ਹਾਂ ਦਾ ਮੁਕਾਬਲਾ ਕਰਨ ਤੋਂ ਅਸਮਰਥ ਹੈ। ਜਦੋਂ ਤਕ ਤਕੜੇ ਬੰਦੇ ਦੀ ਸ਼ਰਨ ਵਿਚ ਨਾ ਜਾਵੇ। ਜੇ ਉਹਦਾ ਡਰ ਉਨ੍ਹਾਂ ਨੂੰ ਹੋਵੇ ਫੇਰ ਤਾਂ ਉਹ ਨਹੀਂ ਕੁਛ ਕਰਦੇ। ਜੇ ਇਕੱਲਾ ਹੋਵੇ ਤਾਂ ਉਹਨੂੰ ਲੁੱਟ ਲੈਂਦੇ ਨੇ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦***

ਉਹਨੇ ਆਪਣਾ ਕੋਈ ਬਣਾਇਆ ਹੀ ਨਹੀਂ, ਨਾ ਬਣਾਉਣ ਕਰਕੇ ਲੁੱਟਿਆ ਜਾਂਦਾ ਹੈ। ਸਾਰੀ ਦੁਨੀਆਂ ਨੂੰ ਉਹ ਲੁੱਟ ਰਹੇ ਨੇ। ਹੁਣ ਵੱਡੀ ਗੱਲ ਇਹ ਹੈ ਕਿ ਸਤਿਸੰਗ 'ਚ ਤੁਸੀਂ ਆਉਂਦੇ ਓਂ। ਇਥੇ ਬਾਤਾਂ ਸੁਣਾ ਕੇ ਤੁਹਾਨੂੰ ਖੁਸ਼ ਨਹੀਂ ਕਰਦੇ, ਰਾਹ ਦੀ ਗੱਲ ਕਰਦੇ ਹਾਂ ਕਿ ਆਹ ਰਸਤਾ ਜਾਂਦਾ ਹੈ ਪ੍ਰਮੇਸ਼ਰ ਵਲ ਨੂੰ, ਉਹਦੇ ਵਾਸਤੇ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ***
***ਕਰਿ ਭਗਤਿ ਮਿਲੀਜੈ ॥ ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ ॥ ਅੰਗ - ੯੫੪***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥***
***ਅੰਗ - ੯੪੭***

ਰਸਤਾ ਦਸ ਦਿੱਤਾ ਗੁਰੂ ਮਹਾਰਾਜ ਨੇ ਖੋਲ੍ਹ ਕੇ ਕਿ ਪੌੜੀ-ਪੌੜੀ, ਡੰਡਾ-ਡੰਡਾ ਕਿਵੇਂ ਚੜ੍ਹਨਾ ਹੈ, ਉਸ ਲਈ ਡਿਊਟੀ ਲਾ ਦਿੱਤੀ ਸੰਤਾਂ ਦੀ ਕਿ ਤੁਸੀਂ ਦਸ ਦਿਓ। ਮਹਾਰਾਜ ਨੇ ਰਸਤੇ ਨਕਸ਼ਾ ਖਿੱਚ ਦਿੱਤਾ। ਆਹ ਕਿਲ੍ਹਾ ਨੌਂ ਦਰਵਾਜ਼ਿਆਂ ਵਾਲਾ ਹੈ, ਅੱਖਾਂ, ਨਾਸਕਾ, ਮੂੰਹ, ਕੰਨ, ਮਲਮੂਤਰ ਦੇ ਇੰਦਰੇ ਨੇ, ਨੌਂ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ। ਇੱਕ ਦਰਵਾਜ਼ਾ ਅੰਦਰ ਨੂੰ ਖੁਲ੍ਹਦਾ ਹੈ, ਬਾਹਰ ਨੂੰ ਨਹੀਂ ਖੁੱਲਦਾ। ਉਹ ਜਾਂਦਾ ਕਿੱਥੋਂ ਦੀ ਹੈ। ਦੋ ਰਸਤੇ ਨੇ, ਇੱਕ ਤਾਂ ਬਹੁਤ ਹੀ ਔਖਾ ਹੈ, ਉਹ ਹੈ ਰੀੜ੍ਹ ਦੀ ਹੱਡੀ ਜਿੱਥੇ ਖਤਮ ਹੁੰਦੀ ਹੈ ਨਾ ਇੱਥੇ ਇੱਕ ਨਾੜੀ ਹੈ ਭੁਚੰਗਾ ਨਾੜੀ ਉਹਨੂੰ ਕਹਿੰਦੇ ਨੇ, ਉਹਨੇ ਇਸ ਤਰ੍ਹਾਂ ਜਿਵੇਂ ਸੱਪ ਕੋਈ ਮੂੰਹ ਵਿਚ ਚੀਜ਼ ਲੈ ਲਵੇ, ਸੱਪ ਵਰਗੀ ਸ਼ਕਲ ਹੈ, ਐਸ ਤਰ੍ਹਾਂ ਉਹਨੇ ਰੀੜ੍ਹ ਦੀ ਹੱਡੀ ਦਾ ਹੇਠਲਾ ਹਿੱਸਾ ਜਿੱਥੇ ਸੁਰਾਖ ਹੈ ਉਹ ਇਸ ਤਰ੍ਹਾਂ ਮੂੰਹ 'ਚ ਲੈ ਲਿਆ। ਉਹਦੇ ਵਿਚੀਂ ਜਾਂਦਾ ਹੈ ਰਾਹ, ਉਹ ਰਾਹ ਰੋਕ ਲਿਆ ਉਹਨੇ। ਉਹਨੂੰ ਇਲੈਕਟ੍ਰਾਨਿਕ ਦੀ ਸ਼ਕਤੀ ਕਹਿੰਦੇ ਨੇ, ਸ਼ਾਸਤਰ ਦੀ ਬੋਲੀ 'ਚ ਉਹਨੂੰ ਕੁੰਡਲਨੀ ਕਹਿੰਦੇ ਨੇ। ਇਹ ਜਿਨ੍ਹਾਂ ਨੇ ਰਾਹ ਖੋਲ੍ਹ ਲਿਆ, ਉਹ ਪ੍ਰਾਣਾਯਾਮ ਕਰਦੇ ਨੇ। ਸਾਹ ਖਿਚਦੇ ਨੇ ਅੰਦਰ ਨੂੰ, ਰੋਕਦੇ ਨੇ, ਹੌਲੀ-ਹੌਲੀ ਛਡਦੇ ਨੇ, ਛੋਟਾ ਪ੍ਰਾਣਾਯਾਮ ਜਿਹੜਾ ਸ਼ੁਰੂ ਹੁੰਦਾ ਹੈ ਨਾ, ਕਿਤੇ ਕਰਨ ਨਾ ਲਗ ਜਾਣਾ। ਦਿਮਾਗ ਖਤਮ ਹੋ ਜਾਏਗਾ ਕਿਉਂਕਿ ਅੱਜਕੱਲ੍ਹ ਕੋਈ ਵੀ ਦੁਨੀਆਂ 'ਚ ਬ੍ਰਹਮਚਾਰੀ ਨਹੀਂ ਰਿਹਾ। ਸਾਰੇ ਪਤਿਤ ਹੋਏ-ਹੋਏ ਲੋਕ ਨੇ। ਗ੍ਰਹਿਸਤ ਵਾਲੇ ਗ੍ਰਹਿਸਤੀ ਨੇ, ਦੂਸਰੇ ਵੈਸੇ ਨੇ; ਉਹ ਨਹੀਂ ਇਸ ਰਸਤੇ ਜਾ ਨਹੀਂ ਸਕਦੇ, ਮਹਾਰਾਜ ਨੂੰ ਪਤਾ ਹੀ ਹੈ। 42 ਵਾਰੀ ਵਾਹਿਗੁਰੂ-ਵਾਹਿਗੁਰੂ ਅੰਦਰ ਨੂੰ ਸਾਹ ਲੈ ਕੇ ਕਰੋ, 84 ਵਾਰੀ ਰੋਕ ਕੇ ਕਹੋ, 42 ਛਡਦੇ ਕਹੋ, 168 ਵਾਰੀ ਵਾਹਿਗੁਰੂ ਇੱਕ ਸਾਹ 'ਚ ਕਿਹਾ ਜਾ ਸਕਦਾ ਹੈ। ਇਹ ਨਹੀਂ ਕਿ ਬਹੁਤ ਤੇਜ਼-ਤੇਜ਼ ਕਹਿ ਦੇਣਾ ਹੈ, ਨਹੀਂ ਆਰਾਮ ਨਾਲ ਵਾਹਿਗੁਰੂ-ਵਾਹਿਗੁਰੂ ਕਹਿਣਾ ਹੈ। ਇਹਦੇ ਨਾਲ ਕੀ ਹੁੰਦਾ ਹੈ ਗਰਮੀ ਵਧ ਜਾਂਦੀ ਹੈ ਬੇਅੰਤ, ਦਿਮਾਗ ਚਕਰਾਅ ਜਾਂਦਾ ਹੈ। ਕਈ ਪਾਗਲ ਹੋ ਜਾਂਦੇ ਨੇ। ਕਿਉਂਕਿ heat ਐਨੀ ਸਰੀਰ 'ਚ ਵਧ ਜਾਂਦੀ ਹੈ ਕਿ ਠੰਢੇ ਪਾਣੀਆਂ 'ਚ ਬੈਠੇ ਤਾਂ ਕਿਤੇ ਜਾ ਕੇ, ਠੰਡੀਆਂ ਚੀਜ਼ਾਂ ਖਾਵੇ ਫੇਰ ਉਹ ਪਰੈਸ਼ਰ ਪਾਉਂਦੇ ਨੇ। ਅਪਾਨ ਵਾਯੂ ਜਿਹੜੀ ਸਰੀਰ ਵਿਚ ਹੈਗੀ, ਗੰਦ ਮੰਦ ਨੂੰ, ਸਾਢੇ ਤਿੰਨ ਕਰੋੜ ਰੋਮਾਂ ਵਿਚੋਂ ਜ਼ਹਿਰ ਕੱਢਣ ਵਾਲੀ ਉਹਨੂੰ ਸਾਹ ਵਾਲੀ ਹਵਾ ਦੇ ਨਾਲ ਰਲਾਉਣਾ ਪੈਂਦਾ ਹੈ। ਇਹ ਰਲਾ ਕੇ ਦੋਹਾਂ ਦੀ heat ਦੇਣੀ ਪੈਂਦੀ ਹੈ ਉਥੇ। ਉਹ ਜਿਹੜਾ ਮੂੰਹ ਹੈ ਭੁਚੰਗਾ ਨਾੜੀ ਦਾ ਉਹ heat ਦੇ ਨਾਲ ਖੁੱਲ੍ਹ ਜਾਂਦਾ ਹੈ। ਖੁਲ੍ਹਦੇ ਸਾਰ ਕੀ ਹੁੰਦਾ ਹੈ ਹਵਾ ਦਾ ਸੁਭਾਅ ਹੈ ਜਿਥੇ ਖਾਲੀ ਥਾਉਂ ਨੇ, ਉਥੇ ਦਾਖਲ ਹੋ ਜਾਣਾ ਹੈ। ਰੀੜ੍ਹ ਦੀ ਹੱਡੀ ਦੇ ਸੁਰਾਖ ਦੇ ਵਿਚ ਦਾਖਲ ਹੋ ਜਾਂਦੀ ਹੈ ਤੇ ਉਥੇ ਇੱਕ ਮਾਸ ਦਾ ਟੁਕੜਾ ਹੈ, ਉਹਨੂੰ ਮੂਲਧਾਰ ਚੱਕਰ ਕਹਿੰਦੇ ਨੇ, ਉਹ ਚੱਕਰ ਉਸੇ ਤਰ੍ਹਾਂ heat ਦਿੰਦੇ-ਦਿੰਦੇ ਤੋੜ ਲਿਆ, ਉਥੇ ਨਿਸ਼ਾਨੀਆਂ ਨੇ, ਚਾਰ ਪੱਤਿਆਂ ਦਾ ਉਥੇ ਫੁਰਨਾ ਹੈ ਤੇ ਰੰਗ ਹੈ ਉਹਦਾ ਤੇ ਰੋਸ਼ਨੀ ਹੈ। ਉਥੇ ਅੱਖਰ ਬਣਦੇ ਨੇ, ਛੇ ਸੱਤ ਅੱਖਰ ਉਥੇ ਹੁੰਦੇ ਨੇ ਉਨ੍ਹਾਂ ਦੀ ਆਵਾਜ਼ ਆਉਂਦੀ ਹੈ। ਉਸ ਤੋਂ ਉਪਰ ਫੇਰ ਸ਼ੁਰੂ ਕਰ ਲੈਂਦੇ ਨੇ। ਫੇਰ ਇਹ ਅਗਲਾ ਚੱਕਰ ਤੋੜ ਲੈਂਦੇ ਨੇ ਏਵੇਂ ਜਿਵੇਂ ਜਿਹਨੂੰ ਅਧਿਸ਼ਠਾਨ ਦਾ ਚੱਕਰ ਕਹਿੰਦੇ ਨੇ। ਉਹਦੇ ਉੱਤੇ ਨਾਭੀ ਜਿਥੇ ਹੈ ਇਹਦੇ ਬਿਲਕੁਲ ਬਰਾਬਰ ਰੀੜ੍ਹ ਦੀ ਹੱਡੀ ਦੇ ਵਿਚ ਤੀਸਰਾ ਚੱਕਰ ਆ ਜਾਂਦਾ ਹੈ। ਉਹ ਚੱਕਰ ਕੀ ਹੈ ਉਥੇ ਗੋਲਾਈ ਦੇ ਵਿਚ, ਰੀੜ੍ਹ ਦੀ ਹੱਡੀ ਵਿਚੋਂ ਪੋਲੀ ਹੈ। ਭੁਚੰਗਾ ਨਾੜੀ ਹੈ ਈੜਾ ਪਿੰਗਲਾ ਉਹਦੇ ਆਲੇ-ਦੁਆਲੇ ਨੇ। ਇਹਦੇ ਨਾਲ ਫੇਰ ਤੀਸਰਾ ਚੱਕਰ ਤੋੜਿਆ ਜਾਂਦਾ

ਹੈ ਜਿਸਨੂੰ ਮਣੀਪੂਰਕ ਕਹਿੰਦੇ ਨੇ, ਉਹ ਤੋੜਿਆ ਜਾਂਦਾ ਹੈ। ਫੇਰ ਉਸ ਤੋਂ ਬਾਅਦ ਜ਼ੋਰ ਪਾਉਂਦੇ ਨੇ, ਫੇਰ ਜਿਥੇ ਕੌਡੀ ਹੈ ਸਾਡੀ, ਦਿਲ ਜਿੱਥੇ ਸ਼ੁਰੂ ਹੁੰਦਾ ਹੈ ਉਥੇ ਫੇਰ ਆਉਂਦਾ ਹੈ ਇੱਕ ਚੱਕਰ ਉਹਨੂੰ ਵਿਸ਼ੁੱਧ ਚੱਕਰ ਕਹਿੰਦੇ ਨੇ। ਅਨਹਦ ਚੱਕਰ, ਅਨਾਹਤ ਚੱਕਰ, ਉਥੇ ਆ ਕੇ ਬਾਰ੍ਹਾਂ ਪੱਤਿਆਂ ਦਾ ਫੁੱਲ ਹੋ ਜਾਂਦਾ ਹੈ। ਰੋਸ਼ਨੀ ਉਸ ਥਾਂ ਦੇ ਉੱਤੇ ਲਾਲ ਰੰਗ ਦੀ ਹੋ ਜਾਂਦੀ ਹੈ, ਉਥੋਂ ਫੇਰ ਸੁਰਤ ਨੂੰ ਖੋਲ੍ਹਦੇ-ਖੋਲ੍ਹਦੇ ਕੌਲ ਤਕ ਪਹੁੰਚ ਜਾਂਦਾ ਹੈ ਜਿੱਥੇ ਗਲ ਦੇ ਬਰਾਬਰ ਰੀੜ੍ਹ ਦੀ ਹੱਡੀ ਹੈ ਉਹਨੂੰ ਵਿਸ਼ੁੱਧ ਚੱਕਰ ਕਹਿੰਦੇ ਨੇ। ਇੱਥੇ ਆ ਕੇ ਸੋਲਾਂ ਪੱਤੇ ਨੇ ਤੇ ਇਸ ਤੋਂ ਅੱਗੇ ਫੇਰ ਜਿੱਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਬਿਲਕੁਲ ਇਹਦੇ ਬਰਾਬਰ ਚਲੇ ਜਾਓ ਇਥੇ ਆਗਿਆ ਚੱਕਰ ਹੈ, ਉਹਦੇ 'ਚ ਦੋ ਚੱਕਰ ਨੇ, ਲੇਕਿਨ ਰੋਸ਼ਨੀ ਐਨੀ ਤੇਜ਼ ਹੈ ਕਿ ਚਿੱਟੀ ਰੋਸ਼ਨੀ ਇਥੇ ਹੀ ਗੁਰੂ ਦਾ ਮਿਲਾਪ ਹੁੰਦਾ ਹੈ, ਇੱਥੇ ਹੀ ਜਿਹੜਾ ਜੀਵ ਹੈ ਉਹ ਤਾਂ ਸਰੀਰ ਵਿਚੋਂ ਨਿਕਲ ਜਾਂਦਾ ਹੈ, ਮਰ ਜਾਂਦਾ ਹੈ, ਜਿੰਨਾ ਚਿਰ ਹੁੰਦਾ ਹੈ ਓਨਾਂ ਚਿਰ ਕਹਿੰਦਾ ਹੈ ਕਿ ਉਹ ਜੀਉਂਦਾ ਹੈ। ਉਹ ਮਿਲ ਜਾਂਦਾ ਹੈ। ਇਥੋਂ ਫੇਰ ਗੁਰੂ ਜੇ ਧਾਰਿਆ ਹੋਇਆ ਹੈ ਮਦਦ ਕਰਦਾ ਹੈ, ਇਹਨੂੰ ਤ੍ਰਿਕੁਟੀ ਵਿਚੋਂ ਲੰਘਾਉਂਦਾ ਹੈ। ਉਸ ਤੋਂ ਅੱਗੇ ਗੁਰੂ ਫੇਰ ਰਾਖੀ ਕਰਦਾ ਹੈ, ਫੇਰ ਸਹੰਸਰਾਰ ਦਲ ਇੱਕ ਹਜ਼ਾਰ ਦਲ ਦਾ ਫੁੱਲ ਹੈ ਉੱਥੇ, ਚਿੱਟੀ ਰੋਸ਼ਨੀ ਹੈ, ਉਥੇ ਸ਼ਕਤੀਆਂ ਹੀ ਸ਼ਕਤੀਆਂ ਨੇ ਬੇਅੰਤ, ਲੋਕ ਇਕੱਠੇ ਹੋ ਜਾਂਦੇ ਨੇ ਫੇਰ ਆਲੇ-ਦੁਆਲੇ ਕਿ ਇਹਦਾ ਬਚਨ ਲਓ, ਇਹਦਾ ਕਿਹਾ ਐਉਂ ਹੋ ਜਾਂਦਾ ਹੈ, ਐਉਂ ਹੋ ਜਾਂਦਾ ਹੈ, ਪਰ ਉਹਨੂੰ ਘਾਟਾ ਬਹੁਤ ਪੈਂਦਾ ਹੈ, ਬਚਨ ਵਗੈਰਾ ਦੇ ਕੇ, ਇਹ ਤਾਂ ਮੱਖੀਆਂ ਜਿਵੇਂ ਸ਼ਹਿਦ ਕੱਢ ਕੇ ਲੈ ਜਾਂਦੀਆਂ ਨੇ ਫੁੱਲਾਂ 'ਚੋਂ, ਲੋਕ ਐਉਂ ਲੈ ਜਾਂਦੇ ਨੇ, ਖਾਲੀ ਕਰ ਜਾਂਦੇ ਨੇ ਇਨ੍ਹਾਂ ਨੂੰ। ਨਿੰਬੂ ਦਾ ਰਸ ਨਿਕਲ ਜਾਂਦਾ ਹੈ, ਥੋਥਾ ਹੋਇਆ ਫੇਰ ਕਿਸੇ ਕੰਮ ਦਾ ਨਹੀਂ ਰਹਿੰਦਾ, ਸੁੱਟ ਦਿੰਦੇ ਨੇ ਲੋਕ ਕਿ ਹੁਣ ਇਹਦੇ 'ਚ ਰਹੀ ਨਹੀਂ ਸ਼ਕਤੀ। ਉਸ ਤੋਂ ਅੱਗੇ ਫੇਰ ਦਸਵਾਂ ਦੁਆਰ ਆਉਂਦਾ ਹੈ। ਮਹਾਰਾਜ ਕਹਿੰਦੇ ਇਹ ਦਸਵਾਂ ਦੁਆਰ –

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥ ਅੰਗ – ੯੫੪***

ਇੱਥੇ ਪਹੁੰਚਦੇ ਸੀਗੇ, ਇੱਥੇ ਉਹ ਅੱਖ ਲੱਗੀ ਹੋਈ ਹੈ, ਜਿਹਦੇ ਨਾਲ ਰੱਬ ਦੇ ਦਰਸ਼ਨ ਹੁੰਦੇ ਨੇ। ਖੁਰਦਬੀਨ ਹੈ, ਦੂਰ ਤਕ ਦੇਖਦੀ ਹੈ। ਸਾਰਾ ਬ੍ਰਹਿਮੰਡ ਦੇਖਦੀ ਹੈ, ਉਹਦੇ ਮੂਹਰੇ ਨਾ ਕੋਈ ਕੰਧ ਹੈ ਨਾ ਕੋਠਾ ਹੈ, ਨਾ ਦੂਰੀਆਂ ਨੇ ਜਿੱਥੇ ਜੀਅ ਕਰਦਾ ਹੈ, ਦੇਖ ਸਕਦਾ ਹੈ। ਅਮਰੀਕਾ 'ਚ ਦੇਖਣਾ ਹੈ ਕਿਸੇ ਨੂੰ, ਉਥੇ ਹੀ ਦੇਖ ਲਏਗਾ। ਬਹੁਤ ਵਾਰੀ ਮੈਂ ਦੱਸੀਆਂ ਨੇ ਐਸੀਆਂ ਮਿਸਾਲਾਂ ਕਿ ਐਸ ਤਰ੍ਹਾਂ ਦੇਖ ਲੈਂਦੇ ਨੇ, ਗੁਰੂ ਸਾਹਿਬ ਨੇ ਦੇਖ ਲਿਆ ਕਿ ਜੋਗਾ ਸਿੰਘ ਤਾਂ ਚੱਲਿਆ ਵੇਸਵਾ ਦੇ ਘਰ ਵਲ, ਮਹਾਰਾਜ ਉਸ ਤੋਂ ਪਹਿਲਾਂ ਹੀ ਖੜ੍ਹ ਗਏ ਉਥੇ ਜਾ ਕੇ। ਦੇਖ ਰਹੇ ਸੀ ਸਿੱਖ ਨੂੰ ਕਿ ਕੀ ਕਰ ਰਿਹਾ ਹੈ। ਸਭ ਸਿੱਖਾਂ ਨੂੰ ਦੇਖਦੇ ਨੇ, ਤੁਹਾਨੂੰ ਦੇਖਦੇ ਨੇ, ਮੈਨੂੰ ਦੇਖ ਰਹੇ ਨੇ, ਸਭ ਦਾ ਨਾਉਂ ਜਾਣਦੇ ਨੇ। ਮਹਾਤਮਾ ਨੂੰ ਦਸ ਦਿੰਦੇ ਨੇ ਕਿ ਫਲਾਣੇ ਦੀ ਡਿਊਟੀ ਅਸੀਂ ਉਥੇ ਲਾਈ ਹੈ, ਸਭ ਡਿਊਟੀਆਂ ਗੁਰੂ ਮਹਾਰਾਜ ਵਲੋਂ ਲਗਦੀਆਂ ਨੇ। ਇਹ ਰਸਤਾ ਤਾਂ ਨਹੀਂ ਹੁਣ ਰਿਹਾ ਕਿਉਂਕਿ ਔਖਾ ਬਹੁਤ ਹੈ, ਹੁਣ ਤਾਂ ਜਦ ਪੈਦਲ ਚਲਦੇ ਸੀ ਪੁਰਾਣੇ ਜ਼ਮਾਨੇ 'ਚ, ਅੱਜਕੱਲ੍ਹ ਹਵਾਈ ਜਹਾਜ਼ ਆ ਗਏ, ਹੁਣ ਪੈਦਲ ਚੱਲਣ ਦੀ ਲੋੜ ਨਹੀਂ। ਹੁਣ ਸਮੁੰਦਰਾਂ ਦੇ ਉਤੇ ਕਿਸ਼ਤੀ ਦੇ ਵਿਚੀਂ ਲੰਘਣ ਦੀ ਲੋੜ ਹੈ। ਹੁਣ ਜਿਹੜੀ ਲੋੜ ਹੈ ਉਹ ਮਹਾਰਾਜ ਗੁਰੂ ਨਾਨਕ ਸਾਹਿਬ ਨੇ ਸਭ ਕੁਛ ਦੇਖ ਕੇ, ਨਾਮ ਮਾਰਗ ਲਿਆਂਦਾ 'ਆਤਮ ਮਾਰਗ'। 'ਆਤਮ ਮਾਰਗ' ਦੇ ਵਿੱਚ ਰਹਿਤਾਂ ਨੇ, ਉਹਦੇ ਵਿਚ ਸਾਹ ਨਹੀਂ ਚਾੜ੍ਹਨੇ ਪੈਂਦੇ, ਰਹਿਤਾਂ ਰੱਖਣੀਆਂ ਪੈਂਦੀਆਂ ਨੇ ਉਹ ਰਹਿਤਾਂ ਬਹੁਤ ਵਾਰੀ ਆਤਮ ਮਾਰਗ ਦੇ ਵਿਚ ਛਪਦੀਆਂ ਹੀ ਰਹਿੰਦੀਆਂ ਨੇ ਹਮੇਸ਼ਾ, ਕਦੇ ਕਿਸੇ ਰੂਪ 'ਚ, ਕਦੇ ਕਿਸੇ ਰੂਪ 'ਚ। ਤਾਂਕਿ ਸਾਨੂੰ ਪਤਾ ਲਗਦਾ ਰਹੇ। ਉਨ੍ਹਾਂ ਦਾ ਨਾਉਂ ਹੈ ਸਮ ਤੇ ਦਮ। ਇੱਕ ਉਹ ਹੁੰਦੀਆਂ ਨੇ ਜਿਹੜੀਆਂ ਨਾਲ ਇੰਦ੍ਰੀਆਂ ਰੋਕੀਆਂ ਜਾਂਦੀਆਂ ਨੇ, ਇੱਕ ਉਹ ਹੁੰਦੀਆ ਨੇ ਕਿ ਜਿਨ੍ਹਾਂ ਦੇ ਨਾਲ ਕਰਮ ਇੰਦ੍ਰੀਆਂ ਸਰੀਰ ਨੂੰ ਮਾੜੇ ਕੰਮਾਂ ਤੋਂ ਰੋਕਿਆ ਜਾਂਦਾ ਹੈ। ਉਹਦੇ ਨਾਲ ਸੁਰਤ ਨੂੰ ਫੜਨਾ ਪੈਂਦਾ ਹੈ, ਜਿਹੜੀ ਸਾਡੇ ਅੰਦਰ ਸੁਰਤ ਹੈ, ਦੌੜੀ ਫਿਰਦੀ ਹੈ। ਮਨ ਦੇ ਨਾਲ ਰਲੀ ਹੋਈ ਹੈ ਸੁਰਤ। ਰਾਤ ਨੂੰ ਵੀ ਨਹੀਂ ਟਿਕਦੀ ਇਹ, ਮਨ ਉਹਨੂੰ ਉਠਾਲ ਲੈਂਦਾ ਹੈ, ਸੁਪਨੇ ਹੀ ਸੁਪਨੇ, ਦੁਨੀਆਂ ਬਣਾ ਲੈਂਦਾ ਹੈ ਨਵੀਂ। ਸੁਰਤ ਨੂੰ ਫੜਨਾ ਪੈਂਦਾ ਹੈ, ਸੁਰਤ ਫੜ ਕਾਹਦੇ ਨਾਲ ਹੁੰਦੀ ਹੈ, ਕਿਸੇ ਚੀਜ਼ ਨਾਲ ਤਾਂ ਫੜ ਨਹੀਂ ਹੁੰਦੀ। ਉਹ ਸ਼ਬਦ ਦੀ ਧੁਨ ਦੇ ਨਾਲ ਲਗਦੀ ਹੈ, ਕੀਰਤਨ ਦੇ ਵਿਚ ਉਹ ਬਹੁਤ ਟਿਕਾਣੇ 'ਤੇ ਆ ਜਾਂਦੀ ਹੈ। ਕੀਰਤਨ ਗਾਓ ਤੁਸੀਂ, ਪਿਆਰ ਦੇ ਨਾਲ ਪੜ੍ਹੋ ਸੁਰਤ ਕੇਂਦਰਿਤ ਹੋਣੀ ਸ਼ੁਰੂ ਹੋ ਜਾਂਦੀ ਹੈ, ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ। ਸੁਰਤ ਫੇਰ ਉਪਰ ਨੂੰ ਚੜ੍ਹਦੀ ਹੈ, ਕਿਉਂਕਿ ਸ਼ਬਦ ਵਾਹਿਗੁਰੂ ਦੇ ਦਰ ਤੋਂ ਆਉਂਦਾ ਹੈ, ਉਹ ਉਸੇ ਦਰ ਵਲ ਨੂੰ ਖਿਚਦਾ ਤੁਰਿਆ ਜਾਂਦਾ ਹੈ, ਨਾਲ ਲੈ ਕੇ ਸੁਰਤ ਨੂੰ। ਮਹਾਰਾਜ ਕਹਿੰਦੇ, ਇਹ ਸਾਰਿਆਂ ਨਾਲੋਂ ਸੁਖਾਲਾ ਹੈ –

**ਕਲਜੁਗ ਨਾਨਕ ਨਾਮੁ ਸੁਖਾਲਾ।**

ਸੋ ਮੈਂ ਐਨੀ ਬੇਨਤੀ ਤਾਂ ਕਰੀ ਹੈ ਕਿ ਸਮਝ ਵਿਚ ਆ ਜਾਏ ਕਿ ਸਾਡਾ ਜਿਹੜਾ ਸਰੀਰ ਹੈ ਨਾ ਇਹ ਐਵੇਂ ਹੀ ਨਹੀਂ ਹੈ ਕਿ ਰੋਟੀਆਂ ਵਗੈਰਾ ਖਾਣ ਵਾਸਤੇ, ਬਾਲ-ਬੱਚੇ ਪੈਦਾ ਕਰਕੇ, ਜ਼ਮੀਨਾਂ ਖਰੀਦਣ ਵਾਸਤੇ। ਇਹ ਤਾਂ ਬੜੀ ਮੁਸ਼ਕਲ ਦੇ ਨਾਲ ਸਾਨੂੰ ਪ੍ਰਾਪਤ ਹੋਇਆ ਹੈ। ਇਹ ਮਿਲਿਆ ਹੈ ਵਾਹਿਗੁਰੂ ਨੂੰ ਮਿਲਣ ਵਾਸਤੇ। ਜੇ ਤਾਂ ਮਿਲ ਗਏ ਆਉਣਾ ਜਾਣਾ ਖਤਮ ਹੋ ਜਾਣਾ ਹੈ, ਨਹੀਂ ਤਾਂ ਪਿਆਰਿਓ! ਓਹੀ ਚੱਕਰ ਫੇਰ ਸ਼ੁਰੂ ਹੋ ਜਾਣਾ ਹੈ। ਜੇ ਕਹੋ ਕਿ ਅਸੀਂ ਤਾਂ ਸਾਰਾ ਜ਼ੋਰ ਲਾ ਰਹੇ ਹਾਂ ਮਿਲਦਾ ਤਾਂ ਹੈ ਨਹੀਂ, ਮਿਲਦਾ ਨਹੀਂ ਉਹ। ਜਨਮ-ਜਨਮਾਂਤਰਾਂ ਦਾ ਤਪ ਕਰਨਾ ਪੈਂਦਾ ਹੈ। ਕਿਹਾ ਜਾਂਦਾ ਹੈ ਕਿ ਧੰਨੇ ਨੇ ਕਿਹਾ, ਮਨ 'ਚ ਆ ਗਿਆ ਕਿ ਲੈ ਮੈਂ ਦੋ-ਢਾਈ ਘੰਟੇ ਬੈਠਾ, ਰੋਇਆ-ਰਾਇਆ ਹਾਂ, ਰੱਬ ਮਿਲ ਗਿਆ। ਫੇਰ ਤਾਂ ਸੁਖਾਲਾ ਹੀ ਹੈ, ਪ੍ਰਮੇਸ਼ਰ ਨੂੰ ਹੋਰ ਸਭ ਚੀਜ਼ਾਂ ਭਾਉਂਦੀਆਂ ਨੇ, ਬੰਦੇ ਦਾ ਅਭਿਮਾਨ ਨਹੀਂ ਭਾਉਂਦਾ, ਕਿਉਂਕਿ ਓਹੀ ਵਖਰਾ ਕਰਦਾ ਹੈ ਪ੍ਰਮੇਸ਼ਰ ਨਾਲੋਂ। ਪ੍ਰਭੂ ਕਹਿਣ ਲੱਗੇ, ਧੰਨਿਆ! ਕੀ ਖਿਆਲ ਕਰਦਾ ਹੈਂ ਤੂੰ ਗਲਤ, ਇੱਕ ਜਨਮ ਨਾਲ? ਆ ਤੈਨੂੰ ਦਿਖਾਵਾਂ। ਸੌ ਜਨਮ ਦੇਖਿਆ ਕਿਤੇ ਪੁੱਠਾ ਲਟਕਦਾ ਹੈ, ਕਿਤੇ ਪਾਣੀ 'ਚ ਬੈਠਾ ਹੈ ਕਿਤੇ ਰੋਂਦਾ ਹੈ, ਕਿਤੇ ਸੇਵਾ ਕਰ ਰਿਹਾ ਹੈ, ਕਿਤੇ ਸਾਧਨਾ ਕਰ ਰਿਹਾ ਹੈ। ਕਹਿੰਦੇ,

ਪਿਆਰਿਆ! ਜਿੰਨੀ ਦੇਰ ਤਕ ਅੰਦਰ ਸੁੱਚਮਤਾ ਨਹੀਂ ਆਉਂਦੀ, ਨਿਰਮਲਤਾ ਨਹੀਂ ਆਉਂਦੀ, ਮੈਂ ਨਹੀਂ ਪ੍ਰਗਟ ਹੋਇਆ ਕਰਦਾ। ਰਹਿੰਦਾ ਮੈਂ ਅੰਦਰ ਹੀ ਹਾਂ। ਪਰ ਮਨੁੱਖ ਦੇ ਅੰਦਰ ਦੁਰਗੰਧ ਹੈ ਬੇਅੰਤ; ਜਦੋਂ ਤਕ ਇਹ ਦੁਰਗੰਧ ਬਾਹਰ ਕੱਢ ਕੇ ਸੁਗੰਧੀ ਨਹੀਂ ਪੈਦਾ ਕਰਦਾ। ਹੁਣ ਇਹ ਹੁੰਦਾ ਹੈ ਕਿ ਸੁਗੰਧੀ ਕਿੱਥੋਂ ਪੈਦਾ ਕਰੀਏ, ਫੁੱਲ ਅੰਦਰ ਲੈ ਜਾਈਏ? ਨਹੀਂ, ਇੱਕ ਐਸਾ ਥਾਉਂ ਹੈ ਸਾਡੇ ਅੰਦਰ ਜਿਥੇ ਸੁਗੰਧੀ ਹੀ ਸੁਗੰਧੀ ਹੈ, ਆਪਣੇ ਆਪ ਨੱਕ ਨੂੰ ਬਾਹਰ ਵੀ ਆਉਣ ਲਗ ਜਾਂਦੀ ਹੈ। ਉਹ ਦਿੱਬਯ ਨਾਸਕਾ ਖੁਲ੍ਹਦੀ ਹੈ, ਪਵਿੱਤਰਤਾ ਆ ਜਾਂਦੀ ਹੈ, ਫੇਰ ਸੁਰਤੀ ਪ੍ਰਮੇਸ਼ਰ ਵਲ ਜਾਂਦੀ ਹੈ।

***ਸੁਰਤਿ ਸਬਦਿ ਭਵ ਸਾਗਰੁ ਤਰੀਐ***
***ਨਾਨਕ ਨਾਮੁ ਵਖਾਣੇ ॥ ਅੰਗ - ੯੩੮***

ਸੋ ਏਸ ਤਰ੍ਹਾਂ ਦੇ ਨਾਲ ਇਹ ਮਾਨਸ ਜਨਮ ਬਹੁਤ ਹੀ ਦੁਰਲਭ ਆਪਾਂ ਨੂੰ ਪ੍ਰਾਪਤ ਹੋਇਆ ਹੈ, ਤੁਹਾਡਾ ਸੰਗਤ 'ਚ ਆ ਜਾਣਾ, ਇਹ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੈ, ਤੁਹਾਡੇ ਕਰਮ ਜਾਗੇ ਹੋਏ ਨੇ ਫਲ ਦੇਣ ਨੂੰ ਸਮਰੱਥ ਹੋ ਰਹੇ ਨੇ, ਅਚਾਨਕ ਨਹੀਂ ਕੋਈ ਸਤਿਸੰਗ 'ਚ ਆਇਆ ਕਰਦਾ। ਜੇ ਆਵੇ ਲੈਣਾ ਦੇਣਾ ਉਹਨੇ ਕੁਛ ਨਹੀਂ ਹੁੰਦਾ, ਉਹਦੀ ਸੁਰਤ ਨੱਠ ਜਾਂਦੀ ਹੈ, ਟਿਕਦੀ ਨਹੀਂ ਹੈ। ਸੋ ਕੱਲ੍ਹ ਮੈਂ ਬੇਨਤੀ ਕਰਦਾ ਸੀ ਕਿ ਬੜੀ ਲੰਮੀ ਚੌੜੀ ਬੇਨਤੀ ਕਰੀ ਸੀ, ਮਹਾਰਾਜ ਨੇ ਕਿਸੇ ਸਿਆਣੇ ਦੀ ਮਿਸਾਲ ਨਹੀਂ ਦਿਤੀ ਕਿਸੇ ਦੀ। ਇੱਕ ਬੱਚੇ ਦੀ ਮਿਸਾਲ ਦਿੱਤੀ ਹੈ, ਕਹਿੰਦੇ ਪੰਜ ਸਾਲ ਦਾ ਸੀ ਸਾਰਾ ਹੀ।

ਨਾ ਉਹਦਾ ਕੋਈ ਵਾਲੀ ਵਾਰਿਸ ਸੀ, ਪਿਉ ਨੇ ਵੀ ਕੱਢਿਆ ਹੋਇਆ ਸੀ। ਮਾਂ ਵਿਚਾਰੀ ਗਰੀਬੜੀ ਸੀ ਤੇ ਜਦੋਂ ਉਹਨੇ ਬੰਦਗੀ ਕੀਤੀ, ਕਹਿੰਦੇ ਅਮਰ ਅਵਸਥਾ, ਅਟਾਰੀ ਸਭ ਤੋਂ ਉਤਮ ਅਵਸਥਾ ਪ੍ਰਾਪਤ ਹੋ ਗਈ।

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥***
***ਦੁਖ ਹਰਤਾ ਇਹ ਬਿਧਿ ਕੋ ਸੁਆਮੀ***
***ਤੈ ਕਾਹੇ ਬਿਸਰਾਇਆ ॥ ਅੰਗ - ੬੩੨***

ਤੇਰੇ ਤਾਂ ਚਿੱਤ ਚੇਤੇ ਵੀ ਨਹੀਂ ਆਉਣਾ। ਕਾਹਤੋਂ ਭੁੱਲਿਆ ਹੈਂ?

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥***
***ਅੰਗ - ੪੫੦***

ਹੁਣ ਮਾਤਾ ਦੇ ਕੋਲ ਉਸਨੇ ਸਵਾਲ ਕਰਿਆ ਕਿਉਂਕਿ ਥੱਪੜ ਲੱਗ ਗਏ, ਵਿਚਾਰਾ ਬੇਇਜ਼ਤ ਹੋ ਗਿਆ। ਗੋਦੀ ਤੋਂ ਖਿੱਚ ਲਿਆ, ਰੋਂਦਾ ਮਾਂ ਕੋਲ ਆਉਂਦਾ ਹੈ। ਮਾਂ ਨੂੰ ਦਸਦਾ ਹੈ ਕਿ ਮੈਨੂੰ ਐਉਂ ਮਾਰਿਆ ਪਟਕਾ ਕੇ ਤੇ ਆਹ ਗੱਲ ਕਹੀ ਕਿ ਜੇ ਗੋਦੀ 'ਚ ਬਹਿਣਾ ਸੀ ਤਾਂ ਤੂੰ ਮੇਰੇ ਪੇਟ 'ਚੋਂ ਜਨਮ ਲੈਂਦਾ। ਉਹਦੇ ਪੇਟ 'ਚੋਂ ਕਿਉਂ ਜਨਮ ਲਿਆ?

ਮਾਤਾ! ਤੂੰ ਕੌਣ ਹੈਂ ਉਹ ਕੌਣ ਹੈ? ਕਹਿਣ ਲੱਗੀ, ਬੇਟਾ - ਸੁਆਣੀ ਹਾਂ ਜਨਮ ਦੀ, ਮੈਂ ਹਾਂ ਤਾਂ ਪਟਰਾਣੀ। ਪਰ ਮੇਰੇ ਕੋਲ ਤਪ ਨਹੀਂ ਸੀ, ਤਪ ਦੀ ਘਾਟ ਸੀ, ਏਸ ਕਰਕੇ ਮੈਨੂੰ ਬਨਵਾਸ ਦੇ ਦਿੱਤਾ। -

***ਸਾਵਾਣੀ ਹਾਂ ਜਨਮ ਦੀ***
***ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।***
***ਭਾਈ ਗੁਰਦਾਸ ਜੀ, ਵਾਰ ੧੦/੧***

ਹੁਣ ਉਹਦਾ ਅਗਲਾ ਸਵਾਲ ਸੀ ਕਿ ਮਾਤਾ! ਜਦ ਤਾਂ ਆਪਾਂ ਨਾਮ ਨਹੀਂ ਜਪਿਆ, ਹੁਣ ਦੱਸੋ -

***ਕਿਸੁ ਉਦਮ ਤੇ ਰਾਜੁ ਮਿਲੈ***
***ਸਤ੍ਰੂ ਤੇ ਸਭ ਹੋਵਨਿ ਮੀਤਾ।***
***ਭਾਈ ਗੁਰਦਾਸ ਜੀ, ਵਾਰ ੧੦/੧***

ਕੋਈ ਹੈ ਤਰੀਕਾ ਜਿਦੇ ਨਾਲ ਰਾਜ ਮਿਲ ਜਾਵੇ। ਮੇਰਾ ਹੱਕ ਮੈਨੂੰ ਮਿਲ ਜਾਵੇ ਕੋਈ ਤਰੀਕਾ ਹੈ ਦੁਨੀਆਂ 'ਚ? ਦੂਸਰਾ ਹੈ ਜਿਹੜੇ ਸਾਡੇ ਨਾਲ ਵੈਰ ਕਰ ਰਹੇ ਨੇ, ਪਿਤਾ ਵੈਰ ਕਰ ਰਿਹਾ ਹੈ, ਮਾਤਾ ਵੈਰ ਕਰ ਰਹੀ ਹੈ ਕਿ ਇਹ ਮਿੱਤਰ ਕਿਵੇਂ ਹੋਣਗੇ? ਕੋਈ ਵੀ ਦੁਨੀਆਂ ਦੇ ਅੰਦਰ ਵੈਰੀ ਨਾ ਰਹੇ, ਸਾਰੇ ਮਿੱਤਰ ਹੋ ਜਾਣ।

ਉਸ ਵੇਲੇ ਮਾਂ ਉਸ ਦੇ ਸਵਾਲ ਦਾ ਜਵਾਬ ਇਸ ਤਰ੍ਹਾਂ ਦਿੰਦੀ ਹੈ ਪੜ੍ਹੋ ਪਿਆਰ ਨਾਲ -

***ਸਤਿਨਾਮ ਜਪ ਕੇ ਵਾਹਿਗੁਰੂ।***
***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ ॥***
***ਜਨਮ ਮਰਣ ਦੁਹਹੂ ਤੇ ਛੂਟਹਿ***
***ਭਵਜਲੁ ਜਗਤੁ ਤਰਾਇਣ ॥ ੧ ॥***
***ਖੋਜਤ ਖੋਜਤ ਤਤੁ ਬੀਚਾਰਿਓ***
***ਦਾਸ ਗੋਵਿੰਦ ਪਰਾਇਣ ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ***
***ਸਦਾ ਸਿਮਰਿ ਨਾਰਾਇਣ ॥ ਅੰਗ - ੭੧੪***

ਬੇਟਾ! ਸਾਰਿਆਂ ਸੁੱਖਾਂ ਦੇ ਦੇਣ ਵਾਲਾ, ਸਾਰੀਆਂ ਆਸਾਂ ਪੂਰੀਆਂ ਕਰਨ ਵਾਲਾ ਇਹ ਸੰਸਾਰ ਦਾ ਮਾਲਕ ਵਾਹਿਗੁਰੂ ਹੈ, ਪ੍ਰਭੂ ਹੈ, ਗੋਬਿੰਦ ਹੈ ਅੱਲਾਹ ਹੈ। ਕੁਛ ਕਹਿ ਲਓ। ਉਹਦਾ ਜੇ ਨਾਮ, ਧਿਆਨ ਹਿਰਦੇ 'ਚ ਬੈਠ ਜਾਵੇ, ਜੋ ਮੰਗਦਾ ਹੈ ਉਹ ਪੂਰਾ ਹੋ ਜਾਂਦਾ ਹੈ।

***ਪ੍ਰਭ ਕੈ ਸਿਮਰਨਿ ਪੂਰਨ ਆਸਾ ॥ ਅੰਗ - ੨੬੩***

ਕੋਈ ਆਸਾ ਬਕਾਇਆ ਨਹੀਂ ਰਹਿੰਦੀ। ਉਹਦੇ ਪਿਆਰਿਆਂ ਦੀ ਜੇ ਸੇਵਾ ਕਰੋ ਤਾਂ ਚਾਰ ਚੀਜ਼ਾਂ ਮਿਲ ਜਾਂਦੀਆ ਨੇ ਧਰਮ, ਅਰਥ, ਕਾਮ, ਮੋਖ। ਗੁਰੂ ਦੀ ਸੇਵਾ ਕਰੋ, ਕੋਈ ਅੰਤ ਹੀ ਨਹੀਂ ਰਹਿੰਦਾ। ਤੀਰਥ ਤੇ ਜਾਓ, ਇੱਕ ਫਲ ਮਿਲਦਾ ਹੈ -

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ***
***ਗੁਰੂ ਮਿਲੇ ਫਲ ਅਨੇਕ ਹੈਂ***
***ਕਹਤ ਕਬੀਰ ਵਿਚਾਰ।***

ਜਿਹੜਾ ਏਧਰ ਨਹੀਂ ਆਉਂਦਾ ਬੇਟਾ! ਪ੍ਰਮੇਸ਼ਰ ਦੀ ਬੰਦਗੀ ਨਹੀਂ ਕਰਦਾ। ਉਹਨੇ ਦੁਰਲਭ ਦੇਹ ਪਾ ਤਾਂ ਲਲਈ ਭਾਗਾਂ ਨਾਲ,

ਪਰ ਜੇ ਨਾਮ ਨਹੀਂ ਜਪਦਾ ਤਾਂ ਉਹ ਆਤਮਘਾਤੀ ਹੈ। ਫੁਰਮਾਨ ਹੈ -

*ਦੁਲਭ ਦੇਹ ਪਾਈ ਵਡਭਾਗੀ ॥*
*ਨਾਮੁ ਨ ਜਪਹਿ ਤੇ ਆਤਮ ਘਾਤੀ ॥*
*ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥*
*ਨਾਮ ਬਿਹੂਨ ਜੀਵਨ ਕਉਨ ਕਾਮ ॥ ਰਹਾਉ ॥*
*ਖਾਤ ਪੀਤ ਖੇਲਤ ਹਸਤ ਬਿਸਥਾਰ ॥*
*ਕਵਨ ਅਰਥ ਮਿਰਤਕ ਸੀਗਾਰ ॥ ੨ ॥*
*ਜੋ ਨ ਸੁਨਹਿ ਜਸੁ ਪਰਮਾਨੰਦਾ ॥*
*ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ ੩ ॥*
*ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥*
*ਕੇਵਲ ਨਾਮੁ ਰਿਦ ਮਾਹਿ ਸਮਾਇਆ ॥*
*ਅੰਗ - ੧੮੮*

ਜਪਣ ਦਾ ਫਾਇਦਾ ਤੇ ਨਾ ਜਪਣ ਦਾ ਨੁਕਸਾਨ -

*ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥*
*ਅੰਗ - ੯੬੦*

ਦੁਨੀਆਂ ਸੁਖ ਭਾਲਦੀ ਫਿਰਦੀ ਹੈ, ਪਰ -

*ਐਸਾ ਜਗੁ ਦੇਖਿਆ ਜੁਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ - ੨੨੨*

ਨਾਮ ਨੂੰ ਭੁੱਲ ਜਾਂਦੇ ਨੇ, ਸੁਖ ਸਾਰੇ ਮੰਗਦੇ ਨੇ। ਮੇਰਾ ਆਹ ਹੋ ਜਾਏ, ਮੇਰਾ ਕੰਮ ਨਹੀਂ ਚਲਦਾ। ਜਦ ਸਾਫ ਕਿਹਾ ਹੋਇਆ ਹੈ ਬਾਣੀ ਦੇ ਅੰਦਰ, ਉਹਦੇ ਉਤੇ ਕਿਉਂ ਨਹੀਂ ਭਰੋਸਾ ਲਿਆਉਂਦੇ। ਕੋਈ ਚਾਹੁੰਦਾ ਹੈ ਸੁਖ? ਦੱਸੋ? ਦੁਨੀਆਂ 'ਚ ਦੁਖ ਤਾਂ ਕੋਈ ਨਹੀਂ ਚਾਹੁੰਦਾ, ਸੁਖ ਅਸੀਂ ਸਾਰੇ ਹੀ ਚਾਹੁੰਦੇ ਹਾਂ{ ਮਹਾਰਾਜ ਕਹਿੰਦੇ ਤੈਨੂੰ ਦਸ ਦਿੰਦੇ ਹਾਂ।

*ਜੇ ਲੋੜਹਿ ਸਦਾ ਸੁਖੁ ਭਾਈ ॥*

ਕਹਿੰਦੇ ਚਾਹੁੰਦਾ ਹੈਂ ਤੂੰ ਕਿ ਤੈਨੂੰ ਸਦਾ ਸੁਖ ਹੋਵੇ। ਤਾਂ ਤੈਨੂੰ ਅਸੀਂ ਦਸ ਦਿੰਦੇ ਹਾਂ, ਭੇਤ ਇਹਦਾ -

*ਸਾਧੂ ਸੰਗਤਿ ਗੁਰਹਿ ਬਤਾਈ ॥ ਅੰਗ - ੧੧੮੨*

ਗੁਰੂ ਨੇ ਦਸ ਦਿੱਤਾ ਕਿ ਸਾਧੂ ਦੀ ਸੰਗਤ ਕਰ ਜੇ ਸਾਰੇ ਸੁਖ ਚਾਹੁੰਦਾ ਹੈਂ। ਹੁਣ ਇਸ ਤੋਂ ਅੱਗੇ ਤਾਂ ਕੋਈ ਗੱਲ ਨਹੀਂ, ਫੇਰ ਆ ਕੇ ਮੈਨੂੰ ਕਹੀ ਜਾਣਗੇ ਕਿ ਬਾਬਾ ਜੀ! ਸਾਡਾ ਕੰਮ ਨਹੀਂ ਚਲਦਾ, ਅਸੀਂ ਦੁਖੀ ਬਹੁਤ ਹਾਂ। ਸਾਧੂ ਦਸਦੇ ਨੇ ਅੱਗੇ ਨੁਸਖੇ, ਉਹ ਕਹਿੰਦੇ -

*ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥*
*ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ ॥*
*ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ ॥*
*ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ ॥*
*ਅੰਗ - ੯੬੦*

ਮਿੱਤਰ ਬਣਾ ਲਓ ਵਾਹਿਗੁਰੂ ਨੂੰ। ਦਿਨ ਰਾਤ ਮਿੱਤਰ ਦਾ ਧਿਆਨ ਰਹਿੰਦਾ ਹੈ। ਸਾਰੇ ਜਾਣਦੇ ਨੇ ਇਸ ਗੱਲ ਨੂੰ। ਆਪਣਾ ਪਿਆਰਾ ਹੋਵੇ ਉਹਦਾ ਧਿਆਨ ਹਰ ਵਕਤ ਰਹਿੰਦਾ ਹੈ। ਕਹਿੰਦੇ, ਫੇਰ ਕੀ ਹੁੰਦਾ ਹੈ ਸਾਰੇ ਕੰਮ ਸੰਵਾਰ ਜਾਂਦਾ ਹੈ ਉਹ।

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - ੬੩੮*

ਸਾਰੇ ਕੰਮ ਹੋ ਜਾਂਦੇ ਨੇ।

*ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ ॥*
*ਅੰਗ - ੯੬੦*

ਦਰਗਾਹ ਦੇ ਵਿਚ ਪਰਵਾਨ ਨੇ।

*ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ ॥*
*ਅੰਗ - ੯੬੦*

ਕਹਿੰਦੇ ਦਿਨਾਂ ਦੇ ਵਿਚ ਹੀ ਅਮੀਰ ਹੋ ਜਾਂਦਾ ਹੈ, ਐਨਾ ਧਨ ਹੋ ਜਾਂਦਾ ਹੈ ਉਹਦੇ ਕੋਲ, ਮਾਇਆ ਨੱਠ-ਨੱਠ ਕੇ ਆਉਂਦੀ ਹੈ।

*ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ ॥*
*ਜਿਸੁ ਤੂ ਆਵਹਿ ਚਿਤਿ*
*ਤਿਨਿ ਕੁਲ ਉਧਾਰਿਆ ॥ ਅੰਗ - ੯੬੦*

ਇੱਕ ਸੌ ਇੱਕੀ ਕੁਲ ਦਾ ਉਧਾਰ ਕਰ ਦਿੰਦਾ ਹੈ। ੨੪ ਦਾਦਕਿਆਂ ਦੀਆਂ, 20 ਨਾਨਕਿਆਂ ਦੀਆਂ, 16 ਜਿੱਥੇ ਵਿਆਹਿਆ ਹੋਇਆ ਹੈ। 12 ਜਿੱਥੇ ਲੜਕਾ ਲੜਕੀ ਵਿਆਹੇ ਨੇ, ਗਿਆਰ੍ਹਾਂ ਜਿਸ ਥਾਂ ਦੇ ਉਥੇ ਭੈਣ ਵਿਆਹੀ ਹੈ। 9 ਜਿਥੇ ਮਾਸੀ ਹੈ, ਅੱਠ ਜਿਥੇ ਭੂਆ ਹੈ। ਸਾਰੇ ਕੁਲ ਦਾ ਉਧਾਰ ਕਰ ਦਿੰਦਾ ਹੈ ਤੇ ਫੇਰ ਮਹਾਰਾਜ ਕਹਿੰਦੇ ਉਹਦਾ ਤਾਂ ਕਿਹਾ ਹੋਇਆ ਦਰਗਾਹ 'ਚ ਚਲਦਾ ਹੈ ਜਿਥੇ ਚਿੱਤ 'ਚ ਵਾਹਿਗੁਰੂ ਹੈ। ਲੇਖ ਮੇਟ ਦਿੰਦਾ ਹੈ, ਵਾਹਿਗੁਰੂ ਦਰਗਾਹ ਦੇ ਵਿਚ ਕਹਿ ਦਿੰਦਾ ਹੈ ਕਿ ਇਹ ਨਹੀਂ ਗੱਲ ਆਹ ਗੱਲ ਕਰ ਦਿਓ।

ਇੱਕ ਵਾਰੀ ਸਵਾਲ ਆਇਆ ਸਾਰੇ ਮਹਾਂਪੁਰਸ਼ਾਂ 'ਚ। ਪ੍ਰਮੇਸ਼ਰ ਦੇ ਸਾਖਸ਼ਾਤ ਹੋ ਕੇ ਕਿ ਹੇ ਪ੍ਰਭੂ! ਤੇਰੇ ਤੋਂ ਵੀ ਕੋਈ ਵੱਡਾ ਹੈ, ਤੂੰ ਸਭ ਤੋਂ ਵੱਡਾ ਹੈਂ। ਤੇਰੇ ਤੋਂ ਕੋਈ ਵੱਡਾ ਹੈ, ਚੁੱਪ ਕਰ ਰਹੇ। ਕਹਿਣ ਲੱਗੇ ਮਹਾਰਾਜ! ਇਹ ਭੇਤ ਆਪ ਖੋਲ੍ਹ ਦਿਓ। ਉਹ ਕਹਿਣ ਲੱਗੇ ਮੇਰੇ ਤੋਂ ਵੱਡੇ ਉਹ ਨੇ ਪਿਆਰਿਓ! ਜਿਨ੍ਹਾਂ ਦੇ ਆਸਰੇ ਮੈਂ ਰਹਿੰਦਾ ਹਾਂ, ਮੈਂ ਪ੍ਰਗਟ ਹੁੰਦਾ ਹਾਂ। ਮੈਂ ਤਾਂ ਗੁਪਤ ਹਾਂ, ਮੈਨੂੰ ਤਾਂ ਕੋਈ ਜਾਣ ਹੀ ਨਹੀਂ ਸਕਦਾ। ਉਹ ਮੇਰਾ ਰੂਪ ਨੇ -

*ਦਾਸ ਅਨਿੰਨ ਮੇਰੋ ਨਿਜ ਰੂਪ ॥*
*ਦਰਸਨ ਨਿਮਖ ਤਾਪ ਤ੍ਰਈ ਮੋਚਨ*
*ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥*
*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*
*ਅੰਗ- ੧੨੫੨*

ਜੇ ਮੇਰੇ ਤੋਂ ਵੱਡੇ ਨੇ ਤਾਂ ਹੀ ਮੇਰੀ ਬੰਨ੍ਹੀ ਹੋਈ ਛੁਡਾ ਦਿੰਦੇ ਨੇ। ਛੋਟੇ ਹੋਣ ਤਾਂ ਕੀ ਮੇਰਾ ਬੰਨ੍ਹਿਆ ਹੋਇਆ ਵੀ ਦੁਨੀਆਂ 'ਚ

ਛੁਡਾਉਂਦਾ ਹੈ। ਜੇ ਉਹ ਬੰਨ੍ਹ ਦਿੰਦੇ ਨੇ ਫੇਰ ਉਹ ਨਹੀਂ ਮੇਰੇ ਤੋਂ ਛੁਟਦੀ। ਮੈਂ ਕੁਛ ਨਹੀਂ ਕਹਿ ਸਕਦਾ, ਮੈਂ ਆਪਣੇ ਪਿਆਰਿਆਂ ਦੇ ਅਧੀਨ ਹਾਂ।

***ਮੈ ਗੁਨ ਬੰਧ ਸਗਲ ਕੀ ਜੀਵਨਿ***
***ਮੇਰੀ ਜੀਵਨਿ ਮੇਰੇ ਦਾਸ ॥ ਅੰਗ - ੧੨੫੩***

ਮੇਰਾ ਜੀਵਨ ਜਿਹੜਾ ਹੈ ਉਹ ਮੇਰੇ ਪਿਆਰੇ ਨੇ ਸਾਰੇ। ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਦਸ ਦਿੰਦੇ ਨੇ ਕਿ ਐਸ ਤਰ੍ਹਾਂ ਪਿਆਰਿਆ! ਕਰ ਲੈ। ਫੇਰ ਮਹਾਂਪੁਰਸ਼ਾਂ ਦਾ ਦਰਜਾ ਕਿੱਡਾ ਹੁੰਦਾ ਹੈ? ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ***
***ਕਿਛੁ ਸਾਕੁ ਨ ਸਿੰਨਾ ॥***
***ਰਾਜਾ ਸਗਲੀ ਸ੍ਰਿਸਟਿ ਕਾ***
***ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ***
***ਪ੍ਰਭੁ ਹੋਇ ਸੁਪ੍ਰਸੰਨਾ ॥ ਅੰਗ - ੭੦੭***

ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਅੰਗ - ੧੮੬***

ਬਾਦਸ਼ਾਹ ਦਾ ਤਾਂ ਚਲਦਾ ਨਹੀਂ ਹੈ, ਉਹਦਾ ਚਲਦਾ ਹੈ। ਬਾਦਸ਼ਾਹ ਵੀ ਆ ਕੇ ਦਰ 'ਤੇ ਖੜ੍ਹੇ ਹੁੰਦੇ ਨੇ, ਮੰਗਦੇ ਨੇ ਉਹਦੇ ਕੋਲੋਂ। ਸੋ ਮਾਤਾ ਕਹਿਣ ਲੱਗੀ, ਬੇਟਾ! ਉਹ ਵੱਡੇ ਤੋਂ ਵੱਡਾ ਰਾਜਾ ਹੈ ਜਿਹਦੇ ਚਿੱਤ ਵਿਚ ਵਾਹਿਗੁਰੂ ਆ ਜਾਏ।

ਮਾਤਾ! ਪਹਿਲਾਂ ਜਨਮ ਵੀ ਸੀਗਾ?

ਕਹਿੰਦੀ ਹਾਂ ਪੁੱਤਰ।

ਇਹ ਸਰੀਰ ਜਦੋਂ ਤੇਰਾ ਬਣਿਆ ਨਹੀਂ ਸੀ, ਉਸ ਵੇਲੇ ਤੂੰ ਕਿਸੇ ਹੋਰ ਸਰੀਰ ਵਿਚ ਸੀ। ਜਿਸਨੂੰ ਮੌਤ ਕਹਿੰਦੇ ਨੇ ਉਹ ਮੌਤ ਨਹੀਂ ਹੁੰਦੀ, ਤਬਾਦਲਾ ਹੋਇਆ ਕਰਦਾ ਹੈ, ਬਦਲੀ ਹੋਇਆ ਕਰਦੀ ਹੈ। ਇੱਕ ਘਰ ਜਿਵੇਂ ਛੱਡ ਕੇ ਦੂਜੇ 'ਚ ਚਲਿਆ ਜਾਵੇ। ਇਵੇਂ ਹੀ ਇਹ ਜੀਵ ਆਤਮਾ ਇੱਕ ਸਰੀਰ ਛੱਡ ਦਿੰਦਾ ਹੈ, ਦੂਜੇ 'ਚ ਆ ਜਾਂਦਾ ਹੈ। ਬੇਟਾ! ਉਸ ਜਨਮ 'ਚ ਨਾ ਤੂੰ ਕਰਿਆ ਹੈ ਕੁਛ, ਨਾ ਮੈਂ ਕਰਿਆ ਹੈ।

ਫੇਰ ਮਾਤਾ! ਹੁਣ ਮੈਂ ਕੀ ਕਰਾਂ?

ਕਹਿੰਦੀ, ਭਗਤੀ ਕਰ।

ਸਾਰੇ ਰਿਸ਼ੀ ਮੁਨੀ ਜੰਗਲਾਂ ਦੇ ਅੰਦਰ ਭਗਤੀ ਕਰ ਰਹੇ ਨੇ। ਤਪ ਕਰ ਰਹੇ ਨੇ।

ਕਹਿੰਦੇ, ਮਾਂ ਮੈਨੂੰ ਤਾਂ ਭਗਤੀ ਦਾ ਪਤਾ ਨਹੀਂ। ਕਹਿੰਦੇ, ਭਗਤੀ ਬੇਟਾ! ਨੌਂ ਤਰ੍ਹਾਂ ਦੀ ਹੋਇਆ ਕਰਦੀ ਹੈ। ਇੱਕ ਤਾਂ ਹੋਇਆ ਕਰਦੀ ਹੈ ਵਾਹਿਗੁਰੂ ਨੂੰ ਯਾਦ ਰੱਖਣ ਵਾਸਤੇ ਉਹਦਾ ਨਾਮ ਜਪੀ ਜਾਣਾ, ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ ਕਰੀ ਜਾਣਾ। ਮੰਤਰ ਦਿੰਦਾ ਹੁੰਦਾ ਹੈ ਗੁਰੂ। ਜਿਹੜਾ ਵੀ ਮੰਤਰ ਦੇ ਦੇਵੇ ਉਹਨੂੰ ਜਪੋ। ਜਦੋਂ ਯਾਦ ਦੇ ਵਿਚ ਬਹਿ ਜਾਵੇ ਨਾ ਕਿ ਜਿਹਦਾ ਨਾਮ ਜਪਦੇ ਹਾਂ, ਫੇਰ ਉਹਨੂੰ ਸਿਮਰਨ ਕਹਿੰਦੇ ਨੇ। ਪਹਿਲਾਂ ਜਪਣਾ ਹੁੰਦਾ ਹੈ, ਫੇਰ ਯਾਦ ਦੇ ਵਿਚ ਵਸਾਉਣਾ ਹੁੰਦਾ ਹੈ। ਸਿਮਰਨ ਭਗਤੀ ਬਹੁਤ ਵੱਡੀ ਹੈ। ਜਦੋਂ ਯਾਦ ਵਿੱਚ ਵਸ ਜਾਂਦਾ ਹੈ। ਫੇਰ ਉਹ ਪ੍ਰਮੇਸ਼ਰ 'ਚ ਹੀ ਰਹਿੰਦਾ ਹੈ ਹਰ ਵਕਤ। ਦੂਸਰੀ ਹੋਇਆ ਕਰਦੀ ਹੈ ਬੇਟਾ! ਸਰਵਣ ਭਗਤੀ। ਤੱਤਬੇਤੇ ਮਹਾਂਪੁਰਸ਼ਾਂ ਦੀ ਸੰਗਤ 'ਚ ਜਾ ਕੇ ਉਨ੍ਹਾਂ ਦੇ ਤੱਤ ਦੇ ਬਚਨ ਸਰਵਣ ਕਰੋ। ਘਟੀਆ ਬਚਨ ਨਹੀਂ, ਤੱਤ ਦੇ ਬਚਨ। ਇਹ ਸਰਵਣ ਭਗਤੀ ਹੁੰਦੀ ਹੈ, ਇਹਦਾ ਮਹਾਤਮ ਬਹੁਤ ਵੱਡਾ ਹੈ।

***ਸੁਣਿਐ ਸਿਧ ਪੀਰ ਸੁਰਿ ਨਾਥ ॥***
***ਸੁਣਿਐ ਧਰਤਿ ਧਵਲ ਆਕਾਸ ॥***
***ਸੁਣਿਐ ਦੀਪ ਲੋਅ ਪਾਤਾਲ ॥***
***ਸੁਣਿਐ ਪੋਹਿ ਨ ਸਕੈ ਕਾਲੁ ॥***
***ਨਾਨਕ ਭਗਤਾ ਸਦਾ ਵਿਗਾਸੁ ॥***
***ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨***

ਤੀਸਰੀ ਭਗਤੀ ਹੋਇਆ ਕਰਦੀ ਹੈ, ਕੀਰਤਨ, ਵਜਦ ਵਿਚ ਆ ਹਰੀ ਦਾ ਜਾਪ ਕਰਨਾ। ਗੁਰੂ ਨਾਨਕ ਪਾਤਸ਼ਾਹ ਨੇ ਕੀਰਤਨ ਭਗਤੀ ਪਹਿਲੇ ਨੰਬਰ 'ਤੇ ਕਰ ਦਿੱਤੀ। ਜਿਹੜਾ ਹਰੀ ਦਾ ਜਸ ਗਾਉਂਦਾ ਹੈ, ਮਹਾਰਾਜ ਕਹਿੰਦੇ ਹਰ ਬੰਦਾ ਨਹੀਂ ਕੀਰਤਨ ਕਰ ਸਕਦਾ। ਜਿਹੜੇ ਕੀਰਤਨ ਦਾ ਮੁੱਲ ਲੈਂਦੇ ਨੇ, ਵੇਚਦੇ ਨੇ ਕੀਰਤਨ, ਉਹ ਹੀਰਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਨੇ। ਪੈਸਾ ਤਾਂ ਨਾਲ ਨਹੀਂ ਜਾਣਾ, ਪੈਸਾ ਤਾਂ ਪਰਾਲਬਧ ਵਾਹਿਗੁਰੂ ਨੇ ਲਿਖੀ ਹੋਈ ਹੈ ਹਰ ਜੀਵ ਦੇ ਮੱਥੇ 'ਚ। ਇਹਨੂੰ ਵੇਚਣਾ, ਕਾਰਮਨਾ ਕਿ ਐਨੇ ਪੈਸੇ ਲਵਾਂਗੇ ਤਾਂ ਅਸੀਂ ਆਵਾਂਗੇ, ਉਹ ਜਗਿਆਸੂ ਨੇ ਉਨ੍ਹਾਂ ਦੇ ਮਨ ਵਿਚ ਹੈ ਕਿ ਅਸੀਂ ਕੁਛ ਸੁਣੀਏ, ਉਨ੍ਹਾਂ ਨੇ ਇੱਕ ਘੰਟਾ ਬੰਨ੍ਹ ਦਿਤਾ ਕਿ ਇਕ ਘੰਟੇ ਦਾ ਗਿਆਰ੍ਹਾਂ ਹਜ਼ਾਰ ਲਵਾਂਗੇ, ੧੫ ਲਵਾਂਗੇ, ੨੫ ਲਵਾਂਗੇ, ਦਸਦੇ ਹੁੰਦੇ ਨੇ ਕਿ ਐਨਾ-ਐਨਾ ਰੇਟ ਹੋ ਗਿਆ ਜੀ। ਕੋਈ ਕਹਿ ਦਿੰਦਾ ਹੈ ਜੀ ਚੜ੍ਹਾਵਾ ਲਵਾਂਗੇ ਸਾਰਾ। ਵਾਜਿਆਂ 'ਤੇ ਰਖਾਵਾਂਗੇ ਪੈਸਾ। ਆਉਣ ਜਾਣ ਦਾ ਲਵਾਂਗੇ ਖਰਚਾ ਤੇ ਕ੍ਰੀਰਤਨ ਕਰਨ ਦਾ ਅਸੀਂ ਐਨਾ ਪੈਸਾ ਹੋਰ ਲਵਾਂਗੇ। ਸੌਦੇਬਾਜ਼ੀ ਹੈ ਇਹ ਤਾਂ ਸਾਰੀ। ਇਹ ਭਗਤੀ ਨਹੀਂ ਹੈ। ਇਹ ਤਾਂ art ਨੂੰ display ਕਰ ਰਿਹਾ ਹੈ ਉਹ ਤਾਂ ਬੋਲਾ ਹੈ। ਮਹਾਰਾਜ ਕਹਿੰਦੇ ਜੇ ਤੇਰੇ ਕੋਲ ਗੁਣ ਨੇ ਨਾ, ਤੂੰ ਮੁੱਲ ਨਾ ਵੇਚ। ਉਹਦੀ ਸਾਂਝ ਪਾ ਦੂਜਿਆਂ ਨਾਲ।

***ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥***
***ਸਾਝ ਕਰੀਜੈ ਗੁਣਹ ਕੇਰੀ***
***ਛੋਡਿ ਅਵਗਣ ਚਲੀਐ ॥ ਅੰਗ - ੭੬੬***

ਵਜਦ 'ਚ ਆ ਕੇ ਪ੍ਰਭੂ ਦਾ ਨਾਮ ਆਪ ਜਪਣਾ, ਆਪ ਗਾਉਣਾ ਤੇ ਆਪ ਕੀਰਤਨ ਕਰਨਾ ਤੇ ਦੂਜਿਆਂ ਤੋਂ ਕਰਾਉਣਾ ਇਹ ਸਭ ਤੋਂ ਸ੍ਰੇਸ਼ਟ ਭਗਤੀ ਹੈ।

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***

***ਹਰਿ ਦਰਗਹ ਪਤਿ ਸਿਉ ਜਾਇਦਾ ॥***

***ਅੰਗ - ੧੦੭੬***

ਗੁਰੂ ਦੇ ਰਾਹੀਂ ਹੋ ਕੇ ਜਦੋਂ ਅਸੀਂ ਜਪਦੇ ਹਾਂ, ਧਿਆਨ ਲਾ ਕੇ। ਕੀਰਤਨ ਦੋ ਪ੍ਰਕਾਰ ਦਾ ਹੈ। ਇੱਕ ਤਾਂ ਆਹ ਹੈ ਜਿਹੜਾ ਆਪਾਂ ਕਰ ਰਹੇ ਹਾਂ। ਚਲੋ ਰਾਗੀ ਦੂਸਰੀ ਤਰ੍ਹਾਂ ਕਰ ਰਹੇ ਨੇ, ਅਸੀਂ ਵਿੱਚ ਵਿਚਾਰਾਂ ਵੀ ਕਰ ਰਹੇ ਹਾਂ। ਹੈ ਕੀਰਤਨ ਸਾਰਾ।ਇਹਦਾ ਫਲ ਹੈ ਕਾਫੀ।

***ਕਈ ਕੋਟਿਕ ਜਗ ਫਲਾ***
***ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬***

ਕਈ ਕਰੋੜ ਯੱਗਾਂ ਦਾ ਫਲ ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ। ਇੱਕ ਕੀਰਤਨ ਅੰਦਰ ਹੈ। ਜਿਸਦੇ ਬਾਰੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਬਾਹਰਲੇ ਬਾਰੇ ਵੀ ਕਰਦੇ ਨੇ ਪਰ ਅੰਦਰਲੇ ਬਾਹਰਲੇ ਬਹੁਤਾ ਕਰ ਰਹੇ ਨੇ। ਨਾਮ ਜਪਣਾ ਬਾਹਰਲਾ ਵੀ ਹੈ, ਇਕੱਠੇ ਹੋ ਕੇ ਆਪਾਂ ਵਾਹਿਗੁਰੂ-ਵਾਹਿਗੁਰੂ ਦੀ ਧੁਨ ਲਾ ਦੇਈਏ। ਵਾਜੇ ਵੱਜਣ, ਢੋਲਕੀਆਂ ਵੱਜਣ। ਇਹ ਅੰਦਰ ਘਟ ਜਾਂਦਾ ਹੈ ਬਾਹਰ ਹੀ ਬਾਹਰ ਰਹਿੰਦਾ ਹੈ। ਇੱਕ ਹੈਗਾ ਨਾ ਵਾਜਾ ਵਜਦਾ ਹੈ, ਨਾ ਢੋਲਕੀ ਵਜਦੀ ਹੈ, ਨਾ ਕੋਈ ਸਾਜ ਵੱਜਦਾ ਹੈ, ਨਾ ਕੋਈ ਸਤਾਰ ਵਜਦੀ ਹੈ, ਨਾ ਕੋਈ ਵੀਣਾ ਵਜਦੀ ਹੈ। ਬੈਠਾ ਹੈ ਕੀਰਤਨ ਸੁਣ ਰਿਹਾ ਹੈ। ਸਾਰੇ ਹੀ ਸਾਜ ਵੱਜ ਰਹੇ ਨੇ, ਝੂੰਮਦਾ ਹੈ। ਪਤਾ ਨਹੀਂ ਲਗਦਾ ਕਿ ਇਹਨੂੰ ਕਾਹਦੀ ਖੁਸ਼ੀ ਹੋ ਗਈ ਕਿ ਇਹ ਝੂੰਮਣ ਲਗ ਗਿਆ। ਉਹਨੂੰ ਅੰਦਰ ਕੀਰਤਨ ਸੁਣਦਾ ਹੈ। ਚਾਹੇ ਕਿਸੇ ਬਾਣੀ ਦੀ ਤੁਕ ਦਾ ਹੋਵੇ, ਚਾਹੇ ਹੋਵੇ ਨਾਮ ਦਾ। ਨਾਮ ਦਾ ਕੀਰਤਨ ਹੋਰ ਸ੍ਰੇਸ਼ਟ ਹੋਇਆ ਕਰਦਾ ਹੈ। ਨਾਮ ਦਾ ਧੁਨ ਦਾ ਕੀਰਤਨ ਸੁਣਦਾ ਹੈ। ਕਹਿੰਦੇ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯***

ਗੱਲਾਂ ਇਹ ਤੁਹਾਡੇ ਯਾਦ ਰਹਿ ਜਾਣ ਤਾਂ ਬਹੁਤ ਵਧੀਆ ਹੈ ਪਰ ਮੈਂ ਜਦੋਂ ਬਾਅਦ ਵਿਚ ਪੁੱਛਦਾ ਹੁੰਦਾ ਹਾਂ, ਕਿਸੇ ਦੇ ਨਹੀਂ ਯਾਦ ਰਹਿੰਦੀਆਂ। ਏਧਰ ਉਧਰ ਦੇਖੀ ਜਾਣਗੇ ਕਿ ਜਿਵੇਂ ਕਿਤੇ ਦੀਵਾਨ 'ਚ ਬੈਠੇ ਹੀ ਨਹੀਂ ਹੁੰਦੇ। ਪੁੱਛਦਾ ਹੁੰਦਾ ਹਾਂ ਮੈਂ ਬਾਅਦ 'ਚ ਕਿ ਮੈਂ ਕੀ ਕਿਹਾ ਸੀ? ਉਹ ਇਸ ਕਰਕੇ ਪੁੱਛਦਾ ਹਾਂ ਕਿ ਥੋੜ੍ਹੇ ਜਿਹੇ attentive ਹੋਣ ਕਿ ਮੇਰੇ ਤੋਂ ਮਹਾਰਾਜ ਕਰਾ ਰਹੇ ਨੇ ਕਿ ਇਹਦਾ ਇਨ੍ਹਾਂ ਨੂੰ ਕੋਈ ਫਲ ਵੀ ਹੋ ਰਿਹਾ ਹੈ ਕਿ ਕੰਨੀਂ ਸੁਣ ਕੇ ਕੱਢੀ ਜਾ ਰਹੇ ਨੇ ਬਾਹਰ। ਉਹਦਾ ਫਲ ਬਹੁਤਾ ਮਿਲਦਾ ਹੈ ਹਦ ਤੋਂ ਜ਼ਿਆਦਾ। ਉਹ ਜਿਹੜੇ ਸਾਜ ਹੁੰਦੇ ਨੇ ਨਾ ਉਹ ਐਨੇ ਮਿੱਠੇ ਹੁੰਦੇ ਨੇ, ਵਾਹਿਗੁਰੂ ਉਨ੍ਹਾਂ ਸਾਜਾਂ ਦੀ ਧੁਨ ਸੁਣ ਕੇ ਮੋਹ ਹੋ ਜਾਂਦਾ ਹੈ।

***ਅਨਹਤ ਬਾਣੀ ਥਾਨੁ ਨਿਰਾਲਾ ॥***
***ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ - ੧੯੬***

ਗੁਪਾਲ ਵੀ ਮੋਹਿਆ ਜਾਂਦਾ ਹੈ ਉਹਦੇ ਨਾਲ। ਬੰਦਗੀ ਕਰੋ ਬੈਠੋ, ਡੇਰੇ ਵਾਲੇ ਨੂੰ ਮੈਂ ਕੁਟੀਆ ਬਣਾ ਕੇ ਦਿੱਤੀਆਂ ਨੇ, ਬੈਠੋ ਜੇ ਕਿਸੇ ਤੋਂ ਬੈਠ ਹੁੰਦਾ ਹੈ, ਮਿਹਨਤ ਕਰੋ। ਸੁਣੋ ਅੰਦਰਲਾ ਕੀਰਤਨ। ਭਾਗਾਂ ਵਾਲਾ ਹੋਏਗਾ, ਸਾਰੇ ਚਰਨੀਂ ਪੈਣਗੇ ਉਹਦੇ ਆ ਕੇ। ਜਿਹਦੇ ਅੰਦਰਲਾ ਕੀਰਤਨ ਜਾਗ ਪਵੇ। ਬਾਹਰੋਂ ਤਾਂ ਪੜ੍ਹੇ ਲਿਖੇ ਗਿਆਨੀ ਸਾਰੇ ਹੀ ਹੁੰਦੇ ਨੇ। ਗੁਰੂ ਘਰ 'ਚ ਤਾਂ ਪ੍ਰਵਾਨ ਓਹੀ ਹੈ ਜਿਹੜਾ ਅੰਦਰਲੀ ਖੇਲ੍ਹ ਨੂੰ ਸਮਝ ਗਿਆ। ਓਹੀ ਵੱਡਾ ਹੁੰਦਾ ਹੈ। ਠੀਕ ਹੈ ਅਸੀਂ ਸੇਵਾ ਕਰਦੇ ਹਾਂ, ਕੀਰਤਨ ਕਰਦੇ ਹਾਂ। ਅਸੀਂ ਇਸ ਰਸਤੇ 'ਤੇ ਚੱਲਣ ਦਾ ਯਤਨ ਕਰਦੇ ਹਾਂ। ਪਰ ਜੇ ਕਿਸੇ ਨੇ ਮਿਹਨਤ ਕਰ ਲਈ ਰੋਟੀ ਪਾਣੀ ਹਰ ਚੀਜ਼ ਮਿਲਦੀ ਹੈ ਬੈਠੇ ਨੂੰ। ਮੈਂ ਤਾਂ ਕਿਹਾ ਹੈ ਘਿਉ ਵੀ ਦੇਵਾਂਗੇ, ਬਦਾਮ ਵੀ ਦੇਵਾਂਗੇ, ਕਰਕੇ ਦੇਖੋ, ਜੇ ਕੋਈ ਕਰ ਸਕਦਾ ਹੈ, ਸਮਾਂ ਵੀ ਦੇਵਾਂਗੇ ਉਹਨੂੰ। ਪਰ ਉਹ ਹੁੰਦਾ ਨਹੀਂ ਕਿਉਂਕਿ ਮਹਾਰਾਜ ਕਹਿੰਦੇ -

***ਆਖਣਿ ਅਉਖਾ ਸਾਚਾ ਨਾਉ ॥ ਅੰਗ - ੯***

ਜਿੰਨਾਂ ਚਿਰ ਅੰਦਰ ਵਿਕਾਰ ਪਏ ਨੇ, ਨਾਮ ਨਹੀਂ ਚਲਦਾ ਹੁੰਦਾ, ਨਾਮ 'ਚ ਬਿਰਤੀ ਨਹੀਂ ਲਗਦੀ, ਉਬਾਸੀਆਂ ਆਉਣਗੀਆਂ, ਨੀਂਦ ਆਏਗੀ। ਚਿੱਤ ਨਹੀਂ ਲੱਗੇਗਾ, ਦਿਲ ਕਰੇਗਾ ਕਿ ਹੁਣ ਛੇਤੀ ਨਾਲ ਜਾ ਕੇ ਸਾਥੀਆਂ ਨਾਲ ਗੱਲਾਂ ਕਰੀਏ। ਦੁਨੀਆਂ ਦੇਖੀਏ। ਜੇ ਨਾਮ ਅੰਦਰ ਪ੍ਰਗਟ ਹੋ ਜਾਵੇ, ਚਿੱਤ ਹੀ ਨਹੀਂ ਕਰਦਾ ਕਹਿੰਦੇ ਕੋਈ ਆਵੇ ਹੀ ਨਾ।

***ਬੁੱਲ੍ਹਿਆ ਓਥੇ ਵਸੀਏ ਜਿਥੇ ਸਾਰੇ ਹੀ ਅੰਨ੍ਹੇ।***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਇਹ ਬੜੀਆਂ ਤੱਤ ਦੀਆਂ ਗੱਲਾਂ ਮਹਾਂਪੁਰਸ਼ਾਂ ਨੇ ਕਹੀਆਂ ਹੁੰਦੀਆਂ ਨੇ, ਪਰਖ-ਪਰਖ ਕੇ। ਸੋ ਕੀਰਤਨ ਭਗਤੀ ਹੁੰਦੀ ਹੈ। ਚੌਥੀ ਭਗਤੀ ਨਮਸ਼ਕਾਰ ਦੀ ਹੁੰਦੀ ਹੈ।

***ਡੰਡਉਤਿ ਬੰਦਨ ਅਨਿਕ ਬਾਰ***
***ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***

***ਅੰਗ - ੨੫੬***

ਯੂ.ਪੀ 'ਚ ਮੈਂ ਦੇਖਿਆ ਹੈ ਇੱਕ ਨਦੀ ਆਉਂਦੀ ਹੈ, ਓਥੋਂ ਉੱਚਾ ਥਾਉਂ, ਨਾਨਕ ਮਤੇ ਦਾ ਉਪਰਲਾ ਬੁਰਜ ਦਿਸਣ ਲਗ ਜਾਂਦਾ ਹੈ। ਗੁੰਬਦ ਦਿਸਦੀ ਹੈ, ਓਥੋਂ ਪ੍ਰੇਮ ਵਾਲੇ ਬੰਦੇ ਨੇ ਜਿਹੜੇ, ਓਧਰਲੇ ਭਈਏ, ਉਹ ਕਪੜੇ ਫੜਾ ਦਿੰਦੇ ਨੇ ਆਪਣੇ ਨਾਲ ਦੇ ਬੰਦੇ ਨੂੰ ਜਾਂ ਘਰਵਾਲੀ ਨਾਲ ਹੈ ਉਹਨੂੰ ਫੜਾ ਦੇਣਗੇ। ਫੇਰ ਉਹ ਲੰਮੇ ਪੈ ਗਏ ਲਕੀਰ ਕੱਢ ਦਿੱਤੀ, ਲੰਮੇ ਪੈ ਗਏ ਲਕੀਰ ਕੱਢ ਦਿੱਤੀ, ਇਸ ਤਰ੍ਹਾਂ ਪੂਰਾ ਰਸਤਾ ਡੰਡਉਤਾਂ ਕਰਦੇ ਜਾਂਦੇ ਨੇ। ਅਸੀਂ ਤਾਂ ਪੜ੍ਹਦੇ ਹੁੰਦੇ ਹਾਂ ਕਿ ਮੈਂ ਡੰਡਉਤਾਂ ਕਰਦਾ ਆਵਾਂ, ਪਰ ਪਤਾ ਹੀ ਨਹੀਂ ਸਾਰੀ ਜ਼ਿੰਦਗੀ 'ਚ ਨਹੀਂ ਕਰੀ ਇੱਕ ਵਾਰੀ ਵੀ। ਪੜ੍ਹਦੇ ਅਸੀਂ ਬਹੁਤ। ਇਹਨੂੰ ਡੰਡਉਤ ਭਗਤੀ (ਨਮਸਕਾਰ ਭਗਤੀ) ਕਹਿੰਦੇ ਨੇ।

ਫੇਰ ਪਾਦ ਸੇਵਨ ਭਗਤੀ ਹੈ। ਸੇਵਾ ਕਰਨੀ, ਮਹਾਂਪੁਰਸ਼ਾਂ ਦੇ ਸਰੀਰ ਨੂੰ ਸਾਂਭਣਾ। ਮੁੱਠੀ ਚਾਪੀ ਵੀ ਕਰਨੀ, ਹੋਰ ਸਾਰੇ ਸਾਧਨ ਦੇਖਣੇ ਕਿਉਂਕਿ ਬਿਰਤੀ ਉਹਦੀ ਇੱਕ ਥਾਂ 'ਤੇ ਲਗ ਜਾਂਦੀ ਹੈ। ਉਹ ਸਰੀਰ ਦੀ ਸੰਭਾਲ ਛੱਡ ਦਿੰਦੇ ਨੇ। ਸਰੀਰ ਦੀ ਸੰਭਾਲ ਕਰਨੀ ਪਾਦ ਸੇਵਨ ਭਗਤੀ ਹੈ। ਫੇਰ ਅਰਚਨ ਹੈ, ਫੇਰ ਪੂਜਾ ਹੈ। ਫੇਰ ਹੈਗਾ ਦਾਸਾ ਭਾਵ। ਦਾਸ ਭਾਵ 'ਚ ਆ ਕੇ ਕਿ ਮੈਂ ਦਾਸ ਹਾਂ। ਮੈਨੂੰ ਕੁਛ ਕਰ ਦੇਵੇ।

ਇਕ ਰਾਜਾ ਸੀਗਾ ਉਹਨੇ ਇੱਕ ਦਾਸ ਮੁੱਲ ਲੈ ਲਿਆ,

ਜਿਹਨੂੰ ਗੁਲਾਮ ਕਹਿੰਦੇ ਨੇ। ਭਾਈ ਗੁਰਦਾਸ ਜੀ ਦਸਦੇ ਨੇ ਕਿ ਜੇ ਇਸ ਰਾਹ 'ਤੇ ਪੈਣਾ ਹੈ ਨਾ ਤਾਂ ਫੇਰ ਸੋਚ ਕੇ ਪੈ। ਇਹ ਜੀਉਂਦਿਆਂ ਦਾ ਰਾਹ ਨਹੀਂ ਹੈ, ਜਿਹੜੇ ਜੀਉਂਦੇ ਮੁਰਦੇ ਹੋ ਜਾਂਦੇ ਨੇ ਇਹ ਉਨ੍ਹਾਂ ਦਾ ਰਸਤਾ ਹੈ।

ਗੁਲਾਮ ਹੋ ਗਿਆ, ਬਾਦਸ਼ਾਹ ਨੇ ਗੁਲਾਮ ਖਰੀਦਿਆ।

ਕਹਿਣ ਲੱਗਿਆ ਕਿ ਐ ਗੁਲਾਮ! ਤੂੰ ਮੈਨੂੰ ਬਹੁਤ ਅੱਛਾ ਲਗ ਰਿਹਾ ਹੈਂ।ਤੇਰਾ ਤੁਰਨਾ ਫਿਰਨਾ, ਉਠਣਾ, ਬੋਲਣਾ, ਬੈਠਣਾ; ਬੜੀ ਮਰਿਆਦਾ ਦਾ ਹੈ। ਤੂੰ ਕੋਈ ਖਾਸ ਬੰਦਾ ਮੈਨੂੰ ਲਗਦਾ ਹੈਂ। ਮੇਰੇ ਮਨ ਵਿਚ ਆਈ ਹੈ ਕਿ ਮੈਂ ਤੇਰੇ ਨਾਲ ਓਹੀ ਸਲੂਕ ਕਰਾਂ, ਜਿਸਦਾ ਤੂੰ ਪਾਤਰ ਸੀਗਾ। ਮੈਨੂੰ ਐਉਂ ਦਸ ਤੇਰਾ ਨਾਉਂ ਕੀ ਹੈ? ਕਪੜੇ ਕਿਹੋ ਜਿਹੇ ਪਹਿਨਣਾ ਚਾਹੁੰਦਾ ਹੈਂ। ਤੀਸਰਾ ਤੂੰ ਖਾਣਾ ਕਿਹੋ ਜਿਹਾ ਖਾਣਾ ਚਾਹੁੰਦਾ ਹੈਂ? ਚੌਥਾ ਤੂੰ ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਉਠਣਾ ਚਾਹੁੰਦਾ ਹੈਂ?

ਕਹਿਣ ਲੱਗਿਆ, ਆਲੀ ਜਾਨ! ਮੈਂ ਗੁਲਾਮ ਹੋ ਗਿਆ ਤਾਂ ਮੇਰੇ ਹੱਕ ਸਾਰੇ ਖਤਮ ਹੋ ਜਾਂਦੇ ਨੇ। ਮੁੱਲ ਵਿਕ ਗਿਆ, ਤੁਸੀਂ ਮੈਨੂੰ ਮੁੱਲ ਲੈ ਆਂਦਾ। ਪਸ਼ੂ ਵੀ ਤੁਸੀਂ ਮੁੱਲ ਲੈ ਆਉਂਦੇ ਓਂ, ਬੰਦੇ ਵੀ ਮੁੱਲ ਲੈ ਆਉਂਦੇ ਓਂ। ਪਸ਼ੂ ਦੀ ਆਪਣੀ ਮਰਜ਼ੀ ਤਾਂ ਕੋਈ ਨਹੀਂ ਨਾ ਹੈ, ਜੇ ਪਾਣੀ ਦੀ ਪਿਆਸ ਲੱਗੇ ਤਾਂ ਵੱਧ ਤੋਂ ਵੱਧ ਕਿੱਲ੍ਹੇ ਦੇ ਦੁਆਲੇ ਗੇੜੇ ਕੱਢਣ ਲੱਗ ਜਾਏਗਾ। ਭੁੱਖ ਲੱਗੀ ਹੋਈ ਹੈ ਗੇੜੇ ਕੱਢੇਗਾ। ਲਵੇਰੇ ਨੇ ਦੁੱਧ ਦੇਣਾ ਹੈ ਬੋਲਣ ਲਗ ਜਾਏਗਾ। ਉਹਦੇ ਅਖਤਿਆਰ ਨਹੀਂ ਹੈ ਕੁਛ ਵੀ। ਇਹ ਜਿਹੜਾ ਗੁਲਾਮ ਹੈ ਇਹਦੇ ਵੀ ਅਖਤਿਆਰ ਨਹੀਂ। ਆਲੀ ਜਾਨ! ਜਿਹੜਾ ਨਾਉਂ ਰੱਖਣਾ ਤੁਹਾਨੂੰ ਚੰਗਾ ਲਗਦਾ ਹੈ, ਉਹ ਤੁਸੀਂ ਰੱਖ ਲਓ। ਮੇਰਾ ਨਾਉਂ ਤਾਂ ਬਹੁਤ ਵੱਡਾ ਸੀ, ਨਾਲ ਬੜੀਆਂ ਉਪਾਧੀਆਂ ਲਗਦੀਆਂ ਸੀ ਤੇ ਹੁਣ ਤਾਂ ਮੈਂ ਗੁਲਾਮ ਹਾਂ, ਮੇਰਾ ਕੋਈ ਹੱਕ ਨਹੀਂ ਦੁਨੀਆਂ 'ਚ ਰਿਹਾ। ਮੇਰੇ ਜੀਉਣ 'ਤੇ ਵੀ ਮੇਰਾ ਹੱਕ ਨਹੀਂ ਹੈ। ਤੁਸੀਂ ਕੋਈ ਨਾਉਂ ਰੱਖ ਲਓ ਜਿਹੜਾ ਤੁਹਾਡਾ ਜੀਅ ਕਰਦਾ ਹੈ। ਮੈਂ ਬੋਲ ਪਿਆ ਕਰਾਂਗਾ, ਮੈਨੂੰ ਦਸ ਦਿਓ। ਚਾਹੇ ਕੁੱਤਾ ਰੱਖ ਲਓ, ਚਾਹੇ ਬਿੱਲਾ ਰੱਖ ਲਓ, ਚਾਹੇ ਸੂਰ ਰਖ ਲਓ, ਚਾਹੇ ਸ਼ੇਰ ਰੱਖ ਲਓ। ਨਾਉਂ ਹੀ ਰਖਣਾ ਹੈ ਮੈਨੂੰ ਪਤਾ ਲਗ ਜਾਏਗਾ ਕਿ ਇਸ ਸਰੀਰ ਦਾ ਨਾਉਂ ਹੈ। ਕੱਪੜੇ ਜਿਹੜੇ ਤੁਹਾਨੂੰ ਮੇਰੇ ਪਾਏ ਹੋਏ ਚੰਗੇ ਲਗਦੇ ਨੇ ਓਹੋ ਜਿਹੇ ਤੁਸੀਂ ਪੁਆ ਦਿਓ, ਚਾਹੇ ਪਾਟੇ ਹੋਏ ਦੇ ਦਿਓ, ਮੈਨੂੰ ਉਹਦਾ ਕੋਈ ਫਰਕ ਨਹੀਂ। ਚਾਹੇ ਵਧੀਆ ਤੋਂ ਵਧੀਆ ਪੁਆ ਦਿਓ ਉਹਦਾ ਵੀ ਮੈਨੂੰ ਕੋਈ ਫਰਕ ਨਹੀਂ। ਖਾਣ ਨੂੰ ਜਿਹੜਾ ਕੁਛ ਦੇ ਦਿਓਗੇ ਮੈਂ ਖਾ ਲੈਣਾ ਹੈ। ਖਾਣਾ ਮੇਰਾ ਤੁਹਾਡੇ ਹਿਤ 'ਚ ਹੈ, ਚੰਗਾ ਖਾਊਂਗਾ ਮਜ਼ਬੂਤ ਰਹਾਂਗਾ, ਮਾੜਾ ਰਹਾਂਗਾ, ਭੁੱਖਾ ਰਹਾਂਗਾ, ਥੋੜ੍ਹੇ ਦਿਨਾਂ 'ਚ ਹਾਰ ਜਾਵਾਂਗਾ। ਸੌਣਾ ਮੇਰੇ ਹੱਥ 'ਚ ਨਹੀਂ ਹੈ, ਜਦੋਂ ਕਹਿ ਦਿਓਗੇ ਜਾਹ ਪੈ ਜਾ, ਹਾਕ ਮਾਰ ਲਓਗੇ, ਉਠ ਜਾਵਾਂਗਾ। ਸੋ ਗੁਲਾਮ ਹੁੰਦਾ ਹੈ ਇਹਨੂੰ ਦਾਸਾ ਭਾਵ ਕਹਿੰਦੇ ਨੇ। ਜਿਹੜਾ ਦਾਸਾ ਭਾਵ ਦੇ ਵਿਚ ਭਗਤੀ ਕਰਦਾ ਹੈ ਨਾ, ਇਹ ਵੀ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ, ਉਹਦੇ ਬਾਰੇ ਜਦੋਂ ਮੁਕਤੀ ਹੁੰਦੀ ਹੈ ਨਾ ਉਸਦੀ। ਉਹ ਵਾਹਿਗੁਰੂ ਜੀ ਦੇ ਕੋਲ ਜਾ ਕੇ ਵਸ ਪੈਂਦਾ ਹੈ ਜਿਹੜਾ ਦਾਸਾ ਭਾਵ ਵਾਲਾ ਹੁੰਦਾ ਹੈ। ਜਿਹੜਾ ਪਿਆਰ ਵਾਲਾ ਹੁੰਦਾ ਹੈ, ਜਦੋਂ ਮੁਕਤ ਹੁੰਦਾ ਹੈ ਤਾਂ ਉਸ ਲੋਕ ਦੇ ਵਿਚ ਜਾ ਕੇ ਵਸ ਜਾਂਦਾ ਹੈ, ਉਸ ਲੋਕ 'ਚ ਜਾ ਕੇ ਤੇ ਜਿਹਵਾ ਮਿੱਤਰ ਜਾਣ ਕੇ ਵਾਹਿਗੁਰੂ ਦੀ ਭਗਤੀ ਕਰਦਾ ਹੈ, ਸਖਾ ਭਾਵ ਦੀ ਭਗਤੀ ਹੈ। ਉਹ ਰੱਬ ਵਰਗਾ ਹੀ ਰੂਪ ਧਾਰ ਲੈਂਦਾ ਹੈ। ਓਹੋ ਜਿਹਾ ਹੀ ਰੂਪ ਹੋ ਜਾਂਦਾ ਹੈ ਉਹਦਾ। ਜਿਹੜਾ ਪ੍ਰਮੇਸ਼ਰ ਦਾ ਗਿਆਨ ਹੋਣ ਤੋਂ ਬਾਅਦ ਜੋ ਮੁਕਤੀ ਹੁੰਦੀ ਹੈ, ਉਹ ਵਾਹਿਗੁਰੂ ਜੀ ਦੇ ਵਿਚ ਸਮਾਅ ਜਾਂਦਾ ਹੈ। ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ ਉਹਦਾ ਫਰਕ ਨਹੀਂ ਰਹਿੰਦਾ, ਜਿਹੜਾ ਇਹ ਭਗਤੀ ਕਰਦਾ ਹੈ। ਜਿਵੇਂ ਜਲ ਦੇ ਅੰਦਰ ਮੀਨ ਦਾ ਖੋਜ ਖੁਰਾ ਨਹੀਂ ਲੱਭਦਾ, ਐਸ ਤਰ੍ਹਾਂ ਦੇ ਨਾਲ ਉਹ ਪ੍ਰਮੇਸ਼ਰ ਦੇ ਵਿਚ ਲੀਨ ਹੋ ਜਾਇਆ ਕਰਦਾ।

***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮***

ਸਾਰਿਆਂ ਤੋਂ ਉਪਰ ਭਗਤੀ ਹੁੰਦੀ ਹੈ ਪ੍ਰੇਮਾ ਭਗਤੀ।

***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਹੁਣ ਮਾਂ ਉਪਦੇਸ਼ ਦੇ ਰਹੀ ਹੈ। ਵਿਰਲੀਆਂ ਮਾਵਾਂ ਨੇ ਜਿਹੜੀਆਂ ਬੱਚਿਆਂ ਨੂੰ ਭਗਤੀ ਵਲ ਲਾਉਂਦੀਆਂ ਨੇ। ਨਹੀਂ ਤਾਂ ਡਰਦੀਆਂ ਨੇ, ਉਨ੍ਹਾਂ ਦਾ ਡਰਨਾ ਵੀ ਠੀਕ ਹੈ ਕਿਉਂਕਿ ਖੋਟ ਬਹੁਤ ਆ ਗਈ। ਕਿਤੇ-ਕਿਤੇ ਸੱਚ ਰਹਿ ਗਿਆ, ਬਾਕੀ ਤਾਂ ਕੂੜ ਦਾ ਪਸਾਰਾ ਬਹੁਤ ਚੱਲ ਰਿਹਾ ਹੈ। ਤੁਹਾਡੇ ਬੱਚੇ ਲੈ ਲੈਣ, ਉਨ੍ਹਾਂ ਦਾ ਹਿਤ ਹੁੰਦਾ ਹੈ ਕਿ ਚਲ ਕੋਈ ਢੋਲਕੀ ਵਜਾਏਗਾ, ਕੋਈ ਚਿਮਟਾ ਵਜਾਏਗਾ, ਰੂਹਾਨੀ ਤਰੱਕੀ ਨਹੀਂ ਕਰਾਉਂਦੇ।

ਐਸੀ ਹਾਲਤ ਵਿਚ ਮਾਵਾਂ ਕੀ ਕਰਨ, ਉਹ ਕਹਿੰਦੀਆਂ ਨੇ ਕਿ ਪੜ੍ਹ ਲਿਖ ਕੇ ਨੌਕਰ ਹੋਏਗਾ, ਇਹ ਠੀਕ ਹੈ। ਪਰ ਕੋਈ-ਕੋਈ ਮਾਂ ਹੈ ਜਿਹੜੀ ਬੱਚੇ ਨੂੰ ਪ੍ਰੇਰਨਾ ਦਿੰਦੀ ਹੈ ਕਿ ਬੇਟਾ! ਮਨੁੱਖਾ ਜਨਮ ਤੈਨੂੰ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ ਤੂੰ ਏਸ ਦੇ ਵਿਚ ਵਾਹਿਗੁਰੂ ਦੀ ਪ੍ਰਾਪਤੀ ਕਰ। ਉਹਨੂੰ ਮਹਾਰਾਜ ਕਹਿੰਦੇ, ਧੰਨ ਨੇ ਉਹ ਮਾਵਾਂ ਜਿਨ੍ਹਾਂ ਦੇ ਪੁੱਤਰ ਨਾਮ ਜਪਦੇ ਨੇ। ਦੂਸਰੇ ਪਾਸੇ ਕਹਿੰਦੇ ਨੇ ਕਿ

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥ ਅੰਗ - ੩੨੮***

ਜਿਹੜੀ ਕੁਲ ਦੇ ਅੰਦਰ ਪੁੱਤਰ ਨਾਮ ਨਹੀਂ ਜਪਦਾ, ਬੱਚਾ ਨਾਮ ਨਹੀਂ ਜਪਦਾ ਕਹਿੰਦੇ ਉਹਦੇ ਨਾਲੋਂ ਤਾਂ ਚੰਗਾ ਉਹ ਵਿਧਵਾ ਹੋ ਜਾਂਦੀ।

***ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰੁ॥***
***ਨਹੀ ਤਾਂ ਜਨਨੀ ਬਾਂਝ ਰਹਿ ਕਾਹੇ ਗਵਾਵੈ ਨੂਰ॥***
***ਤੁਲਸੀ ਦਾਸ ਜੀ***

ਸੋ ਧਰੂੰ ਦੇ ਮਨ ਵਿਚ ਬੈਠ ਗਿਆ ਕਿ ਹੈਂ ਵਾਹਿਗੁਰੂ ਦਾ ਨਾਮ ਜਪਣਾ ਚਾਹੀਦਾ ਹੈ? ਮਾਂ ਕਹਿਣ ਲੱਗੀ, ਬੇਟਾ! ਰਿਸ਼ੀ-ਮੁਨੀ ਸਾਰੇ ਜੰਗਲਾਂ 'ਚ ਬੈਠੇ ਨੇ, ਕੰਦ-ਮੂਲ ਚੁਣ ਕੇ ਆਪਣਾ ਗੁਜ਼ਾਰਾ ਕਰਦੇ ਨੇ। ਉਥੇ ਭਗਤੀ ਕਰਦੇ ਨੇ ਸਾਰੇ, ਵੈਰਾਗ ਹੋਣਾ ਚਾਹੀਦਾ ਹੈ। ਇੱਕ ਪਾਸੇ ਪ੍ਰਮੇਸ਼ਰ ਦਾ ਪਿਆਰ ਹੋਣਾ ਚਾਹੀਦਾ

ਹੈ, ਫੇਰ ਭਗਤੀ ਹੁੰਦੀ ਹੈ, ਨੌਂ ਤਰ੍ਹਾਂ ਦਾ ਬੈਰਾਗ ਹੁੰਦਾ ਹੈ। ਇਹਨੂੰ ਸਭ ਤੋਂ ਸ੍ਰੇਸ਼ਟ ਬੈਰਾਗ ਹੋ ਗਿਆ। ਉਹਨੂੰ ਤੀਬਰ-ਤਮ-ਤਰ ਬੈਰਾਗ ਕਹਿੰਦੇ ਨੇ। ਰਾਤ ਨੂੰ ਸੁੱਤਾ ਨਹੀਂ ਹੈ, ਮਾਤਾ ਤੋਂ ਇਜਾਜ਼ਤ ਮੰਗੀ, ਮਾਤਾ ਨੇ ਦਿੱਤੀ ਨਾ ਕਿ ਬੇਟਾ! ਤੂੰ ਛੋਟਾ ਹੈਂ ਤੇ ਕੋਈ ਗੱਲ ਹੋ ਜਾਏਗੀ। ਤੈਨੂੰ ਭਗਤੀ ਦਾ ਪਤਾ ਨਹੀਂ ਲਗਣਾ। ਤੈਨੂੰ ਇਸ਼ਨਾਨ ਮੈਂ ਕਰਾਉਂਦੀ ਹਾਂ, ਇੱਥੇ ਤੂੰ ਇਸ਼ਨਾਨ ਕਿਵੇਂ ਕਰੇਂਗਾ? ਇੱਥੇ ਤੇਰੇ ਖਾਣ ਵਾਸਤੇ ਮੈਂ ਦਿੰਦੀ ਹਾਂ, ਉਥੇ ਜੰਗਲਾਂ 'ਚ ਕੀ ਖਾਏਂਗਾ? ਉਥੇ ਤਾਂ ਸਭ ਆਪਣੇ ਹਾਲ ਵਿਚ ਮਸਤ ਨੇ। ਤੇਰਾ ਕਿਸੇ ਨੇ ਧਿਆਨ ਨਹੀਂ ਰੱਖਣਾ ਬੇਟਾ, ਤੂੰ ਅਜੇ ਨਾ ਜਾਹ, ਜੁਆਨ ਹੋ ਜਾ, ਫੇਰ ਚਲਿਆ ਜਾਈਂ। ਕਹਿੰਦਾ, ਮਾਤਾ! ਕੀ ਭਰੋਸਾ ਹੈ ਕਾਲ ਦਾ, ਕਿਹੜੇ ਵੇਲੇ ਆ ਜਾਏ, ਮੈਂ ਤਾਂ ਛੋਟਾ ਜਿਹਾ ਹੀ ਹਾਂ, ਮੇਰੀ ਤਾਂ ਐਵੇਂ ਹੀ ਬੁਰਕੀ ਬਣ ਜਾਊਗੀ। ਵੱਡਾ ਤਾਂ ਅਜੇ ਚਲ ਜਾਊ ਕੁਛ ਦੇਰ, ਛੋਟੇ ਨੇ ਕੀ ਚਲਣਾ।

***ਨਹ ਬਾਰਿਕ ਨਹ ਜੋਬਨੈ***
***ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ***
***ਜਉ ਆਇ ਪਰੈ ਜਮ ਫੰਧੁ ॥ ਅੰਗ - ੨੫੪***

ਸੋ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਜਦੋਂ ਮਾਤਾ ਸੌਂ ਗਈ, ਉਸ ਵੇਲੇ ਉਹ ਉਠਿਆ, ਉਠ ਕੇ ਉਹਨੇ ਪੰਜ ਪ੍ਰਕਰਮਾ ਕਰੀਆਂ, ਮਾਤਾ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਸਿੱਧਾ ਹੀ ਘਣੇ ਜੰਗਲ ਵਲ ਨੂੰ ਚਲ ਪਿਆ। ਐਉਂ ਪੜ੍ਹ ਲਓ -

***ਧਾਰਨਾ - ਮਨ ਹੋਇ ਕੇ ਬੈਰਾਗੀ ਉਠਿ ਚੱਲਿਆ,***
***ਪਰਮੇਸਰੁ ਆਰਾਧੀਐ***
***ਜਿਦੂ ਹੋਈਐ ਪਤਿਤ ਪੁਨੀਤਾ।***
***ਬਾਹਰਿ ਚਲਿਆ ਕਰਣਿ ਤਪੁ***
***ਮਨ ਬੈਰਾਗੀ ਹੋਇ ਅਤੀਤਾ।***
***ਭਾਈ ਗੁਰਦਾਸ ਜੀ, ਵਾਰ ੧੦/੧***

ਪੂਰਾ ਬੈਰਾਗ ਹੈ ਅੰਦਰ। ਸੋ ਇਹ ਪੂਰਨ ਬੈਰਾਗ ਹੈ ਇਹਨੂੰ ਸ਼ੇਰ ਬੈਰਾਗ ਕਹਿੰਦੇ ਨੇ। ਤੁਰਿਆ ਜਾ ਰਿਹਾ ਹੈ, ਦਿਨ ਚੜ੍ਹ ਗਿਆ, ਡਰਦਾ ਨਹੀਂ, ਸ਼ੇਰਾਂ ਦੀਆਂ ਅਵਾਜ਼ਾਂ ਆ ਰਹੀਆਂ ਨੇ। ਚਿੱਤਿਆਂ ਦੀਆਂ ਆ ਰਹੀਆਂ ਨੇ, ਹੋਰ ਜੰਗਲੀ ਜਾਨਵਰ ਬੋਲ ਰਹੇ ਨੇ, ਬਘਿਆੜ ਬੋਲ ਰਹੇ ਨੇ। ਬਿਲਕੁਲ ਨਹੀਂ ਡਰਦਾ। ਮਾਂ ਨੇ ਦਸ ਦਿੱਤਾ ਕਿ ਜੇ ਪ੍ਰਮੇਸ਼ਰ ਦਾ ਭਜਨ ਕਰੀਏ, ਉਹਦੇ ਰਸਤੇ ਤੁਰੀਏ, ਉਹ ਰਾਖੀ ਆਪ ਕਰਦਾ ਹੈ। ਚਲਦਾ-ਚਲਦਾ ਇੱਕ ਨਦੀ ਆ ਗਈ, ਹੁਣ ਲੰਘਣ ਦੀ ਕੋਸ਼ਿਸ਼ ਕਰਦਾ ਹੈ, ਨਦੀ ਵਿੱਚ ਪਾਣੀ ਜ਼ਿਆਦਾ ਹੈ, ਉਧਰੋਂ ਨਾਰਦ ਜੀ ਨੂੰ ਇਹ ਸ਼ਕਤੀ ਪ੍ਰਾਪਤ ਹੈ ਕਿ ਜਿੱਥੇ ਵੀ ਜੀਅ ਕਰੇ ਚਲੇ ਜਾਵੇ। ਜਿੱਥੋਂ ਜੀਅ ਕਰੇ ਉਸੇ ਵੇਲੇ ਅਲੋਪ ਹੋ ਜਾਂਦੇ ਨੇ। ਗੁਰੂ ਦਸਵੇਂ ਪਾਤਸ਼ਾਹ ਪਾਸ ਆਏ ਸੀ।

ਸੋ ਉਹ ਇੱਕ ਦਮ ਪ੍ਰਗਟ ਹੋ ਗਏ। ਕਹਿੰਦੇ, ਬੇਟਾ! ਤੂੰ ਕਿੱਥੇ ਜਾ ਰਿਹਾ ਹੈਂ ਕਾਕਾ।

ਕਹਿੰਦਾ, ਬਾਬਾ! ਮੈਂ ਭਗਤੀ ਕਰਨੀ ਹੈ।

ਕਿਉਂ ਕਰਨੀ ਹੈ?

ਨਿਆਣਾ ਸੀ, ਸਾਰੀ ਗੱਲ ਦਸ ਦਿੱਤੀ ਕਿ ਐਉਂ ਮੇਰੀ ਸੁਤੇਲੀ ਮਾਂ ਨੇ ਥੱਪੜ ਮਾਰੇ, ਮੈਂ ਮਾਂ ਨੂੰ ਪੁੱਛਿਆ ਕਿ ਰਾਜ ਆਪਾਂ ਨੂੰ ਕਿਉਂ ਨਹੀਂ ਮਿਲਿਆ। ਉਹ ਕਹਿੰਦੀ ਕਿ ਆਪਾਂ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ।

***ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ***
***ਕਰਮਿ ਦ੍ਰਿੜ੍ਹੀਤਾ।***
***(ਭਾਈ ਗੁਰਦਾਸ ਜੀ, ਵਾਰ ੧੦/੧)***

ਉਹ ਕਹਿੰਦਾ, ਬੇਟਾ! ਫੇਰ ਭਗਤੀ ਕਿਵੇਂ ਕਰੇਂਗਾ?

ਉਹ ਕਹਿੰਦਾ, ਮੇਰੀ ਮਾਂ ਨੇ ਮੈਨੂੰ ਨੌਂ ਕਿਸਮ ਦੀ ਭਗਤੀ ਦੱਸੀ ਹੈ।

ਕਹਿੰਦੇ, ਆਪਣੇ ਆਪ ਤਾਂ ਇਹ ਹੁੰਦੀ ਨਹੀਂ ਹੁੰਦੀ।ਜਿੰਨਾਂ ਚਿਰ ਗੁਰੂ ਮੰਤਰ ਨਾ ਦੇਵੇ, ਓਨੀ ਦੇਰ ਤਕ ਭਗਤੀ ਰੰਡੀ ਰਹਿੰਦੀ ਹੈ, ਜ਼ੀਰੋ ਰਹਿੰਦੀ ਹੈ। ਜੇ ਤਿੰਨ ਜ਼ੀਰੇ ਨੇ ਤੇ ਇਕ ਏਕਾ ਲਗ ਜਾਵੇ ਤਾਂ, ਹਜ਼ਾਰ ਬਣ ਜਾਂਦਾ ਹੈ, ਚਾਰ ਜ਼ੀਰੋ ਨੇ ਇੱਕ ਏਕਾ ਲਗ ਜਾਵੇ, ਦਸ ਹਜ਼ਾਰ ਬਣ ਜਾਂਦਾ ਹੈ। ਨਹੀਂ ਤਾਂ ਜ਼ੀਰੋ ਦਾ ਕੋਈ ਮਤਲਬ ਨਹੀਂ ਹੋਇਆ ਕਰਦਾ। ਇਹ ਤਾਂ ਨਾਮ ਲੈਣਾ ਪੈਂਦਾ ਹੈ, ਪੁੱਛਣਾ ਪੈਂਦਾ ਹੈ। ਸਮਰੱਥ ਦਸਦਾ ਹੈ ਕਿ ਤੈਨੂੰ ਇਸ ਤਰ੍ਹਾਂ ਪ੍ਰਮੇਸ਼ਰ ਮਿਲੇਗਾ। ਇਹਦੇ ਬਗੈਰ ਤਾਂ ਮਿਲਦਾ ਨਹੀਂ ਹੁੰਦਾ ਪ੍ਰਮੇਸ਼ਰ, ਚੱਲ ਨਹੀਂ ਸਕਦਾ ਆਦਮੀ। ਕਿਉਂਕਿ ਗੁਪਤ ਰਸਤਾ ਹੈ, ਆਪਣੇ ਆਪ ਪਤਾ ਹੀ ਨਹੀਂ ਲਗਦਾ। ਖੋਜ ਅੰਦਰਲੀ ਕਿਵੇਂ ਕਰ ਲਏਗਾ, ਜੇ ਰਾਹ ਦਾ ਹੀ ਨਹੀਂ ਪਤਾ। ਮਹਾਤਮਾ ਨੂੰ ਪਤਾ ਹੁੰਦਾ ਹੈ ਕਿ ਆਂਹ ਰਸਤਾ ਹੈ, ਐਉਂ ਉਂਗਲੀ ਲਾਈਏ ਇਹਨੂੰ ਤਾਂ ਇਹ ਅੱਗੇ ਚੜ੍ਹੇਗਾ। ਉਸ ਵੇਲੇ ਉਹਨੇ ਬੜਾ ਹੀ ਅਧੀਨ ਹੋ ਕੇ ਕਿਹਾ ਕਿ ਬਾਬਾ! ਫੇਰ ਤੂੰ ਮੈਨੂੰ ਰਾਹ ਦੱਸ ਦੇ, ਮੈਂ ਤਾਂ ਭਗਤੀ ਕਰਨੀ ਹੈ। ਕਹਿੰਦੇ, ਤੈਨੂੰ ਰਾਜ ਦਿਵਾ ਦਿੰਦੇ ਹਾਂ। ਇਸ ਚੱਕਰ 'ਚ ਨਾ ਪੈ। ਨਿਆਣਾ ਹੈਂ ਤੂੰ। ਤੇਰੇ ਤੋਂ ਭਗਤੀ ਹੋਣੀ ਨਹੀਂ ਹੈ, ਇੱਥੇ ਸ਼ੇਰ ਬੋਲਦੇ ਨੇ, ਦਹਾੜਦੇ ਨੇ ਰਾਤਾਂ ਨੂੰ, ਤੁਰੇ ਫਿਰਦੇ ਨੇ। ਕਹਿਣ ਲੱਗਿਆ, ਬਾਬਾ! ਮੇਰੀ ਮਾਂ ਨੇ ਕਿਹਾ ਹੈ ਕਿ ਜੇ ਰੱਬ ਦੇ ਲੜ ਲਗ ਜਾਈਏ, ਕੋਈ ਚੀਜ਼ ਨਹੀਂ, ਸਾਰੀਆਂ ਚੀਜ਼ਾਂ ਜਿਹੜੀਆਂ ਨੇ ਸੇਵਾ ਕਰਦੀਆਂ ਨੇ, ਸ਼ੇਰ ਵੀ ਮੇਰੇ ਪ੍ਰਮੇਸ਼ਰ ਦੇ ਹੁਕਮ 'ਚ ਨੇ, ਮੇਰੀ ਮਾਂ ਨੇ ਮੈਨੂੰ ਸਭ ਕੁਛ ਦਸ ਦਿੱਤਾ।

ਦੇਖਿਆ ਕਿ ਇਹ ਤਾਂ ਦ੍ਰਿੜ ਹੈ, ਇਹ ਨਹੀਂ ਕਿਸੇ ਤਰੀਕੇ ਨਾਲ ਮੰਨਦਾ, ਨਾ ਰਾਜ ਮੰਗਦਾ ਹੈ। ਕਹਿੰਦੇ ਤੈਨੂੰ ਰਾਜ ਦਿਵਾ ਦਿੰਦੇ ਹਾਂ? ਕਹਿੰਦਾ, ਹੁਣ ਮੈਨੂੰ ਲੋੜ ਨਹੀਂ ਮੈਂ ਭਗਤੀ ਕਰਨੀ ਹੈ। ਰਾਜ ਮਿਲੇ ਨਾ ਮਿਲੇ, ਮੈਂ ਰੱਬ ਨੂੰ ਮਿਲਣਾ ਹੈ। ਉਸ ਵੇਲੇ ਨਾਰਦ ਨੇ ਕਿਹਾ ਕਿ ਸਾਵਧਾਨ ਹੋ, ਇਸ਼ਨਾਨ ਕਰਕੇ ਆ। ਨਦੀ 'ਚ ਇਸ਼ਨਾਨ ਕਰਾਇਆ। ਸਾਮ੍ਹਣੇ ਆ ਕੇ ਬੱਚਾ ਬੈਠ ਗਿਆ। ਕਹਿੰਦਾ ਦੇਖ, ਤੈਨੂੰ ਮੈਂ ਪ੍ਰਾਣਾਯਾਮ ਦਾ ਤਰੀਕਾ ਦੱਸਾਂਗਾ, ਜਿਹਦੇ ਨਾਲ ਤੂੰ ਸਾਹ ਦਸਵੇਂ ਦੁਆਰ 'ਚ ਲੈ ਜਾਵੇਂ। ਦੂਸਰਾ ਤੈਨੂੰ ਮੈਂ ਗੁਰਮੰਤਰ ਦੱਸਾਂਗਾ, ਜਿਸ ਮੰਤਰ ਦੇ ਬਲ ਨਾਲ ਪ੍ਰਮੇਸ਼ਰ ਨੇ ਪ੍ਰਗਟ ਹੋਣਾ ਹੈ। ਉਸ ਵੇਲੇ ਉਹਨੇ ਸਾਮ੍ਹਣੇ ਬਿਠਾ ਕੇ, ਕਹਿਣ ਲੱਗਿਆ ਕਿ ਰੀੜ੍ਹ ਦੀ ਹੱਡੀ ਬਿਲਕੁਲ ਸਿੱਧੀ ਰੱਖਣੀ। ਸਰੀਰ ਢਿੱਲਾ ਰੱਖਣਾ ਬਿਲਕੁਲ, ਉਹਦੇ 'ਚ ਵਲ ਨਹੀਂ ਪੈਣ ਦੇਣਾ। ਕਿਉਂਕਿ ਉਥੋਂ ਹੀ ਰਸਤਾ ਜਾਂਦਾ ਹੈ। ਕਿਉਂਕਿ ਜੇ ਵਲ ਪਏਗਾ,

ਰਸਤਾ ਬਹੁਤ ਭੀੜਾ ਹੈ। ਵਲ ਪੈ ਜਾਵੇ, ਪਾਣੀ ਨਹੀਂ ਜਾਂਦਾ। ਨਾਲੀਆਂ 'ਚ ਵਲ ਪਾ ਕੇ ਦੇਖ ਲਓ, ਕਦੇ ਨਹੀਂ ਪਾਣੀ ਆਉਂਦਾ ਉਥੇ ਹੀ ਰੁਕ ਜਾਏਗਾ। ਕਹਿੰਦੇ, ਸਿੱਧਾ ਬਹਿਣਾ ਹੈ, ਦੋਵੇਂ ਹੱਥ ਗੋਡਿਆਂ 'ਤੇ ਰੱਖ ਲੈਣੇ ਨੇ ਸਹਿਜ ਨਾਲ। ਹਥੇਲੀਆਂ ਉਪਰ ਨੂੰ ਰੱਖਣੀਆਂ ਨੇ ਤੇ ਹੱਥਾਂ ਦੀ ਪਿੱਠ ਗੋਡਿਆਂ 'ਤੇ ਰੱਖ ਲੈਣੀ ਹੈ। ਫੇਰ ਤੈਨੂੰ ਮੈਂ ਮੰਤਰ ਦਸਦਾ ਹਾਂ, ਉਹਦਾ ਜਾਪ ਕਰ, ਉਸ ਉਨ੍ਹਾਂ ਨੇ ਦੱਸਿਆ 'ਓਮੰ ਭਗਵਤੇ ਵਾਸਦੇਵੈ ਨਮਹ', ਕਹਿੰਦੇ ਇਹ ਤੂੰ ਮੰਤਰ ਜਾਪ ਕਰਨਾ ਹੈ, ਪਹਿਲਾਂ ਤੂੰ ਬੋਲ ਕੇ ਕਰੀਂ। ਫੇਰ ਇਹਨੂੰ ਬੋਲਣ ਤੋਂ ਬਿਨਾਂ ਤੈਨੂੰ ਇਹਦੀ ਆਵਾਜ਼ ਸੁਣਨ ਲਗ ਜਾਏਗੀ, ਫੇਰ ਨਾ ਬੋਲੀਂ। ਫੇਰ ਤੇਰੇ ਅੰਦਰ ਹੋਈ ਜਾਏਗਾ, ਤੂੰ ਇਹ ਧੁਨ ਨਾ ਖਤਮ ਹੋਣ ਦੇਈਂ ਕਦੇ ਵੀ। ਫੇਰ ਕੀਹਨੂੰ ਮਿਲਣਾ ਹੈ, ਉਹਦਾ ਮੈਂ ਤੈਨੂੰ ਧਿਆਨ ਦਸ ਦਿੰਦਾ ਹਾਂ। ਕਹਿੰਦੇ ਚਾਰ ਬਾਹਾਂ ਨੇ ਉਹਦੇ ਤੇ ਹੱਥ ਵਿੱਚ ਉਹਦੇ ਸੰਖ ਹੈ, ਫੁੱਲ ਹੈ, ਸਾਰਾ ਦਸ ਦਿੱਤਾ ਕਿ ਐਨਾ ਸੁੰਦਰ ਹੈ, ਐਸਾ ਮੁਕਟ ਹੈ, ਗਲ ਵਿੱਚ ਜਿਹੜੀ ਮਾਲਾ ਹੈ ਉਹ ਚਿੱਟੇ ਫੁੱਲਾਂ ਦੀ ਮਾਲਾ ਪਾਈ ਹੋਈ ਹੈ ਤੇ ਪੀਲੇ ਫੁੱਲਾਂ ਦੀ। ਇਕ ਹੱਥ ਵਿੱਚ ਸੰਖ ਹੈ, ਇੱਕ 'ਚ ਚੱਕਰ ਹੈ, ਇੱਕ 'ਚ ਗਦਾ ਹੈ। ਇਹਦਾ ਧਿਆਨ ਕਰ। ਤੇਰੇ ਧਿਆਨ 'ਚ ਆਇਆ ਕੁਛ? ਕਹਿੰਦਾ ਹਾਂ। ਜਿਵੇਂ ਤੁਸੀਂ ਦੱਸਿਆ ਹੈ ਮੇਰੇ ਧਿਆਨ 'ਚ ਬੈਠ ਗਿਆ। ਸੋ ਇਸ ਤਰ੍ਹਾਂ ਦੇ ਨਾਲ ਧਿਆਨ ਦਸ ਦਿੱਤਾ ਤੇ ਨਾਰਦ ਨੇ ਕਿਹਾ ਜਾਹ ਉਥੇ ਸਾਧੂ ਰਹਿੰਦੇ ਨੇ। ਉਨ੍ਹਾਂ ਦੇ ਨੇੜੇ ਚਲਿਆ ਜਾਹ। ਉਥੇ ਕੋਈ ਸੁਥਰਾ ਥਾਂ ਭਾਲ ਲਈ, ਅੱਗ ਉਥੇ ਹਰ ਵਕਤ ਜਲਦੀ ਹੈ, ਸ਼ੇਰ ਵਗੈਰਾ ਆਉਂਦੇ ਨਹੀਂ ਹਨ। ਜੇ ਆ ਵੀ ਜਾਏ ਤਾਂ ਤੈਨੂੰ ਕੁਛ ਨਹੀਂ ਕਹਿੰਦਾ, ਤੇਰੇ ਆਲੇ-ਦੁਆਲੇ ਭਗਵਾਨ ਦੇ ਚੱਕਰ ਦੀ ਰਾਖੀ ਹੋ ਜਾਣੀ ਹੈ। ਤੈਨੂੰ ਕੁਛ ਨਹੀਂ ਕੋਈ ਕਹੇਗਾ। ਨੇਹ-ਕੰਟਕ ਹੋ ਕੇ ਤੂੰ ਭਗਤੀ ਕਰ। ਉਸ ਵੇਲੇ ਧਰੂੰ ਚਲਿਆ ਜਾਂਦਾ ਹੈ ਤੇ ਜਾ ਕੇ ਉਨ੍ਹਾਂ ਸੰਤਾਂ ਨੂੰ ਦੇਖਦਾ ਹੈ ਕਿ ਕਿਵੇਂ ਭਗਤੀ ਕਰਦੇ ਨੇ। ਜਿਵੇਂ ਉਹਨੂੰ ਦੱਸਿਆ ਹੈ ਉਸ ਤਰ੍ਹਾਂ ਕਰਦੇ ਨੇ, ਕਰਦੇ-ਕਰਦੇ, ਬੱਚਾ ਸੀਗਾ, ਇੱਕ ਦਮ ਸਵਾਸ ਦਸਵੇਂ ਦੁਆਰ 'ਚ ਪ੍ਰਵੇਸ਼ ਕਰਨ ਲਗ ਗਏ। ਸਾਰੇ ਚੱਕਰ ਖੁਲ੍ਹ ਗਏ, ਅੰਦਰਲਾ ਸਾਰਾ ਮਾਮਲਾ ਉਹਨੂੰ ਨਜ਼ਰ ਆ ਗਿਆ। ਫੇਰ ਸਮਾਧੀ ਲਾਈ ਉਹਨੇ। ਇੱਕ ਵਾਰੀ ਪੂਰੇ ਛੇ ਮਹੀਨੇ ਦੀ ਸਮਾਧੀ ਲਾ ਦਿੱਤੀ, ਪਹਿਲਾਂ ਤਾਂ ਹੌਲੀ-ਹੌਲੀ ਖਾਂਦਾ ਰਿਹਾ ਕੰਦ-ਮੂਲ, ਸੱਤ-ਅੱਠ ਦਿਨ ਫੇਰ ਘਟਾ ਦਿੱਤਾ। ਫੇਰ ਪੱਤੇ ਖਾਣ ਲਗ ਗਿਆ। ਫੇਰ ਤੀਜੇ ਦਿਨ ਖਾਣ ਲਗ ਗਿਆ, ਫੇਰ ਉਹਨੇ ਪਾਣੀ ਪੀਣਾ ਸ਼ੁਰੂ ਕਰ ਦਿੱਤਾ। ਫੇਰ ਪਾਣੀ ਵੀ ਬੰਦ ਕਰ ਦਿੱਤਾ, ਖਾਣਾ ਵੀ ਬੰਦ ਕਰ ਦਿੱਤਾ, ਸੁਰਤ ਖਿੱਚ ਲਈ ਤੇ ਪੈਰ ਦੀ ਪੇਤਲੀ ਹੈ ਅੱਧਾ ਪੈਰ, ਉਹਦੇ ਉਤੇ ਇੱਕ ਲੱਤ ਪੱਟ 'ਤੇ ਰੱਖ ਲਈ ਖੜ੍ਹੇ ਨੇ। ਉਸ ਵੇਲੇ ਜਿਹੜੇ ਉਪਰਲੇ ਲੋਕ ਨੇ, ਦੇਵ ਲੋਕ; ਉਹ ਹਿੱਲਣਾ ਸ਼ੁਰੂ ਹੋ ਗਏ। ਕਹਿਣ ਲੱਗੇ, ਕੌਣ ਹੈ ਇਹ ਭਗਤ! ਦੁਨੀਆਂ ਦੇ ਉੱਤੇ ਕਿਹੜਾ ਹੈ ਜਿਹਨੇ ਸਵਰਗ ਲੋਕਾਂ ਨੂੰ ਹਿਲਾ ਦਿੱਤਾ, ਭਗਤੀ ਕਰਕੇ। ਛੇ ਮਹੀਨੇ ਤੋਂ ਬਾਅਦ ਵਿਸ਼ਨੂੰ ਜੀ ਨੇ ਕਿਹਾ ਕਿ ਮਹਾਰਾਜ! ਸਵਰਗ ਲੋਕ ਡੋਲ ਰਹੇ ਨੇ, ਕੋਈ ਐਨਾ ਤਪ ਕਰ ਰਿਹਾ ਹੈ ਉਹਦਾ ਸੇਕ ਇੱਥੇ ਪਹੁੰਚ ਗਿਆ। ਠੰਢ ਨਹੀਂ ਰਹੀ ਗਰਮੀ ਹੋ ਰਹੀ। ਕ੍ਰਿਪਾ ਕਰੋ ਆਪਣੇ ਭਗਤ ਨੂੰ ਸੰਭਾਲੋ। ਉਸ ਵੇਲੇ ਭਗਵਾਨ, ਜਿਸ ਰੂਪ ਦਾ ਧਿਆਨ ਪ੍ਰਹਿਲਾਦ ਨੇ ਧਰਿਆ ਸੀ, ਵਾਹਿਗੁਰੂ ਤਾਂ ਸਾਰੇ ਰੂਪਾਂ ਵਿੱਚ ਹੈ, ਸਾਰੇ ਰੂਪ ਵਾਹਿਗੁਰੂ ਦੇ ਨੇ; ਗੁਰੂ ਨਾਨਕ ਸਾਹਿਬ ਦਾ ਰੂਪ ਵੀ ਵਾਹਿਗੁਰੂ ਦਾ ਹੈ। ਸਾਡੇ ਤਾਂ ਰੌਲਾ ਪਾਈ ਜਾਂਦੇ ਨੇ ਕਿਤਾਬਾਂ ਵਾਲੇ। ਇਹ ਜੀ ਬੁੱਤ ਪ੍ਰਸਤੀ ਹੈ, ਫਲਾਣਾ ਹੈ ਢਿਮਕਾ ਹੈ। ਇਨ੍ਹਾਂ ਦੀਆਂ ਗੱਲਾਂ ਸੁਣ ਲਓ, ਚਾਹੇ ਆਪਣਾ ਮਤਲਬ ਸਿੱਧ ਕਰ ਲਓ। ਕੱਚੀਆਂ ਕਿਤਾਬਾਂ ਬੇਅੰਤ ਆ ਗਈਆਂ। ਗੁਰੂ ਮਹਾਰਾਜ ਤਾਂ ਐਸ ਤਰ੍ਹਾਂ ਫੁਰਮਾਨ ਕਰਦੇ ਨੇ,

***ਗੁਰਾਂ ਦੀ ਮੂਰਤ ਦਾ।***
***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ - ੮੬੪***

ਜਿਹੋ ਜਿਹੇ ਸਰੂਪ ਦਾ ਧਿਆਨ ਕਰਿਆ ਸੀ, ਉਹੋ ਬਿਲਕੁਲ ਪੂਰਨ ਰੂਪ ਦੇ ਅੰਦਰ ਪ੍ਰਗਟ ਹੋ ਗਿਆ। ਬੇਅੰਤ ਮਿਸਾਲਾਂ ਨੇ ਆਪਣੇ, ਬਹੁਤ ਵਾਰੀ ਮੈਂ ਸੁਣਾਈਆਂ ਨੇ। ਕਿਵੇਂ ਗੁਰੂਆਂ ਦਾ ਧਿਆਨ ਧਰ ਲਿਆ, ਗੁਰੂ ਸਤਵੇਂ ਪਾਤਸ਼ਾਹ ਸਵੇਰ ਦੇ ਬੈਠੇ ਚਾਰ ਵਜੇ ਸ਼ਾਮ ਨੂੰ ਉਠੇ। ਕਹਿੰਦੇ, ਭਾਈ ਗੋਂਦੇ ਨੇ ਚਰਨ ਫੜੇ ਹੋਏ ਸੀ ਤਾਂ ਨਹੀਂ ਅਸੀਂ ਉਠੇ। ਸੋ ਇਸ ਤਰ੍ਹਾਂ ਉਸ ਬੱਚੇ ਨੇ ਜਦੋਂ ਪੂਰੇ ਨਿਸ਼ਚੇ ਦੇ ਨਾਲ, ਭਗਵਾਨ ਨੂੰ ਅੰਦਰ ਵਸਾ ਲਿਆ। ਉਸ ਵੇਲੇ ਵਾਹਿਗੁਰੂ ਜੀ ਓਹੀ ਰੂਪ ਧਾਰ ਕੇ ਉਹਦੇ ਸਾਮ੍ਹਣੇ ਆ ਗਏ। ਕਿਸੇ ਰੂਪ ਦਾ ਧਿਆਨ ਧਰ ਲਓ ਸਾਧਸੰਗਤ ਜੀ! ਵਾਹਿਗੁਰੂ ਸਾਰੇ ਪਰੀਪੂਰਨ ਹੈ ਉਸ ਤੋਂ ਬਗੈਰ ਇਥੇ ਕੋਈ ਹੈ ਨਹੀਂ। ਉਹੋ ਜਿਹਾ ਰੂਪ ਧਾਰ ਕੇ ਉਹ ਮਿਲ ਲੈਂਦਾ ਹੈ। ਉਹੋ ਜਿਹਾ ਹੀ ਰੂਪ ਧਾਰ ਕੇ ਉਹ ਕੰਮ ਸੰਵਾਰ ਦਿੰਦਾ ਹੈ। ਦੇਖ ਲੈਂਦੇ ਨੇ ਬਹੁਤ ਕਿ ਉਹ ਆਏ ਸੀਗੇ, ਚਲੇ ਗਏ, ਗੁਪਤ ਰੱਖਣ ਵਾਲੀਆਂ ਗੱਲਾਂ ਹੁੰਦੀਆਂ ਨੇ ਇਹ, ਪ੍ਰਗਟ ਕਰਨ ਤੇ ਫੇਰ ਬੰਦ ਹੋ ਜਾਂਦੀਆਂ ਨੇ।

ਸੋ ਉਸ ਨੇ ਉਹ ਧਿਆਨ ਧਰ ਲਿਆ, 'ਓਮੰ ਭਗਵਤੇ ਵਾਸਦੇਵੇ ਨਮਹ ਧਰੂੰ ਕੋ ਮੰਤ੍ਰ ਦੇਹ ਦ੍ਰਿੜਾਇਆ।

ਸਾਮ੍ਹਣੇ ਆ ਗਏ, ਆ ਕੇ ਆਵਾਜ਼ ਦਿੱਤੀ ਕਿ ਧਰੂੰ ਨੇਤਰ ਖੋਲ੍ਹ। ਖੋਲ੍ਹਦਾ ਨਹੀਂ ਹੈ, ਕਿਉਂਕਿ ਉਸ ਤੋਂ ਪਹਿਲਾਂ ਉਹਦੇ ਬੜੇ ਇਮਤਿਹਾਨ ਹੋਏ ਸੀ। ਜਿਹੜੀਆਂ ਦੂਜੀਆਂ ਸ਼ਕਤੀਆਂ ਨੇ ਉਹ ਆ-ਆ ਕੇ ਭਗਵਾਨ ਦਾ ਰੂਪ ਧਾਰ ਕੇ ਆਵਾਜ਼ਾਂ ਮਾਰਦੇ ਸੀ। ਉਹ ਨਾ ਡਰਿਆ, ਨਾ ਨੇਤਰ ਖੋਲ੍ਹੇ, ਭਗਵਾਨ ਨੇ ਆਪਣਾ ਸਰੂਪ ਬਾਹਰ ਖਿੱਚ ਲਿਆ। ਖਿੱਚਣ ਦੀ ਦੇਰ ਹੈ, ਉਸ ਵੇਲੇ ਛਟਪਟਾਇਆ, ਇੱਕ ਦਮ ਰੋਇਆ, ਹੇ ਭਗਵਾਨ! ਤੂੰ ਕਿੱਥੇ ਚਲਿਆ ਗਿਆ? ਭਗਤ ਦੀ ਜਿਹੜੀ ਅਵਸਥਾ ਉਹਨੂੰ ਸਮਝਣ ਵਾਸਤੇ ਐਉਂ ਪੜ੍ਹ ਲਓ -

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ***
***ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ ॥ ਅੰਗ - ੭੦੮***

ਇੱਕ ਦਮ ਚੀਕ ਮਾਰੀ ਉਸਨੇ ਕਿ ਹੇ ਪ੍ਰਭੂ! ਤੂੰ ਕਿੱਥੇ

(ਬਾਕੀ ਪੰਨਾ 28 ਤੇ)

# ਸੁਰਤਿ ਸਬਦਿ ਮਾਰਗ

***ਸੰਤ ਵਰਿਆਮ ਸਿੰਘ ਜੀ,***
***ਬਾਨੀ ਵਿ. ਗੁ. ਰੂ. ਮਿਸ਼ਨ***

ਸ਼ਾਨ – ...............................................।

***ਸਤਿਨਾਮੁ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!***
***ਡੰਡਉਤਿ ਬੰਦਨ ਅਨਿਕ ਬਾਰ***
***ਸਰਬ ਕਲਾ ਸਮਰਥ॥ ਅੰਗ – ੨੫੬***

***ਫਿਰਤ ਫਿਰਤ ਪ੍ਰਭ ਆਇਆ***
***ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਅੰਗ – ੨੮੯***

***ਧਾਰਨਾ – ਸੰਗ ਤੁਮਾਰੇ ਵਾਸਾ ਜੀ,***
***ਤੁਮ ਚੰਦਨ ਹਮ ਇਰੰਡ ਬਾਪੁਰੇ – ੨, ੨.***

***ਤੁਮ ਚੰਦਨ ਹਮ ਇਰੰਡ ਬਾਪੁਰੇ***
***ਸੰਗਿ ਤੁਮਾਰੇ ਬਾਸਾ ॥***
***ਨੀਚ ਰੂਖ ਤੇ ਊਚ ਭਏ ਹੈ***
***ਗੰਧ ਸੁਗੰਧ ਨਿਵਾਸਾ ॥ ੧ ॥***
***ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥***
***ਹਮ ਅਉਗਨ ਤੁਮ੍ਹ ਉਪਕਾਰੀ ॥ ੧ ॥ ਰਹਾਉ ॥***
***ਤੁਮ ਮਖਤੂਲ ਸੁਪੇਦ ਸਪੀਅਲ***
***ਹਮ ਬਪੁਰੇ ਜਸ ਕੀਰਾ ॥***
***ਸਤਸੰਗਤਿ ਮਿਲਿ ਰਹੀਐ ਮਾਧਉ***
***ਜੈਸੇ ਮਧੁਪ ਮਖੀਰਾ ॥ ੨ ॥***
***ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥***
***ਰਾਜਾ ਰਾਮ ਕੀ ਸੇਵ ਨ ਕੀਨੀ***
***ਕਹਿ ਰਵਿਦਾਸ ਚਮਾਰਾ ॥ ਅੰਗ – ੪੮੬***

***ਧਾਰਨਾ – ਕਲੂ ਆਇਓ ਰੇ,***
***ਇਕ ਨਾਮ ਬੀਜ ਲਓ – ੨, ੨.***

***ਅਬ ਕਲੂ ਆਇਓ ਰੇ ॥***
***ਇਕੁ ਨਾਮੁ ਬੋਵਹੁ ਬੋਵਹੁ ॥***
***ਅਨ ਰੂਤਿ ਨਾਹੀ ਨਾਹੀ ॥***
***ਮਤੁ ਭਰਮਿ ਭੂਲਹੁ ਭੂਲਹੁ ॥ ਅੰਗ – ੧੧੮੫***

ਸਾਧਸੰਗਤ ਜੀ, ਗੱਜ ਕੇ ਬੋਲਣਾ 'ਸਤਿਨਾਮ ਸ੍ਰੀ ਵਾਹਿਗੁਰੂ।' ਗੁਰੂ ਮਹਾਰਾਜ ਜੀ ਅੱਜ ਦੇ ਜ਼ਮਾਨੇ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਕਰਦੇ ਨੇ ਕਿ ਪ੍ਰੇਮੀਓ! ਹੁਣ ਕਲਿਜੁਗ ਆ ਗਿਆ; ਹੁਣ ਕੋਈ ਚੀਜ਼ ਪੈਦਾ ਨਹੀਂ ਹੋਣੀ ਕਿਉਂਕਿ ਕੁਰੁੱਤਾ ਬੀਜ ਬੀਜਿਆ ਹੋਇਆ ਫਲ ਨਹੀਂ ਲਿਆਇਆ ਕਰਦਾ। ਹੁਣ ਨਾਮ ਦੇ ਬੀਜਣ ਦਾ ਸਮਾਂ ਆ ਗਿਆ – ਇਹ ਬੀਜ ਲਓ, ਹੋਰ ਕਿਸੇ ਚੀਜ਼ ਦੀ ਰੁੱਤ ਨਹੀਂ ਹੈ, ਦੇਖਿਓ ਕਿਤੇ ਭਰਮ ਵਿੱਚ ਪੈ ਕੇ ਭੁੱਲ ਜਾਵੋਂ। ਬੜੇ ਸਪਸ਼ਟ ਲਫ਼ਜ਼ਾਂ ਦੇ ਅੰਦਰ ਮਹਾਰਾਜ ਨੇ ਜੀਵ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਸਮਾਂ ਬਦਲ ਗਿਆ ਹੈ, ਮਨੁੱਖ ਦੇ ਖਿਆਲ ਬਦਲ ਗਏ, ਫਿਰ ਉਹਦੇ ਨਾਲ ਭਵਜਲ ਤਰਨ ਦਾ ਤਰੀਕਾ ਵੀ ਬਦਲ ਗਿਆ ਤੇ ਹੁਣ ਜਿਹੜਾ 'ਨਾਮ' ਦਾ ਬੀਜ, ਬੀਜ ਲਵੇਗਾ ਉਹਦਾ ਤਾਂ ਪਾਰ-ਉਤਾਰਾ ਹੋ ਜਾਏਗਾ ਅਤੇ ਜਿਹੜਾ 'ਨਾਮ' ਤੋਂ ਖੁੰਝ ਗਿਆ, ਉਹਨੂੰ ਭਟਕਣਾ ਪਵੇਗਾ ਕਿਉਂਕਿ ਹੋਰ ਕਿਸੇ ਚੀਜ਼ ਨੂੰ ਫਲ ਨਹੀਂ ਲਗਣਾ। ਸੋ ਇਸ ਤਰ੍ਹਾਂ ਪਿਛਲੇ ਕੁਝ ਸਮੇਂ ਤੋਂ ਕਾਫੀ ਵਿਚਾਰਾਂ ਹੋ ਚੁੱਕੀਆਂ ਨੇ ਕਿ 'ਨਾਮ' ਫਲੀਭੂਤ ਕਿਉਂ ਨਹੀਂ ਹੁੰਦਾ – ਸਾਰੇ ਹੀ 'ਰਾਮ-ਰਾਮ', ਵਾਹਿਗੁਰੂ-ਵਾਹਿਗੁਰੂ', 'ਅਲਾਹ-ਅਲਾਹ' ਵੀ ਕਰਦੇ ਨੇ।

ਚਾਰ ਕਿਸਮ ਦੇ ਬੰਦੇ ਸੰਸਾਰ ਵਿਚ ਹੁੰਦੇ ਨੇ – ਪਹਿਲੀ ਕਿਸਮ ਦੇ ਬੰਦੇ ਉਹ ਨੇ ਜਿਨ੍ਹਾਂ ਨੂੰ ਨਾ ਪ੍ਰਮੇਸ਼ਰ ਨਾਲ ਮਿਲਣ ਦਾ ਕੋਈ ਸ਼ੌਂਕ ਹੀ ਹੁੰਦਾ ਹੈ, ਨਾ ਕੁਝ ਗਿਆਨ ਹੀ ਹੁੰਦਾ ਹੈ; ਪਾਪਾਂ ਵਿਚ ਪ੍ਰਵਿਰਤ ਹੁੰਦੇ ਨੇ, ਸਰਾਬਾਂ ਮਾਸ ਆਦਿ ਦੀ ਵਰਤੋਂ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਝਗੜੇ-ਝਾਟੇ; ਗੱਲ ਕੀ ਉਨ੍ਹਾਂ ਦੇ ਮਨਾਂ ਦੇ ਅਸ਼ਾਂਤ ਵਾਤਾਵਰਨ ਨੂੰ ਚਿੰਤਾ ਘੇਰ ਕੇ ਰਖਦੀ ਹੈ, ਈਰਖਾ ਘੇਰ ਕੇ ਰਖਦੀ ਹੈ, ਕਾਮ, ਕ੍ਰੋਧ ਉਥੇ ਖੌਰੂ ਪਾਉਂਦਾ ਹੈ। ਦੁਖੀ ਹੋਇਆ ਜੀਵ ਪੁਕਾਰਾਂ ਕਰਦਾ ਹੈ। ਉਹ ਨਾ ਨਿਕਲਣ ਦਾ ਯਤਨ ਕਰਦੇ ਨੇ, ਨਾ ਸਤਿਸੰਗ ਵਿੱਚ ਆਉਂਦੇ ਨੇ ਅਤੇ ਨਾ ਸਤਿਸੰਗ ਨੂੰ ਪਸੰਦ ਕਰਦੇ ਨੇ, ਨਾ ਉਨ੍ਹਾਂ ਦੇ ਭਾਗਾਂ ਵਿਚ ਪ੍ਰਮੇਸ਼ਰ ਨੇ ਸਤਿਸੰਗ ਦਾ ਲੇਖ ਹੀ ਲਿਖਿਆ ਹੋਇਆ ਹੈ। ਏਥੇ ਸਤਿਸੰਗ ਵਿਚ ਕੋਈ ਟਿਕਟ ਨਹੀਂ ਲਗਦਾ ਤੇ ਨਾ ਕਿਸੇ ਨੂੰ ਰੋਕਿਆ ਜਾਂਦਾ ਹੈ ਪਰ ਉਹੀ ਪਹੁੰਚਦਾ ਹੈ ਜਿਸ ਦਾ ਲੇਖ ਧੁਰ ਦਰਗਾਹ ਤੋਂ ਲਿਖਿਆ ਹੋਇਆ ਹੈ। ਫੁਰਮਾਨ ਹੈ –

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ਅੰਗ – ੯੫***

ਉਹ ਤਪਦੇ ਬਲਦੇ ਸੰਸਾਰ ਤੋਂ ਮਨ ਦੇ ਪਿੱਛੇ ਲਗ ਕੇ ਬੰਦੇ ਚਲੇ ਜਾਂਦੇ ਨੇ ਤੇ ਏਥੇ ਦਾ ਜੋ ਸਾਰਾ ਜੀਵਨ ਹੈ, ਦੁਖਾਂ ਵਿੱਚ ਲੰਘਾ ਦਿੰਦੇ ਨੇ। ਕਲਪਣਾ ਦਾ ਭਰਿਆ ਹੋਇਆ, ਤ੍ਰਿਸ਼ਨਾ ਦੇ ਨਾਲ ਜਲਿਆ ਹੋਇਆ ਅਤੇ ਕ੍ਰੋਧ ਨਾਲ ਜਲਿਆ ਹੋਇਆ ਜੀਵਨ ਬਿਤਾ ਕੇ ਸੰਸਾਰ ਤੋਂ ਰੋਂਦੇ ਹੋਏ ਚਲੇ ਜਾਂਦੇ ਨੇ। ਐਨਾ ਅਗਿਆਨ ਹੈ ਉਨ੍ਹਾਂ ਦੇ ਮਨ ਦੇ ਅੰਦਰ ਕਿ ਸੰਸਾਰ ਦੀਆਂ ਪ੍ਰਾਪਤੀਆਂ – ਚੰਗੇ ਘਰ ਬਣਾ ਲੈਣੇ, ਚੰਗੇ ਬਿਜ਼ਨਸ (ਕਾਰੋਬਾਰ) ਚਲਾ ਲੈਣੇ, ਪੈਸੇ ਬੈਂਕਾਂ ਵਿਚ ਜਮ੍ਹਾਂ ਕਰ ਦੇਣੇ ਅਤੇ ਐਸ਼ੋ-ਇਸ਼ਰਤ ਦੀ ਜ਼ਿੰਦਗੀ ਗੁਜ਼ਾਰ ਕੇ ਸੰਸਾਰ ਤੋਂ ਚਲੇ ਜਾਣਾ – ਇਹ ਉਨ੍ਹਾਂ ਨੂੰ ਸਾਰੇ ਜੀਵਨ ਦੇ ਉਤਮ ਹਿੱਸੇ ਦਾ ਸਮਾਂ ਲਗਦਾ ਹੈ। ਲੇਕਿਨ ਮਹਾਰਾਜ ਕਹਿੰਦੇ, ਕਿੰਨਾ ਗਾਫਲ ਹੈ ਇਹ ਜੀਵ ਕਿ ਜਦੋਂ ਛੱਡ ਕੇ ਚਲੇ ਜਾਣਾ ਹੈ ਸਭ ਕੁਝ ਏਥੇ ਹੀ, ਫਿਰ ਮੁੜ ਮੁੜ ਕੇ ਓਧਰ ਦਾ ਧਿਆਨ ਕਰਦਾ ਹੈ।

ਇਸ ਤੋਂ ਕੋਈ ਚੰਗਾ ਰਾਹ ਹੈ? ਕੋਈ ਐਸੀ ਚੀਜ਼ ਹੈ

ਸੰਸਾਰ ਦੇ ਅੰਦਰ, ਜਿਹੜੀ ਸਾਡੇ ਨਾਲ ਜਾਵੇਗੀ? ਮਹਾਰਾਜ ਕਹਿੰਦੇ, ਜਾਂ, ਨਾਮ ਹੈ - ਨਾਮ ਤੇਰੇ ਨਾਲ ਜਾਵੇਗਾ। ਜਿਥੇ ਕੋਈ ਵੀ ਹੱਥ ਨਹੀਂ ਪਹੁੰਚ ਸਕਦਾ, ਜਿਥੇ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ, ਓਥੇ ਤਾਂ ਸਤਿ ਸੰਗਤ ਕੀਤੀ ਹੋਈ ਤੇ ਜਪਿਆ ਹੋਇਆ ਨਾਮ ਹੀ ਸਹਾਇਤਾ ਕਰਦਾ ਹੈ - ਹੋਰ ਕੋਈ ਚੀਜ਼ ਨਹੀਂ ਨਾਲ ਜਾਂਦੀ -

***ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,***
***ਔਖੀ ਵੇਲਾ, ਔਖੀ ਵੇਲਾ - ੪***

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਅੰਗ - ੨੬੪***

ਸੰਸਾਰ ਦਾ ਆਸਰਾ - ਮਾਤਾ ਹੁੰਦੀ ਹੈ, ਪਿਓ ਹੁੰਦਾ ਹੈ, ਪੁੱਤਰ ਹੁੰਦੇ ਨੇ, ਭਾਈ ਹੁੰਦੇ ਨੇ। ਮਹਾਰਾਜ ਕਹਿੰਦੇ ਇਹ ਏਥੇ ਦੇ ਤਾਂ ਸਹਾਈ ਹੈਗੇ, ਉਹ ਵੀ ਤਾਂ, ਜੇ ਤੇਰੇ ਕੋਲ ਪੈਸਾ ਹੈ - ਨਹੀਂ ਤਾਂ ਨਹੀਂ। ਸਾਰੇ ਸੰਗ ਛੱਡ ਕੇ ਨੱਠ ਜਾਇਆ ਕਰਦੇ ਨੇ। ਜਿਥੇ ਇਹ ਸਹਾਇਤਾ ਨਹੀਂ ਕਰ ਸਕਦੇ, ਉਥੇ ਨਾਮ ਸਹਾਇਤਾ ਕਰਦਾ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***
***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥***
***ਜਹ ਮੁਸਕਲ ਹੋਵੈ ਅਤਿ ਭਾਰੀ ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥***
***ਅੰਗ - ੨੬੪***

ਜਿਥੇ ਹੱਦ ਤੋਂ ਜ਼ਿਆਦਾ ਮੁਸ਼ਕਲ ਆ ਜਾਵੇ, ਜਿਸ ਦਾ ਕੋਈ ਇਲਾਜ ਨਾ ਹੋਵੇ, ਓਦੋਂ - 'ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥' - ਕਿੱਡੀ ਵੱਡੀ ਚੀਜ਼ ਹੈ, ਮਹਾਰਾਜ ਕਹਿੰਦੇ ਕਿ ਇਕ ਅੱਖ ਦੇ ਝਮਕੇ ਵਿਚ ਉਹ ਪ੍ਰਮੇਸ਼ਰ ਦਾ 'ਨਾਮ' ਮੁਸ਼ਕਲ ਨੂੰ ਦੂਰ ਕਰ ਦਿੰਦਾ ਹੈ। ਫਿਰ ਕੀ ਵਜਹ ਹੈ, ਸੰਸਾਰ 'ਨਾਮ' ਵਲ ਕਿਉਂ ਨਹੀਂ ਜਾਂਦਾ? ਐਸੇ ਨਾਮ ਦਾ ਕਿਉਂ ਨਹੀਂ ਫਾਇਦਾ ਉਠਾਉਂਦਾ? ਕਿਉਂ ਨਹੀਂ ਉਸ ਨੂੰ ਹਾਸਲ ਕਰਦਾ? ਕਈ ਕਹਿ ਦਿੰਦੇ ਨੇ, ਜੀ ਪਤਾ ਨਹੀਂ ਲਗਦਾ ਕੁਛ। ਅਸੀਂ ਕਹਿੰਦੇ ਤਾਂ ਹਾਂ 'ਵਾਹਿਗੁਰੂ ਵਾਹਿਗੁਰੂ' ਪਰ ਰੁਚੀ ਨਾਲ ਨਹੀਂ ਕਹਿੰਦੇ। ਉਤੋਂ ਉਤੋਂ ਹੀ ਸਾਡਾ ਸਾਰਾ ਕੰਮ ਹੈ, ਅੰਦਰੋਂ ਹਿਰਦੇ ਵਿਚੋਂ ਨਹੀਂ ਕੱਢਦੇ। ਸਾਰਾ ਕੰਮ ਉਪਰੋਂ-ਉਪਰੋਂ ਹੀ ਹੈ - ਲਗਨ ਨਾਲ ਨਹੀਂ ਹੈ। ਸੌ ਫੀ ਸਦੀ ਲਗਨ ਹੋਣੀ ਚਾਹੀਦੀ ਹੈ - ਫਿਰ ਕੰਮ ਬਣਦਾ ਹੈ। ਪਰ ਜਿਵੇਂ ਦੁਨੀਆਂ ਦੀਆਂ ਚੀਜ਼ਾਂ ਦੀ ਲਗਨ ਹੈ, ਮੁਕਾਬਲਾ ਕਰ ਲਉ ਕਿ ਇਕ ਪਾਸੇ 'ਨਾਮ' ਹੈ। ਇਕ ਪਾਸੇ ਦੁਨਿਆਵੀ ਚੀਜ਼ਾਂ। ਇਕ ਪ੍ਰੇਮੀ ਕਹਿੰਦਾ, ਜੀ ਮੇਰੇ ਪੁੱਤਰ ਨਹੀਂ ਹੋਇਆ, ਪੁੱਤਰ ਦੀ ਦਾਤ ਮਿਲਣੀ ਚਾਹੀਦੀ ਹੈ। ਸੰਤ ਕਹਿੰਦੇ, ਕੀ ਕਰਨਾ ਹੈ ਪੁੱਤਰ! ਤੂੰ ਨਾਮ ਜਪਿਆ ਕਰ। ਇਹ ਬਚਨ ਉਹਨੂੰ ਇਉਂ ਲਗੇਗਾ ਜਿਵੇਂ ਪੱਥਰ ਮਾਰਿਆ ਹੋਵੇ। ਸੰਤ ਸਹੀ ਬੋਲਦੇ ਨੇ ਕਿ ਤੇਰੀ ਇਸਨੇ ਸਹਾਇਤਾ ਨਹੀਂ ਕਰਨੀ। ਇਹ ਤਾਂ ਸਾਰੇ -

***ਮਾਤ ਪਿਤਾ ਬਨਿਤਾ ਸੁਤ ਬੰਧਪ***
***ਇਸਟ ਮੀਤ ਅਰੁ ਭਾਈ॥ ਅੰਗ - ੭००***

ਸਾਰੇ -

***ਪੂਰਬ ਕਰਮ ਕੇ ਮਿਲੇ ਸੰਜੋਗੀ***
***ਅੰਤਹਿ ਕੋ ਨ ਸਹਾਈ॥ ਅੰਗ - ੭००***

ਅੰਤ ਨੂੰ ਤਾਂ ਤੇਰੇ ਨਾਲ ਇਨ੍ਹਾਂ ਵਿਚੋਂ ਕਿਸੇ ਨੇ ਵੀ ਨਹੀਂ ਜਾਣਾ, ਕਾਹਨੂੰ ਐਵੇਂ ਖਪਦਾ ਹੈਂ। ਅੰਤ ਤਾਂ ਤੇਰਾ ਨਿਰਬਾਹ ਜਿਹੜਾ ਹੈ, 'ਨਾਮ' ਦੇ ਨਾਲ ਹੀ ਹੋਣਾ ਹੈ -

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ॥ ਅੰਗ - ੨੬੪***

ਸੋ ਉਸ ਨਾਮ ਨੂੰ ਬੰਦਾ ਕਿਉਂ ਨਹੀਂ ਸਮਝਦਾ। ਬਾਰ-ਬਾਰ ਸਾਧੂ ਮਹਾਂਪੁਰਸ਼ ਸਾਰੇ ਹੀ ਬਹੁਤ ਢੰਗਾਂ ਦੇ ਨਾਲ ਸਮਝਾਉਣ ਦਾ ਯਤਨ ਕਰਦੇ ਨੇ।

ਸਿਆਣੇ ਦਸਦੇ ਨੇ ਕਿ ਏਥੇ ਜਿਹੜੇ ਬੰਦੇ ਨੇ, ਉਨ੍ਹਾਂ ਦੀਆਂ ਚਾਰ ਡਵੀਜ਼ਨਾਂ ਨੇ, ਯਾਨਿ ਚਾਰ ਕਿਸਮ ਦੇ ਬੰਦੇ ਨੇ। ਇਕ ਤਾਂ ਪਾਮਰ ਲੋਕ ਨੇ, ਜਿਹੜੇ ਵਿਸ਼ੇ-ਵਿਕਾਰਾਂ ਵਿਚ ਪੈ ਕੇ ਆਪਣੀ ਜ਼ਿੰਦਗੀ ਬਰਬਾਦ ਕਰਕੇ ਚਲੇ ਜਾਂਦੇ ਨੇ।

ਦੂਸਰੇ ਉਹ ਨੇ ਜਿਹੜੇ ਦੁਨੀਆਂ ਦੇ ਭੋਗਾਂ ਵਿਚ ਰੁਚੀ ਰਖਦੇ ਨੇ ਕਿ ਮੇਰੇ ਕੋਲ ਮਕਾਨ ਵੀ ਹੋਵੇ, ਕਾਰ ਵੀ ਹੋਵੇ, ਲੜਕੇ ਵੀ ਹੋਣ, ਫਿਰ ਉਹ ਚੰਗੀ ਨੌਕਰੀ ਤੇ ਹੋਣ, ਕਪੜੇ-ਲੀੜੇ - ਸਭ ਕੁਝ ਹੋਵੇ। ਉਹ 'ਭੋਗੀ' ਹੁੰਦੇ ਨੇ -

***ਭੋਗਿ ਭੋਗਿ ਭੂਮਿ, ਅੰਤਿ ਭੂਮਿ ਮੈ ਮਿਲਤ ਹੈਂ॥***
***ਅਕਾਲ ਉਸਤਤਿ***

ਉਹ ਏਥੇ ਹੀ ਪੈਦਾ ਹੋਏ ਤੇ ਏਥੇ ਹੀ ਖਪ ਖਪ ਕੇ ਮਰ ਜਾਣਗੇ।

ਤੀਸਰੇ ਉਹ ਨੇ ਜਿਹੜੇ ਸਤਿਸੰਗ ਵਿਚ ਆ ਕੇ ਚਿੱਤ ਨੂੰ ਇਕਾਗਰ ਕਰਕੇ, ਹਰੀ ਦਾ ਜਸ ਸਰਵਣ ਕਰਕੇ, ਬੁੱਧੀ ਨਾਲ ਵਿਚਾਰ ਕਰਕੇ ਅਤੇ ਹਿਰਦੇ ਵਿਚ ਧਾਰ ਕੇ ਨਿਰਣਾ ਕਰਦੇ ਨੇ ਤੇ ਫੈਸਲਾ ਕਰਦੇ ਨੇ ਕੋਈ ਨਾ ਕੋਈ ਕਿ ਇਹ ਜਿਹੜੀ ਬਾਤ ਹੋ ਰਹੀ ਹੈ, ਇਹ ਮੇਰੇ ਹਿਤ ਦੀ ਹੈ - 100%। ਛੱਡ ਦੇਵਾਂ ਮੈਂ ਬਾਕੀ ਦੇ ਸਾਰੇ ਕੰਮ ਤੇ ਇਕ ਪ੍ਰਮੇਸ਼ਰ ਦੇ ਨਾਲ ਲਗਨ ਲਾ ਕੇ ਦਿਨ ਰਾਤ - ਉਹਨੂੰ ਮਨਾ ਲਵਾਂ। ਜਦੋਂ ਵਾਹਿਗੁਰੂ ਮੰਨ ਗਿਆ, ਉਹਨੂੰ ਨਾਮ ਪ੍ਰਾਪਤ ਹੋ ਗਿਆ, ਸਮਝੋ ਸਭ ਕੁਝ ਹੀ ਪ੍ਰਾਪਤ ਹੋ ਗਿਆ ਕਿਉਂਕਿ -

***ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - ੬੪੯***

ਜਿਹਦੇ ਹਿਰਦੇ ਵਿਚ ਨਾਮ ਵਸ ਗਿਆ, ਸਾਰੀਆਂ ਹੀ ਦੁਨੀਆਂ ਦਿਆਂ ਨਿਹਮਤਾਂ, ਸਾਰੀਆਂ ਸ਼ਕਤੀਆਂ ਉਹਦੇ ਪਿਛੇ ਲਗ ਤੁਰਦੀਆਂ ਨੇ ਤੇ ਉਸਦੇ ਸਾਰੇ ਹੀ ਕੰਮ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ॥ ਅੰਗ - ੬੩੮***

ਵਾਹਿਗੁਰੂ ਆਪ ਕੰਮ ਕਰਨ ਵਾਸਤੇ ਆ ਜਾਦਾ ਹੈ - ਕੋਈ ਲੋੜ ਹੀ ਨਹੀਂ ਰਹਿੰਦੀ। ਜਦੋਂ ਕੋਈ ਫੁਰਨਾ ਹੋਵੇ, ਜਦੇ ਹੀ ਪ੍ਰਮੇਸ਼ਰ ਕੋਈ ਨਾ ਕੋਈ ਰੂਪ ਧਾਰ ਕੇ ਆ ਜਾਂਦਾ ਹੈ - ਕਿਸੇ ਨੂੰ ਪਰੇਰ ਦਿੰਦਾ ਹੈ -

***ਅਪੁਨੇ ਸੇਵਕ ਕੀ ਆਪੇ ਰਾਖੈ***
***ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥ ੧ ॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ***
***ਤਤਕਾਲ ਹੋਇ ਆਵੈ ॥ ਅੰਗ - ੪੦੩***

Immediately, ਬਿਨਾਂ ਦੇਰ ਤੋਂ। ਸੰਸਾਰ ਦਾ ਬੰਦਾ ਤਾਂ ਐਨੀ ਛੇਤੀ ਆ ਨਹੀਂ ਸਕਦਾ। ਉਨ੍ਹਾਂ ਦੇ mood (ਮਿਜਾਜ਼) ਬਦਲਦੇ ਨੇ, ਪਤਾ ਨਹੀਂ ਲਗਦਾ - ਕਦੇ ਮਿੱਤਰਾਂ ਵਿਚ ਗਿਣਤੀ, ਕਦੇ ਦੂਰ ਵਾਲਿਆਂ ਵਿਚ।ਹਿਤ ਹੋਵੇ ਤਾਂ ਨੇੜ ਰਖਦੇ ਨੇ। ਵੋਟਾਂ ਨੇੜੇ ਆ ਜਾਣ। ਸਾਰੇ ਹੀ ਨੇੜ ਦੇ ਚੱਕਰ ਵਿਚ ਆ ਜਾਣਗੇ; ਵੋਟਾਂ ਲੰਘ ਜਾਣ। ਫਿਰ ਪੰਜ ਸਾਲ ਕੋਈ ਪੁਛਦਾ ਹੀ ਨਹੀਂ - ਆਦਮੀ ਦਾ ਸੁਭਾਉ ਹੀ ਐਸਾ ਬਣਿਆ ਹੋਇਆ ਹੈ। ਲੇਕਿਨ 'ਵਾਹਿਗੁਰ' ਤਾਂ ਐਸਾ ਹੈ ਨਹੀਂ, ਜਦੋਂ ਉਹਦੇ ਵਲ ਨੂੰ ਹੋ ਜਾਉ, ਫੇਰ ਨਾਲ ਹੀ ਰਹਿੰਦਾ ਹੈ -

***ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ***
***ਇਹ ਰੀਤਿ ਭਲੀ ਭਗਵੰਤੈ॥ ਅੰਗ - ੨੪੯***

ਸੋ ਉਹਦੇ ਨਾਲ ਜਿਹੜਾ ਮਿਤਰਤਾ ਪਾਉਣ ਦਾ ਇਰਾਦਾ ਬਣਾਉਂਦਾ ਹੈ ਤੇ ਦਿਨ ਰਾਤ ਇਕ ਕਰਕੇ ਲਗਨ ਨਾਲ ਲਗ ਜਾਂਦਾ ਹੈ, ਉਹਨੂੰ ਜਗਿਆਸੂ ਕਹਿੰਦੇ ਨੇ। ਇਹ ਅਧਿਕਾਰੀ ਹੁੰਦਾ ਹੈ - ਸਤਿਸੰਗ ਦਾ, ਇਹੀ ਅਧਿਕਾਰੀ ਹੁੰਦਾ ਹੈ - ਨਾਮ ਦਾ।

ਪਹਿਲੀਆਂ ਦੋ ਸ਼੍ਰੇਣੀਆਂ ਜਿਹੜੀਆਂ ਨੇ, ਇਹਦੇ ਵਿਚ ਤਕਰੀਬਨ 75% ਬੰਦੇ ਤਾਂ 'ਪਾਮਰ' ਨੇ, ਬਾਕੀ 25 ਰਹਿ ਗਏ। ਇਨ੍ਹਾਂ ਵਿਚੋਂ ਤਕਰੀਬਨ 23% ਭੋਗੀ ਨੇ - ਭੋਗਾਂ ਵੱਲ ਇਨ੍ਹਾਂ ਦੀ ਰੁਚੀ ਰਹਿੰਦੀ ਹੇ - 98% ਹੋ ਗਏ। ਬਾਕੀ ਦੋ ਜੋ ਰਹਿ ਗਏ, ਇਸ ਸ਼੍ਰੇਣੀ ਵਿਚੋਂ ਪੌਣੇ ਦੋ ਬੰਦੇ ਜਿਹੜੇ ਨੇ - ਉਹ ਜਗਿਆਸੂ ਨੇ ਤੇ ਦਸ ਵੀਹ ਹਜ਼ਾਰ ਜਾਂ ਲੱਖ ਵਿਚਾਂ, ਬਲਕਿ ਮਹਾਰਾਜ ਤਾਂ ਕਹਿੰਦੇ ਨੇ ਕ੍ਰੋੜ ਵਿਚੋਂ ਕੋਈ ਇਕ ਹੰਦਾ ਹੈ - ਮੁਕਤ ਆਤਮਾ, ਜਿਸ ਨੂੰ 'ਮੁਕਤ ਪੁਰਸ਼' ਕਹਿੰਦੇ ਨੇ। ਉਸ ਮੁਕਤ ਪੁਰਸ਼ ਦਾ ਕੰਮ ਹੁੰਦਾ ਹੈ - ਆਪ ਨਾਮ ਜਪਣਾ ਤੇ ਸੰਸਾਰ ਨੂੰ ਨਾਮ ਦੀ ਸੋਝੀ ਦੇਣੀ - ਹੋਕੇ ਦੇਣੇ। ਉਹ ਕਰੋੜਾਂ ਬੰਦਿਆਂ ਦਾ ਉਧਾਰ ਕਰ ਦਿੰਦੇ ਨੇ।

ਸੋ ਇਸ ਤਰ੍ਹਾਂ ਬੰਦਿਆਂ ਦਾ ਡਵੀਜ਼ਨ ਹੋਣ ਕਰਕੇ 75% ਬੰਦੇ ਤਾਂ ਸੁੱਤੇ ਪਏ ਬੰਦੇ ਨੇ, ਇਨ੍ਹਾਂ ਨੂੰ ਤਾਂ ਕੋਈ ਹੋਸ਼ ਹਵਾਸ ਨਹੀਂ, ਨਾ ਇਹ ਗੱਲ ਸੁਣਨ ਨੂੰ ਤਿਆਰ ਨੇ, ਨਾ ਹੀ ਮੰਨਣ ਨੂੰ ਤਿਆਰ ਨੇ।

ਇਹ ਤਾਂ ਜਿਹੋ ਜਿਹੇ ਸੰਸਾਰ ਤੇ ਆਏ, ਉਹੋ ਜਿਹੇ ਚਲੇ ਜਾਂਦੇ ਨੇ ਕਿਉਂਕਿ ਮਨ ਦੇ ਗੁਲਾਮ ਹੁੰਦੇ ਨੇ, ਮਨ ਦੀਆਂ ਵਾਸ਼ਨਾਵਾਂ ਦੇ ਗੁਲਾਮ ਹੁੰਦੇ ਨੇ ਅਤੇ ਗੁਲਾਮੀ ਦਾ ਜੀਵਨ ਕੱਟ ਕੇ ਸੰਸਾਰ ਤੋਂ ਚਲੇ ਜਾਂਦੇ ਨੇ -

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥***
***ਦੁਖ ਵਿਚਿ ਜੰਮੈ ਦੁਖਿ ਮਰੈ***
***ਹਉਮੈ ਕਰਤ ਵਿਹਾਇ॥ ਅੰਗ - ੯੪੭***

ਸੋ ਜੋ ਦੂਸਰੇ ਨੇ ਭੋਗੀ - ਉਨ੍ਹਾ ਦਾ chance (ਮੌਕਾ) ਹੁੰਦਾ ਹੈ, ਉਹ ਬਾਰ-ਬਾਰ ਫਿਰਦੇ ਨੇ ਔਲਾਦ ਵਾਸਤੇ। ਕ੍ਰਿਪਾ ਹੋ ਗਈ, ਔਲਾਦ ਦੀ ਪ੍ਰਾਪਤੀ ਹੋ ਗਈ; ਹੋ ਸਕਦਾ ਹੈ, ਉਨ੍ਹਾਂ ਦੇ ਮਨਾਂ ਵਿਚ ਲਗਨ ਲਗ ਜਾਵੇ ਕਿ ਜਿਸ ਵਾਹਿਗੁਰੂ ਨੇ ਮੇਰੀ ਗੱਲ ਸੁਣੀ ਹੈ, ਮੈਂ ਉਹਦੇ ਨਾਲ ਪਿਆਰ ਕਰਾਂ, ਪਰ chances (ਮੌਕੇ) ਬੜੇ ਘੱਟ ਨੇ - ਭੋਗਾਂ ਵਿਚ ਪਰਵਿਰਤ ਹੋ ਜਾਂਦਾ ਹੈ ਪਰ ਜਗਿਆਸੂ ਦੇ ਮਨ ਵਿਚ ਲਗਨ ਲਗ ਜਾਂਦੀ ਹੈ। ਉਹ ਰਾਹ ਪੁੱਛਦਾ ਫਿਰਦਾ ਹੈ - ਇਕੱਲੇ ਇਕੱਲੇ ਨੂੰ ਪੁੱਛਦੇ ਨੇ ਕਿ ਮੈਨੂੰ ਕੋਈ ਰਸਤਾ ਤਾਂ ਦੱਸੋ ਜਿਸ ਦੇ ਨਾਲ ਮੈਨੂੰ ਕੋਈ ਪ੍ਰਾਪਤੀ ਹੋ ਜਾਵੇ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਮੈਨੂੰ ਦਸਿਓ ਸੁਹਾਗਣ ਸਹੀਓ,***
***ਕਿਵੇਂ ਤੁਸੀਂ ਰਾਵਿਆ ਰਾਮ ਪਿਆਰਾ - ੨, ੨.***

ਸੁਹਾਗਣਾਂ ਨੂੰ, ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਪਾ ਲਿਆ, ਉਨ੍ਹਾਂ ਦੇ ਚਰਨੀ ਲਗ-ਲਗ ਕੇ ਬੇਨਤੀਆਂ ਕਰਦਾ ਹੈ ਕਿ ਮੈਨੂੰ ਵੀ ਰਸਤਾ ਦਸ ਦਿਓ - ਕਿਸ ਤਰ੍ਹਾਂ ਤੁਹਾਨੂੰ ਪ੍ਰਾਪਤ ਹੋ ਗਿਆ? ਕਿਥੇ ਰਹਿੰਦਾ ਹੈ? ਕਿਹੜੇ ਗੁਣਾਂ ਦੇ ਨਾਲ ਉਹਦੀ ਪ੍ਰਾਪਤੀ ਹੁੰਦੀ ਹੈ?

ਸੋ ਉਸ ਜਗਿਆਸੂ ਦੀ ਬੇਨਤੀ ਸੁਣ ਕੇ ਮਹਾਂਪੁਰਸ਼ ਆਪਣੇ ਮੁਖਾਰਬਿੰਦ ਤੋਂ ਸ਼ੁਭ ਸਿਖਿਆ ਦੇਣੀ ਸ਼ੁਰੂ ਕਰਦੇ ਨੇ ਕਿ ਇਹ ਰਸਤੇ ਦਾ ਪੰਧਾਊ ਆ ਗਿਆ - ਗਾਹਕ ਆ ਗਿਆ। ਕਿਉਂਕਿ ਗਾਹਕ ਤੋਂ ਬਗੈਰ ਗੱਲ ਕਰਨੀ ਬੇਅਰਥ ਹੈ -

***ਰਾਮ ਪਦਾਰਥੁ ਪਾਇ ਕੈ ਕਬੀਰਾ***
***ਗਾਂਠਿ ਨ ਖੋਲ੍ ॥***
***ਨਹੀ ਪਟਣੁ ਨਹੀ ਪਾਰਖੂ ਨਹੀ***
***ਗਾਹਕੁ ਨਹੀ ਮੋਲੁ॥ ਅੰਗ - ੧੩੬੫***

ਜਦ ਗਾਹਕ ਹੀ ਨਹੀਂ ਹੈ, ਉਹਦੇ ਨਾਲ ਗੱਲ ਕੀ ਕਰੀ ਜਾਵੇ। ਜਦੋਂ ਜਗਿਆਸੂ ਪੁਰਸ਼ ਆਉਂਦਾ ਹੈ, ਉਹ ਪ੍ਰਮਾਰਥ ਦੇ ਰਸਤੇ ਦਾ ਸਵਾਲ ਕਰਦਾ ਹੈ।

ਸੋ ਗੁਰੂ ਦਸ਼ਮੇਸ਼ ਪਿਤਾ ਜੀ ਦੇ ਚਰਨਾਂ ਵਿਚ ਅੰਮ੍ਰਿਤ ਵੇਲੇ ਉਠ ਕੇ ਮਾਤਾ ਜੀਤੋ ਜੀ ਨੇ ਆ ਕੇ ਅਰਦਾਸ ਕੀਤੀ, "ਪਾਤਸ਼ਾਹ! ਜਿਵੇਂ ਤੁਸੀਂ ਗੁਰਸਿੱਖਾਂ ਨੂੰ ਸਾਰਾ ਕੁਝ ਦਸਦੇ ਹੋ, ਉਸੇ ਤਰ੍ਹਾਂ ਕ੍ਰਿਪਾ ਕਰਕੇ ਮੈਨੂੰ ਭੀ ਦੱਸੋ ਰਸਤਾ।" ਤਾਂ ਉਸ ਵੇਲੇ ਮਹਾਰਾਜ ਜੀ ਨੇ ਕੁਛ ਬਚਨ ਕੀਤੇ - ਉਹ ਬਚਨ, ਜਿਹੜੇ ਗੁਰੂ ਨਾਨਕ ਪਾਤਸ਼ਾਹ ਨੇ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਨਾਲ ਕੀਤੇ ਸੀ। ਉਸ ਨੇ ਭੀ ਪੁੱਛਿਆ ਸੀ ਕਿ ਪਾਤਸ਼ਾਹ! ਕ੍ਰਿਪਾ ਕਰਕੇ ਮਾਰਗ ਦੱਸੋ ਕਿ ਕਿਸ ਤਰ੍ਹਾਂ ਨਾਲ ਅਸੀਂ ਉਚ ਪਦਵੀ ਨੂੰ ਪਹੁੰਚ ਸਕਦੇ ਹਾਂ। ਸੋ ਉਸ ਵੇਲੇ ਮਹਾਰਾਜ ਜੀ ਨੇ ਦੋ ਰਸਤੇ ਦੱਸੇ ਸੀ ਕਿ ਇਕ ਨਾਲ ਤਾਂ ਥੋੜ੍ਹੀ ਖੇਚਲ ਨਾਲ ਮਿਲਦਾ ਹੈ - ਪ੍ਰਮੇਸ਼ਰ ਅਤੇ ਦੂਜੇ ਨਾਲ ਸੁਖਾਲਾ ਮਿਲ ਜਾਂਦਾ ਹੈ, ਪਰ ਅਸੀਂ ਦੋਇ ਦੱਸ ਦਿੰਦੇ ਹਾਂ; ਦੋਨਾਂ ਦੇ ਨਾਲ ਹੀ ਪ੍ਰਮੇਸ਼ਰ ਕੋਲ ਪਹੁੰਚ ਜਾਈਦਾ ਹੈ। ਸੋ ਉਹਦੇ ਬਾਰੇ

ਕਾਫੀ ਵਿਚਾਰ ਹੋ ਚੁੱਕੀ ਹੈ।

ਸੋ ਇਹ ਇਸ ਤਰ੍ਹਾਂ ਹੈ ਕਿ ਜਵਿਨ ਦੇ ਅੰਦਰ ਕੁਛ ਚੀਜ਼ਾਂ ਨੇ ਜਿਨ੍ਹਾਂ ਨੂੰ ਗੁਣ ਕਹਿੰਦੇ ਨੇ। ਮਹਾਰਾਜ ਕਹਿੰਦੇ ਜਦ ਤਾਈਂ ਗੁਣ ਨਹੀਂ ਤੂੰ ਆਪਣੇ ਅੰਦਰ ਪੈਦਾ ਕਰਦਾ - ਭਗਤੀ ਨਹੀਂ ਹੁੰਦੀ -

***ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਅੰਗ - ੪***

ਕਾਰਨ ਇਹੀ ਹੈ ਕਿ ਅਸੀਂ ਇਸ ਗੱਲ ਨੂੰ ਅੱਖੋਂ ਉਹਲੇ ਕਰ ਦਿੰਦੇ ਹਾਂ - ਆਪਣੇ ਜੀਵਨ ਵਿਚ ਨਹੀਂ ਅਪਣਾਉਂਦੇ। ਨਾਮ ਜਪਦੇ ਨੇ, ਅੰਮ੍ਰਿਤ ਵੇਲੇ ਤੋਂ ਜਾਗਦੇ ਨੇ ਪਰ ਅੰਦਰੋਂ ਈਰਖਾ ਹੀ ਨਹੀਂ ਜਾਂਦੀ, ਪਿਆਰ ਨਹੀਂ ਉਪਜਦਾ, ਨੀਵੇਂ ਬੰਦੇ ਨੂੰ ਦੇਖ ਕੇ ਮਾਣ ਵਿਚ ਆ ਜਾਂਦਾ ਹੈ। ਨਤੀਜਾ ਕੀ ਹੁੰਦਾ ਹੈ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਅੰਗ - ੩੦੮***

ਉਤਲੇ ਡੰਡੇ ਤੋਂ ਹੇਠ ਉਤਰ ਆਇਆ - ਥੱਲੇ ਗਿਰ ਗਿਆ ਕਿਉਂਕਿ ਸਾਵਧਾਨੀ ਨਾ ਵਰਤੀ। ਜਦੋਂ ਅਸੀਂ ਸਾਵਧਾਨੀ ਨਹੀਂ ਵਰਤਾਂਗੇ, ਫਿਰ ਐਕਸੀਡੈਂਟ ਹੋਇਆ ਕਰਦੇ ਨੇ। ਇਸ ਕਰਕੇ ਕੁਝ ਰਹਿਤਾਂ ਨੇ ਅੰਦਰਲੀਆਂ - ਉਨ੍ਹਾਂ ਬਾਰੇ ਵਿਚਾਰ ਕੀਤੀ ਸੀ।

ਪਹਿਲੀ ਰਹਿਤ ਇਹ ਹੁੰਦੀ ਹੈ ਕਿ ਮਨ ਦੇ ਅੰਦਰ ਹਿੰਸਾ ਪੈਦਾ ਨਾ ਹੋਵੇ, ਕਿਸੇ ਦਾ ਬੁਰਾ ਚਿਤਵਨ ਵਾਲਾ ਕੋਈ ਇਰਾਦਾ ਪੈਦਾ ਨਾ ਹੋਵੇ, ਬੁਰਾ ਰੱਖੇ ਹੀ ਨਾ ਚਿਤ 'ਚ -

***ਪਰ ਕਾ ਬੁਰਾ ਨ ਰਾਖਹੁ ਚੀਤ॥***
***ਤੁਮ ਕਉ ਦੁਖੁ ਨਹੀ ਭਾਈ ਮੀਤ॥ ਅੰਗ - ੩੮੬***

ਕਿੱਡੀ ਵੱਡੀ ਰਹਿਤ ਦੱਸ ਦਿਤੀ - ਮਹਾਰਾਜ ਨੇ ਕਿ ਦੁੱਖ ਤੋਂ ਛੁਟਕਾਰਾ ਹੀ ਹੋ ਜਾਏਗਾ ਜੇ ਪਰਾਇਆ ਬੁਰਾ ਨਹੀਂ ਚਿਤਵੇਂਗਾ। ਦਿਲੋਂ ਕਿਹਾ ਕਰ - 'ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ।' ਕਹਿੰਦੇ, ਜੀ ਜਿਹੜੇ ਸਾਨੂੰ ਤੰਗ ਕਰਦੇ ਨੇ, ਉਨ੍ਹਾਂ ਦਾ ਬੀ? ਮਹਾਰਾਜ ਕਹਿੰਦੇ, ਹਾਂ, ਉਨ੍ਹਾਂ ਦਾ ਭੀ ਭਲਾ ਮੰਗੀਦਾ ਹੈ। ਜੇ ਉਨਹਾਂ ਦਾ ਦਿਲੋਂ ਭਲਾ ਮੰਗੇਗਾ, ਤੈਨੂੰ ਤੰਗ ਕਰਨੋ ਹਟ ਜਾਣਗੇ। ਉਨ੍ਹਾਂ ਨੂੰ ਸਬੁੱਧੀ ਪ੍ਰਾਪਤ ਹੋ ਜਾਵੇਗੀ, ਉਹ ਕੁਬੁੱਧ ਵਸ ਹੋਏ ਹੋਏ ਇਹ ਗੱਲਾਂ ਕਰਦੇ ਨੇ।

ਇਕ ਵਾਰੀ ਬਾਬਾ ਫਰੀਦ ਜੀ ਆਪਣੇ ਬਹੁਤ ਸਾਰੇ ਮੁਰੀਦਾਂ ਨਾਲ ਚਲੇ ਜਾ ਰਹੇ ਨੇ। (12 ਫਰੀਦ ਹੋਏ ਨੇ - ਗੁਰੂ ਨਾਨਕ ਸਾਹਿਬ ਵੇਲੇ ਬਾਹਰਵਾਂ ਫਰੀਦ ਸੀ।) ਉਹ ਜਾਂਦੇ-ਜਾਂਦੇ ਇਕ ਐਸੀ ਥਾਂ ਪਹੁੰਚ ਗਏ ਜਿਥੇ ਦੇ ਲੋਕ ਨਾਸਤਕ ਸਨ। 'ਨਾਸਤਕ' ਉਹ ਹੁੰਦੇ ਨੇ ਜਿਹੜੇ ਹੁੰਦੀ ਚੀਜ਼ ਨੂੰ ਕਹਿਣ 'ਹੈ ਨਹੀਂ'; ਜਿਵੇਂ ਸੂਰਜ ਹੈ ਤੇ ਕੋਈ ਆਦਮੀ ਹਠ ਕਰੀ ਜਾਵੇ ਕਿ ਸੂਰਜ ਹੈ ਹੀ ਨਹੀਂ। ਉਹਦਾ ਤਾਂ ਕੋਈ ਇਲਾਜ ਹੀ ਨਹੀਂ ਹੈ ਤੇ ਮਹਾਂਪੁਰਸ਼ ਉਨ੍ਹਾਂ ਬਾਰੇ ਕੁਛ ਕਿਹਾ ਨਹੀਂ ਕਰਦੇ ਕਿਉਂਕਿ -

***ਜੋ ਪ੍ਰਭ ਕੀਏ ਭਗਤਿ ਤੇ ਬਾਹਜ***
***ਤਿਨ ਤੇ ਸਦਾ ਡਰਨੇ ਰਹੀਐ॥ ਅੰਗ - ੩੩੨***

ਕਹਿੰਦੇ ਨੇ ਕਿ ਉਨ੍ਹਾਂ ਤੋਂ ਤਾਂ ਡਰ ਕੇ ਰਹੋ ਕਿਉਂਕਿ ਉਨ੍ਹਾਂ ਨੂੰ ਪ੍ਰਮੇਸ਼ਰ ਨੇ ਭਗਤੀ ਤੋਂ ਵਾਂਝੇ ਕਰ ਦਿਤਾ।

ਸੋ ਉਨ੍ਹਾਂ ਲੋਕਾਂ ਨੇ ਕੋਈ ਆਦਰ ਸਤਿਕਾਰ ਨ ਕਰਿਆ ਬਾਬਾ ਫਰੀਦ ਜੀ ਦਾ, ਸਗੋਂ ਆ ਕੇ ਬਹੁਤ ਭੈੜੇ ਅੱਖਰ ਕਹਿਣੇ ਸ਼ੁਰੂ ਕਰ ਦਿਤੇ, ਬਹੁਤ ਤਰ੍ਹਾਂ ਦੀਆਂ ਮਾੜੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿਤੀਆਂ। ਏਥੇ ਹੀ ਬੱਸ ਨਾ ਕੀਤੀ, ਧੱਕੇ ਮਾਰਨੇ ਸ਼ੁਰੂ ਕਰ ਦਿਤੇ - ਬਾਬਾ ਜੀ ਨੂੰ। ਮੁਰੀਦ ਕਹਿਣ ਲੱਗੇ, "ਮਹਾਰਾਜ! ਇਹ ਕੀ ਕਰੀ ਜਾਂਦੇ ਨੇ ਤੁਹਾਨੂੰ?" ਉਹ ਕਹਿੰਦੇ, "ਤੁਸੀਂ ਚੁੱਪ ਰਹੋ, ਕੁਛ ਨਹੀਂ ਕਹਿਣਾ।" ਉਸ ਤੋਂ ਬਾਅਦ ਉਨ੍ਹਾਂ ਨੇ ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ ਤੇ ਬਾਬਾ ਜੀ ਉਨ੍ਹਾਂ ਦੇ ਚਰਨਾਂ ਤੇ ਹੱਥ ਲਾਈ ਜਾਣ, "ਪ੍ਰੇਮੀਓਂ! ਕੋਈ ਗੁਨਾਹ ਤਾਂ ਹੈ ਨਹੀਂ ਸਾਡਾ। ਤੁਸੀਂ ਐਵੇਂ ਹੀ ਕਰੀ ਜਾਂਦੇ ਹੋ?" ਉਹ ਚਲੇ ਗਏ ਤਾਂ ਬਾਬਾ ਫਰੀਦ ਜੀ ਰੋਣ ਲਗ ਗਏ, ਨੇਤਰਾਂ ਵਿਚੋਂ ਜਲ ਜਾਂਦਾ ਹੈ, ਹੱਥ ਜੋੜੇ ਹੋਏ ਨੇ, ਦੁਆ ਕਰ ਰਹੇ ਹਨ। ਮੁਰੀਦ ਕਹਿਣ ਲੱਗੇ ਮੁਰਸ਼ਦ ਨੂੰ ਕਿ ਜਦੋਂ ਉਹ ਤੁਹਾਨੂੰ ਗਾਲ੍ਹਾਂ ਕੱਢਦੇ ਸੀ, ਧੱਕੇ-ਮੁੱਕੇ ਮਾਰਦੇ ਸੀ, ਓਦੋਂ ਅਸੀਂ ਕਿਹਾ ਸੀ ਕਿ ਮਹਾਰਾਜ! ਸਾਨੂੰ ਹੁਕਮ ਕਰੋ, ਅਸੀਂ ਹੱਥੋਂ-ਪਾਈ ਹੋਈਏ - ਉਨ੍ਹਾਂ ਨਾਲ। ਪਰ ਤੁਸੀਂ ਮਨ੍ਹਾ ਕਰ ਦਿਤਾ, ਤੇ ਹੁਣ ਤੁਸੀਂ ਕਿਉਂ ਰੋਂਦੇ ਹੋ, ਓਦੋਂ ਹਸਦੇ ਸੀ - ਮੁੱਕੇ ਖਾ ਕੇ ਵੀ ਹੱਸ ਰਹੇ ਸੀ ਤੇ ਹੁਣ ਰੋ ਰਹੇ ਹੋ ਜਦ ਉਹ ਚਲੇ ਗਏ। ਕਹਿੰਦੇ, "ਪ੍ਰੇਮੀਓਂ! ਮੈਂ ਇਉਂ ਨਹੀਂ ਰੋਂਦਾ। ਮੈਂ ਤਾਂ ਕਰਤਾਰ ਕੋਲ ਬੇਨਤੀ ਕਰਦਾ ਹਾਂ ਕਿ ਹੇ ਪ੍ਰਭੂ! ਤੈਂ ਇਹ ਬੰਦੇ ਕਿੰਨੇ ਭੁਲਾ ਦਿਤੇ ਨੇ ਆਪਣੇ ਨਾਮ ਤੋਂ, ਕਿੰਨੇ ਦੂਰ ਕਰ ਦਿਤੇ ਨੇ, ਤੂੰ ਇਨ੍ਹਾਂ ਤੇ ਕ੍ਰਿਪਾ ਕਰ, ਇਨ੍ਹਾਂ ਨੂੰ ਬੁੱਧੀ ਦੇਹ, ਇਨ੍ਹਾਂ ਦੇ ਅੰਦਰ ਚਾਨਣਾ ਕਰ, ਤੇ ਅਗਿਆਨ ਦਾ ਹਨ੍ਹੇਰਾ ਹਟਾ ਦੇ।" ਥੋੜ੍ਹੀ ਦੇਰ ਬਾਅਦ ਉਹ ਸਾਰੇ ਇਕੱਠੇ ਹੋ ਕੇ ਫਿਰ ਆਉਂਦੇ ਨੇ, ਤੇ ਉਨ੍ਹਾਂ ਦੇ ਮੁਖੀ ਨੇ ਬਾਬਾ ਫਰੀਦ ਜੀ ਦੇ ਚਰਨ ਫੜ ਲਏ ਤੇ ਕਿਹਾ, "ਬਾਬਾ! ਤੂੰ ਕਿੰਨਾ ਪਿਆਰਾ ਹੈਂ। ਅਸੀਂ ਐਨਾ ਕੁਝ ਤੈਨੂੰ ਕਿਹਾ ਪਰ ਤੈਂ ਕੁਛ ਨਹੀਂ ਕਿਹਾ ਸਾਨੂੰ। ਅੱਜ ਸਾਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਪਛਤਾਵਾ ਲੱਗਿਆ, ਅੱਗੇ ਨਹੀਂ ਕਦੇ ਪਛਤਾਵਾ ਕੀਤਾ। ਪਛਤਾਉਂਦੇ ਵੀ ਇਸ ਹੱਦ ਤੱਕ ਹਾਂ ਕਿ ਤੇਰੇ ਚਰਨ ਫੜ ਲਏ ਅਸੀਂ। ਤੂੰ ਹੁਣ ਕ੍ਰਿਪਾ ਕਰ, ਤੇ ਜਿਹੜਾ ਕੁਛ ਤੇਰੇ ਕੋਲ ਹੈ, ਉਹ ਸਾਨੂੰ ਵੀ ਦੇਹ, ਜਿਹਦੇ ਆਸਰੇ ਤੂੰ ਐਨਾ ਠੰਢਾ ਹੈਂ - ਤੇਰੇ ਕੋਲ ਬਹੁਤ ਠੰਢੀ ਚੀਜ਼ ਹੈ। ਅਸੀਂ ਤਾਂ ਜਦ ਤੋਂ ਤੈਨੂੰ ਧੱਕੇ ਮਾਰੇ ਨੇ, ਓਦੋਂ ਤੋਂ ਜਲਦੇ ਹੀ ਜਲਦੇ ਜਾਂਦੇ ਹਾਂ - ਤੂੰ ਕ੍ਰਿਪਾ ਕਰ।"

ਸੋ ਮਹਾਰਾਜ ਕਹਿੰਦੇ, ਪ੍ਰੇਮੀਓਂ! ਇਉਂ ਕਿਹਾ ਕਰੋ ਦਿਲੋਂ - 'ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਬਲਾ।' ਮਨ ਦੇ ਨਾਲ ਵੀ ਕਿਸੇ ਦਾ ਬੁਰਾ ਨ ਚਿਤਵੋ, ਤਨ ਦੇ ਨਾਲ ਵੀ ਕਿਸੇ ਦਾ ਬੁਰਾ ਨਾ ਕਰੋ, ਨ ਸਰੀਰ ਨਾਲ, ਨਾ ਮੂੰਹ ਨਾਲ ਫਿਕੇ ਬਚਨ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਓ - ਸਦਾ ਮਿੱਠਾ ਬੋਲੋ। ਇਸ ਨੂੰ 'ਅਹਿੰਸਾ' ਕਹਿੰਦੇ ਨੇ। ਜਦ ਤਾਈਂ ਇਹ ਪਹਿਲਾ ਡੰਡਾ ਧਾਰਨ ਨਹੀਂ ਕਰਦੇ ਜੀਵਨ ਦੇ ਅੰਦਰ - ਅਸੀਂ ਕਿਵੇਂ ਅੱਗੇ ਲੰਘ ਜਾਵਾਂਗੇ? ਪੈਰ ਤਾਂ ਧਰਿਆ ਨਹੀਂ ਹੈ, ਸਿਖਰਲੇ ਡੰਡੇ ਨੂੰ ਫੜਨ ਵਾਸਤੇ ਉਛਲਦੇ ਹਾਂ ਪਰ ਉਹ ਹੱਥ ਨਹੀਂ ਆ ਰਿਹਾ। ਪਰ ਜੇ ਪਉੜੀ ਤੇ ਚੜ੍ਹਾਂਗੇ, ਤਾਂ ਹੀ ਉਹ ਹੱਥ ਵਿਚ ਆਵੇਗਾ। ਮਹਾਰਾਜ ਜੀ ਕਹਿਣ ਲੱਗੇ, "ਰਾਜਾ ਸ਼ਿਵਨਾਭ! ਜੀਵਨ ਨੂੰ ਪਕਿਆਈ ਵਿਚ ਲਿਆਉਣ ਵਾਸਤੇ, ਜਿਵੇਂ ਮਕਾਨ ਉਸਾਰੀਦਾ ਹੈ ਇਉਂ ਨੀਂਹ ਤੋਂ ਸ਼ੁਰੂ ਕਰੀਦਾ ਹੈ, ਫੇਰ ਨਾਮ, ਜਿਹੜਾ ਅੰਦਰ

ਹੈ - ਸਭ ਦੇ, ਉਹ ਪ੍ਰਗਟ ਹੋ ਜਾਇਆ ਕਰਦਾ ਹੈ - ਨਹੀਂ ਤਾਂ ਹੁੰਦਾ ਨਹੀਂ ਤੇ ਮਨ ਵਿਚ ਨਾਮ ਵਸ ਜਾਇਆ ਕਰਦਾ ਹੈ, ਫਿਰ ਉਸਦਾ ਅਨੰਦ ਆਉਂਦੇ, ਉਹ ਨਾਮ ਹੈ, ਜਿਹੜਾ ਸਹਾਇਤਾ ਕਰਦਾ ਹੈ - ਜਿਸ ਦੇ ਬਾਰੇ ਵਾਰ-ਵਾਰ ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ।

ਸੋ ਦੂਸਰਾ ਹੋਇਆ ਕਰਦਾ ਹੈ 'ਸਤਿ'। 'ਸਤਿ' ਨੂੰ ਸਮਝਣ ਦਾ ਯਤਨ ਨਹੀਂ ਕਰਦੇ ਕਿ 'ਸਤਿ' ਕੀ ਹੁੰਦਾ ਹੈ - ਵੱਡੇ ਵੱਡੇ ਨਹੀਂ ਸਮਝਦੇ। ਜਿਹੜੇ ਨਾਮ ਜਪਦੇ ਨੇ, ਸੇਵਾ ਕਰਦੇ ਨੇ, ਆਸ਼ਰਮਾਂ ਵਿਚ ਰਹਿੰਦੇ ਨੇ, ਉਨ੍ਹਾਂ ਨੂੰ ਪਤਾ ਹੀ ਨਹੀਂ - 'ਸਤਿ' ਕੀ ਹੁੰਦਾ ਹੈ। ਨਾ ਪਤਾ ਹੋਣ ਦੀ ਹੀ ਵਜ੍ਹਾ ਹੈ ਕਿ ਐਨਾ ਟਾਇਮ ਲਾਉਣ ਦੇ ਬਾਵਜੂਦ ਵੀ ਚੜ੍ਹਾਈ ਨਹੀਂ ਹੁੰਦੀ। ਥੱਲੇ ਕਿਉਂ ਰਹਿ ਜਾਂਦੇ ਨੇ, ਖਾਲੀ ਕਿਉਂ ਹੋ ਜਾਂਦੇ ਨੇ? ਕਿਉਂਕਿ 'ਸਤਿ' ਦਾ ਜੀਵਨ ਨਹੀਂ ਹੈ; ਝੂਠ ਦਾ ਜੀਵਨ, ਦਿਖਾਵੇ ਦਾ ਜੀਵਨ ਜਿਉਂਈ ਜਾ ਰਹੇ ਨੇ। ਜੇ ਸਤਿ ਦਾ ਜੀਵਨ ਹੋਵੇ ਤਾਂ ਅੰਦਰਲੇ ਪਾਸੇ ਹਿਰਦੇ 'ਚ ਗੁਣ ਪੈਦਾ ਹੋ ਜਾਂਦੇ ਨੇ - ਨਾਮ ਜਪਣ ਵਾਲੇ ਦੇ।

ਇਕ ਰਾਜਾ ਸੀ ਜਿਸ ਦਾ ਨਾਉਂ 'ਚਿਤ੍ਰਕੇਤੂ' ਸੀ। ਆਪ ਸਤਿ ਦਾ ਜੀਵਨ ਬਤੀਤ ਕਰਦੇ ਸੀ, ਕੋਈ ਉਹਦੇ ਵਿਚ ਮੁਲੰਮਾ ਨਹੀਂ ਸੀ। ਜੋ ਬਚਨ ਕਹਿ ਦੇਂਦੇ ਸੀ, ਉਹਦੇ ਉਪਰ ਪਹਿਰਾ ਦਿੰਦੇ ਸੀ। ਉਨ੍ਹਾਂ ਨੇ ਇਹ ਬਚਨ ਕਰ ਲਿਆ, ਪ੍ਰਤੱਗਿਆ ਕਰ ਲਈ ਕਿ ਕੋਈ ਬੰਦਾ ਸਾਡੇ ਪਾਸ ਆਵੇ, ਉਹਨੂੰ ਭੁੱਖਾ ਨਹੀਂ ਜਾਣ ਦੇਣਾ ਤੇ ਤਿੰਨ ਦਿਨ ਤੋਂ ਵੱਧ ਦਾ ਭੁੱਖਾ ਹੋਵੇ, ਉਹਦੀ ਮੰਗ ਜ਼ਰੂਰ ਪੂਰੀ ਕਰਨੀ ਹੈ, ਭਾਵੇਂ ਪ੍ਰਾਣ ਦੇਣੇ ਪੈਣ। ਜਦ ਇਹ ਗੱਲ ਸਾਰੇ ਫੈਲੀ ਤਾਂ ਉਸਦਾ ਜਸ ਵਧ ਗਿਆ। ਜਦੋਂ 'ਸਤਿ' ਦਾ ਜਸ ਵਧਾਦਾ ਹੈ ਸਾਧ ਸੰਗਤਿ ਜੀ! ਤਾਂ ਸਵਰਗ ਲੋਕ ਤੇ ਇੰਦ੍ਰ ਲੋਕ ਵਗੈਰਾ ਦੇ ਦੇਵਤਿਆਂ ਦੇ ਤਖਤ ਡੋਲਣ ਲਗ ਜਾਂਦੇ ਨੇ ਕਿਉਂਕਿ ਕੋਈ ਸਤੀ ਆ ਗਿਆ ਸੰਸਾਰ ਦੇ ਅੰਦਰ। 'ਜਤੀ' ਤੇ 'ਸਤੀ' ਬੜੀ ਮਹਾਨਤਾ ਰਖਦੇ ਨੇ।

ਸੋ ਰਾਜਾ ਚਿਤ੍ਰਕੇਤੂ ਦੀ ਪ੍ਰਤੱਗਿਆ ਨਾਲ ਇੰਦਰ ਦਾ ਤਖਤ ਡੋਲਿਆ ਤਾਂ ਉਸ ਨੇ ਕਿਹਾ, ਸਤਿ ਦੀ ਪ੍ਰੀਖਿਆ ਕਰੋ ਤੇ ਗਿਰਾਓ ਇਸਨੂੰ - ਸਤਿ ਤੋਂ, ਕਿਉਂਕਿ ਉਹਦਾ ਤਪ-ਤੇਜ ਮੈਥੋਂ ਸਹਿਆ ਨਹੀਂ ਜਾਂਦਾ। ਆਸਮਾਨਾਂ ਵਿਚ ਉਹਦਾ ਤੇਜ ਐਨਾ ਵਧ ਗਿਆ ਕਿ ਸਹਿ ਨਹੀਂ ਹੁੰਦਾ। ਉਸ ਵੇਲੇ ਅਗਨ ਦੇਵਤੇ ਨੂੰ ਪ੍ਰੀਖਿਆ ਵਾਸਤੇ ਭੇਜਿਆ ਗਿਆ ਕਿ ਉਨ੍ਹਾਂ ਦੇ ਧਰਮ ਨੂੰ ਭਸਮ ਬਣਾ ਦੇ - ਗਿਰਾ ਦੇ, ਜਿਵੇਂ ਵੀ ਗਿਰਾਇਆ ਜਾਂਦਾ ਹੈ। ਅਗਨ ਦੇਵਤਾ ਆ ਕੇ ਇਹਦੇ ਦਰਵਾਜ਼ੇ ਦੇ ਬਾਹਰਲੇ ਪਾਸੇ ਬੈਠ ਗਿਆ। ਰਾਜੇ ਦਾ ਪ੍ਰਣ ਸੀ ਕਿ ਮੈਂ ਪ੍ਰਸ਼ਾਦਾ ਛਕਾਉਣਾ ਹੈ। ਤਿੰਨ ਦਿਨ ਲੰਘ ਗਏ ਪਰ ਉਹ (ਅਗਨ ਦੇਵਤਾ) ਕਹਿੰਦਾ ਹੈ ਕਿ ਜਦ ਤੱਕ ਮੇਰੀ ਮੰਗ ਪੂਰੀ ਨਹੀਂ ਕਰਦਾ, ਮੈਂ ਨਹੀਂ ਕੁਛ ਖਾਣਾ ਪੀਣਾ। ਰਾਜੇ ਦੀ ਇਕ ਰਾਣੀ ਸੀ ਅਤੇ ਦੋ ਲੜਕੇ ਸੀ। ਤਿੰਨਾਂ ਨੂੰ ਬੁਲਾ ਕੇ ਰਾਜਾ ਕਹਿੰਦਾ, "ਦੇਖੋ! ਆਪਣੀ ਪ੍ਰਤੱਗਿਆ ਹੈ ਕਿ ਕਿਸੇ ਨੂੰ ਭੁੱਖਾ ਨਹੀਂ ਜਾਣ ਦੇਣਾ, ਤੇ ਤਿੰਨ ਦਿਨਾਂ ਤੋਂ ਵੱਧ ਜਿਹੜਾ ਭੁੱਖਾ ਹੋਵੇ, ਉਹਦੀ ਮੰਗ ਜ਼ਰੂਰ ਪੂਰੀ ਕਰਨੀ ਹੈ - ਚਾਹੇ ਪ੍ਰਾਣ ਦੇਣੇ ਪੈਣ। ਕਹਿਣ ਲੱਗੇ ਧਰਮ ਵੱਡੀ ਚੀਜ਼ ਹੁੰਦੀ ਹੈ - ਪ੍ਰਾਣ ਵੱਡੇ ਨਹੀਂ। ਜੇ ਧਰਮ ਰਹਿ ਜਾਵੇ ਤਾਂ ਪ੍ਰਾਣਾਂ ਦੀ ਕੋਈ ਲੋੜ ਨਹੀਂ ਹੋਇਆ ਕਰਦੀ। ਪ੍ਰਾਣ ਦਿਤਿਆਂ ਵੀ ਜੇ ਧਰਮ ਬਚਦਾ ਹੈ ਤਾਂ ਵੱਡੀ ਚੀਜ਼ ਹੈ; ਜੇ ਧਰਮ ਹਾਰ ਕੇ ਪ੍ਰਾਣ ਬਚਦੇ ਨੇ ਤਾਂ ਪ੍ਰਾਣਾਂ ਦੀ ਕੋਈ ਕੀਮਤ ਨਹੀਂ - ਫੇਰ ਨਰਕਾਂ ਨੂੰ ਜਾਂਦਾ ਹੈ, ਕਿਉਂਕਿ ਧਰਮ ਤੋਂ ਬੇਮੁੱਖ ਹੋ ਗਿਆ। ਤੁਸੀਂ ਆਪਣੇ ਧਰਮ ਦੀ ਪਾਲਣਾ ਕਰੋ, ਅਸੀਂ ਤੁਹਾਡੇ ਅਨੁਸਾਰੀ ਹਾਂ।

ਰਾਜੇ ਨੇ ਬੁਲਾ ਕੇ ਕਿਹਾ, "ਬ੍ਰਾਹਮਣ ਦੇਵਤਾ! ਕੀ ਸ਼ਰਤ ਹੈ ਜਿਸ ਨਾਲ ਤੂੰ ਪ੍ਰਸ਼ਾਦਾ ਛਕ ਲਵੇਂ?" ਉਹ ਕਹਿਣ ਲੱਗਿਆ, "ਸ਼ਰਤ ਮੇਰੀ ਇਹ ਹੈ ਕਿ ਇਹ ਰਾਜ-ਭਾਗ, ਖਜ਼ਾਨੇ ਸਭ ਮੈਨੂੰ ਦੇ ਦਿਉ ਤੇ ਜਿਹੜੇ ਕਪੜੇ ਤੁਸੀਂ ਪਹਿਨੇ ਹੋਏ ਨੇ, ਇਹ ਵੀ ਲਾਹ ਕੇ ਕੇਵਲ ਕੁੜਤੇ, ਪਜਾਮੇ ਸਾੜੀ - ਇਹਦੇ ਨਾਲ ਤੁਸੀਂ ਆਪਣੇ ਰਾਜ ਵਿਚੋਂ ਚਲੇ ਜਾਓ ਤੇ ਮੁੜ ਕੇ ਏਥੇ ਪੈਰ ਨਹੀਂ ਪਾਉਣਾ - ਆਉਣਾ ਨਹੀਂ ਰਾਜ ਦੇ ਵਿਚ।" ਸੋ ਉਸ ਵੇਲੇ ਉਸਨੇ ਆਪਣਾ ਧਰਮ ਸਮਝ ਕੇ ਰਾਜੇ ਹਰੀ ਚੰਦ ਵਾਂਗੂੰ ਆਪਣਾ ਰਾਜ ਅਰਪਣ ਕਰ ਦਿਤਾ, ਉਸ ਤੋਂ ਬਾਅਦ ਬਾਹਰ ਚਲੇ ਗਏ। ਖਾਣ ਪੀਣ ਕੋਈ ਚੀਜ਼ ਨਹੀਂ, ਜੇਬ ਵਿਚ ਕੋਈ ਪੈਸਾ ਨਹੀਂ। ਸੋ ਉਸ ਵੇਲੇ ਬਾਹਰ ਚਲਿਆ ਗਿਆ, ਜਾ ਕੇ ਮਜ਼ਦੂਰੀ ਕਰਨ ਲੱਗ ਗਿਆ, ਤੇ ਇਕ ਬੰਦਰਗਾਹ ਸੀ - ਗੋਦੀ ਸੀ, ਉਥੇ ਸਮਾਨ ਲੱਦਣਾ ਸ਼ੁਰੂ ਕਰ ਦਿਤਾ ਇਸਨੇ। ਇਸ ਦੀ ਜੋ ਰਾਣੀ ਸੀ ਤੇ ਦੋ ਲੜਕੇ ਸੀ, ਉਹ ਵੀ ਉਥੇ ਹੀ ਰਹਿੰਦੇ ਸੀ ਤੇ ਜੋ ਵੱਡਾ ਸੁਦਾਗਰ ਸੀ, ਉਸ ਨੇ ਜਦ ਰਾਜੇ ਦੀ ਰਾਣੀ ਨੂੰ ਦੇਖਿਆ ਤਾਂ ਮਨ ਵਿਚ ਬੜਾ ਲਾਲਚ ਆ ਗਿਆ ਤੇ ਰਾਜੇ ਨੂੰ ਕਿਸੇ ਕੰਮ ਵਾਸਤੇ ਭੇਜ ਦਿਤਾ; ਪਿਛੋਂ ਰਾਣੀ ਨੂੰ ਜਹਾਜ਼ ਵਿਚ ਬਿਠਾ ਕੇ ਤੁਰਦਾ ਲੱਗਿਆ। ਗਰੀਬ ਸੀ, ਬਿਗਾਨੇ ਰਾਜ ਵਿਚ ਗਿਆ ਹੋਇਆ ਸੀ - ਕੁਝ ਨਾ ਹੋਇਆ। ਉਸ ਤੋਂ ਬਾਅਦ ਇਹ ਤਿੰਨ ਜਣੇ ਰਹਿ ਗਏ, ਰਾਣੀ ਅਲਹਿਦਾ ਹੋ ਗਈ। ਲੇਕਿਨ ਰਾਜੇ ਨੇ ਧਰਮ ਨਹੀਂ ਹਾਰਿਆ, ਨਾ ਇਹ ਕਿਹਾ ਕਿ ਮੇਰਾ ਇਹ ਹਾਲ, ਤਾਂ ਹੋਇਆ ਕਿ ਮੈਂ ਸਤਿ ਦਾ ਪਾਲਣ ਕਰਿਆ।

ਉਸ ਤੋਂ ਬਾਅਦ ਅੱਗੇ ਹੋਰ ਪ੍ਰੀਖਿਆ ਆ ਗਈ। ਚਲੇ ਜਾ ਰਹੇ ਨੇ - ਤਿੰਨੇ ਜਣੇ, ਤੇ ਅੱਗੇ ਨਦੀ ਚੜ੍ਹੀ ਹੋਈ ਹੈ। ਇਕ ਲੜਕੇ ਨੂੰ ਨਦੀ ਤੋਂ ਪਾਰ ਛੱਡ ਆਇਆ ਤਾਂ ਵਾਪਸ ਮੁੜਦੇ ਨੂੰ ਨਦੀ ਐਨੀ ਚੜ੍ਹ ਗਈ ਕਿ ਪਾਣੀ ਨੇ ਛੱਲ ਮਾਰੀ ਤੇ ਰਾਜਾ ਵਿਚੇ ਹੀ ਰੁੜ੍ਹ ਗਿਆ। ਰਾਤ ਪਈ ਹੋਈ ਸੀ, ਲੜਕਾ ਇਕ ਐਧਰ ਹੈ ਨਦੀ ਦੇ, ਇਕ ਓਧਰ ਹੈ। ਇਹ ਕਿਸੇ ਨਾ ਕਿਸੇ ਤਰ੍ਹਾਂ ਉਥੋਂ ਚਲੇ ਗਏ, ਦੋਵੇਂ ਬੱਚੇ - ਛੋਟੇ ਸੀ। ਕਾਫੀ ਸਮੇਂ ਤੋਂ ਬਾਅਦ ਕਿਸੇ ਨਾ ਕਿਸੇ ਤਰ੍ਹਾਂ ਦੂਰ ਜਾ ਕੇ ਰਾਜਾ ਕੰਢੇ ਤੇ ਲਗਿਆ ਅਤੇ ਸੋਚਿਆ ਕਿ ਮੇਰੇ ਬੱਚੇ ਤਾਂ ਰੁੜ੍ਹ ਗਏ ਹੋਣਗੇ - ਨਦੀ ਦੇ ਅੰਦਰ, ਪਤਾ ਨਹੀਂ ਕੀ ਬਣਿਆ ਹੋਊ ਤੇ ਮੈਂ ਤਾਂ ਹੁਣ ਇਕੱਲਾ ਹੀ ਰਹਿ ਗਿਆ। ਫਿਰਦਾ ਫਿਰਦਾ ਉਹ ਇਕ ਟਾਪੂ ਵਿਚ ਚਲਿਆ ਗਿਆ। ਅੱਗੇ ਉਥੋਂ ਦਾ ਰਾਜਾ ਮਰ ਚੁਕਿਆ ਸੀ ਤੇ ਉਥੇ ਦੇ ਵਜ਼ੀਰਾਂ ਨੇ ਫੈਸਲਾ ਕਰਿਆ ਕਿ ਜਿਹੜਾ ਕੋਈ ਸਭ ਤੋਂ ਪਹਿਲਾਂ ਆਵੇਗਾ, ਉਹਨੂੰ ਰਾਜ ਗੱਦੀ ਤੇ ਬਿਠਾ ਦੇਣਾ ਹੈ। ਸੋ ਉਥੇ ਇਹ ਰਾਜਾ ਆ ਗਿਆ - ਮੂਹਰੇ, ਤੇ ਜੈ ਜੈਕਾਰ ਹੋ ਗਈ, ਇਸਨੂੰ ਗੱਦੀ ਤੇ ਬਿਠਾ ਦਿਤਾ। ਫੇਰ ਇਹ ਰਾਣੀ ਨੂੰ ਵੀ ਭੁੱਲ ਗਿਆ, ਬੱਚਿਆਂ ਨੂੰ ਵੀ ਭੁੱਲ ਗਿਆ। ਕੋਈ ਖੋਜ ਨਹੀਂ ਲਗਦੀ ਕਿ ਕਿਥੇ ਦਾ

ਸੁਦਾਗਰ ਸੀ ਤੇ ਕਿਧਰ ਚਲਿਆ ਗਿਆ।

ਸਮੇਂ ਦੇ ਗੇੜ ਨਾਲ ਇਹ ਦੋਵੇਂ ਬੱਚੇ ਨੌਕਰੀ ਕਰਦੇ ਕਰਦੇ ਉਥੇ ਇਕੱਠੇ ਹੋਏ, ਜਿਥੇ ਗੋਦੀ ਸੀ - ਜਹਾਜ਼ ਲਗਦੇ ਸੀ, ਤੇ ਇਕ ਦਿਨ ਉਹੀ ਜਹਾਜ਼ ਜਿਸ ਵਿਚ ਸੁਦਾਗਰ ਰਾਣੀ ਨੂੰ ਲੈ ਗਿਆ ਸੀ - ਉਸੇ ਥਾਂ ਤੇ ਆ ਕੇ ਲਗ ਗਿਆ, ਤੇ ਜੋ ਰਾਣੀ ਸੀ, ਉਸਨੂੰ ਸੁਦਾਗਰ ਨੇ ਸਤਿ ਹਾਰਨ ਵਾਸਤੇ ਬੜਾ ਲਾਲਚ ਦਿਤਾ - ਹੀਰੇ-ਲਾਲ, ਗਹਿਣੇ, ਜਵਾਹਰਾਤ ਆਦਿ। ਉਹ ਹਮੇਸ਼ਾ ਉਦਾਸ ਰਹਿੰਦੀ ਅਤੇ ਸੁਦਾਗਰ ਨੂੰ ਕਹਿੰਦੀ ਸੀ ਕਿ ਮੈਂ ਆਪਣਾ ਧਰਮ ਨਹੀਂ ਹਾਰਨਾ। ਮੈਂ ਪਤੀਬ੍ਰਤਾ ਇਸਤਰੀ ਹਾਂ, ਮੇਰਾ ਧਰਮ ਨਾ ਹਾਰੇ; ਅਸੀਂ ਆਪਣਾ ਧਰਮ ਪਾਲਣ ਕਰਨਾ ਹੈ।

ਜਦੋਂ ਜਹਾਜ਼ ਇਥੇ ਆ ਕੇ ਲੱਗਿਆ ਤਾਂ ਰਾਜੇ ਨੇ ਪਹਿਰੇ ਵਾਸਤੇ ਬੰਦੇ ਮੰਗੇ ਤੇ ਰਾਜੇ ਦੇ ਕਰਮਚਾਰੀਆਂ ਨੇ ਉਹੀ ਦੋ ਲੜਕੇ ਪਹਿਰੇ ਵਾਸਤੇ ਲਾ ਦਿੱਤੇ। ਰਾਤ ਵੱਡੀ ਚਲੀ ਗਈ। ਉਸ ਵੇਲੇ ਛੋਟੇ ਲੜਕੇ ਨੂੰ ਨੀਂਦ ਆਉਣ ਲੱਗ ਗਈ। ਇਧਰ ਕਿਉਂਕਿ ਰਾਣੀ ਹਰ ਵਕਤ ਚਿੰਤਾ ਵਿਚ ਰਹਿੰਦੀ ਸੀ - ਇਸਨੂੰ ਨੀਂਦ ਨਹੀਂ ਆਉਂਦੀ ਅਤੇ ਇਹਦੇ ਕੈਬਿਨ (ਕਮਰੇ) ਦੇ ਅੱਗੇ ਹੀ ਪਹਿਰਾ ਲੱਗਿਆ ਹੋਇਆ ਹੈ। ਛੋਟਾ ਲੜਕਾ ਕਹਿਣ ਲੱਗਿਆ, "ਭਾ ਜੀ! ਰਾਤ ਬੜੀ ਵੱਡੀ ਪਈ ਹੈ; ਨੀਂਦ ਆਉਂਦੀ ਹੈ; ਕੋਈ ਹੱਡ-ਬੀਤੀ ਸੁਣਾਓ ਤਾਂਕਿ ਮੈਨੂੰ ਵੀ ਕੋਈ ਸਿਖਿਆ ਮਿਲੇ।" ਦੂਜਾ ਕਹਿਣ ਲੱਗਿਆ ਕਿ ਮੈਂ ਆਪਣੀ ਹੱਡ-ਬੀਤੀ ਦਸਦਾ ਹਾਂ ਕਿ ਮੈਂ ਰਾਜੇ 'ਚਿਤ੍ਰਕੇਤੂ' ਦਾ ਲੜਕਾ ਹਾਂ, ਤੇ ਮੇਰੇ ਪਿਤਾ ਨੇ ਧਰਮ ਦਾ ਪਾਲਣ ਕਰਨ ਵਾਸਤੇ, ਸਤਿ ਦਾ ਪਾਲਣ ਕਰਨ ਵਾਸਤੇ ਆਪਣਾ ਰਾਜ-ਭਾਗ ਇਕ ਬ੍ਰਾਹਮਣ ਨੂੰ ਦੇ ਦਿਤਾ। ਕਿਉਂਕਿ ਉਸ ਨੇ ਪ੍ਰਤੱਗਿਆ ਕੀਤੀ ਹੋਈ ਸੀ ਕਿ ਜੇ ਕੋਈ ਬੰਦਾ ਤਿੰਨ ਦਿਨ ਤੱਕ ਭੋਜਨ ਨਹੀਂ ਖਾਏਗਾ ਤਾਂ ਮੈਂ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਵੀ ਉਹਨੂੰ ਭੋਜਨ ਛਕਾਉਣਾ ਹੈ ਤੇ ਉਹਦੀ ਮੰਗ ਪੂਰੀ ਕਰਨੀ ਹੈ। ਫੇਰ ਅਸੀਂ ਗਰੀਬ ਬਣ ਗਏ ਤੇ ਮਿਹਨਤ ਮਜ਼ਦੂਰੀ ਕਰਦੇ ਰਹੇ। ਜਿਹੜੀ ਮੇਰੀ ਮਾਤਾ ਸੀ, ਉਸਨੂੰ ਚੁੱਕ ਕੇ ਲੈ ਗਿਆ - ਇਕ ਸੁਦਾਗਰ, ਤੇ ਉਹਦਾ ਅਜੇ ਤੱਕ ਪਤਾ ਨਹੀਂ ਲੱਗਿਆ - ਕਿੱਥੇ ਹੈ, ਕਿੱਥੇ ਨਹੀਂ; ਤੇ ਪਿਤਾ ਜੀ ਮੇਰੇ ਨਦੀ ਵਿਚ ਰੁੜ੍ਹ ਗਏ।

ਇਹ ਸੁਣ ਕੇ ਛੋਟੇ ਬੱਚੇ ਨੇ ਕਿਹਾ ਕਿ ਤੂੰ ਤਾਂ ਮੇਰਾ ਭਰਾ ਹੈਂ; ਮੈਂ ਵੀ ਰਾਜੇ ਦਾ ਲੜਕਾ ਹਾਂ। ਫਲਾਣੀ ਨਦੀ ਤੇ ਸਾਡਾ ਵਿਛੋੜਾ ਹੋਇਆ ਸੀ। ਦੋਵੇਂ ਭਰਾ ਮਿਲ ਗਏ, ਬੜੀ ਖੁਸ਼ੀ ਹੋਈ ਤੇ ਅੰਦਰ ਰਾਣੀ ਨੇ ਵੀ ਸੁਣ ਲਿਆ ਕਿ ਇਹ ਤਾਂ ਮੇਰੇ ਹੀ ਪੁੱਤਰ ਨੇ ਜਿਹੜੇ ਬਾਹਰ ਖੜ੍ਹੇ ਗੱਲਾਂ ਕਰ ਰਹੇ ਨੇ। ਉਸ ਵੇਲੇ ਉਸ ਨੇ ਰੌਲਾ ਪਾ ਦਿਤਾ - 'ਚੋਰ-ਚੋਰ', ਮੇਰਾ ਗਹਿਣਿਆਂ ਦਾ ਡੱਬਾ ਚੋਰੀ ਕਰ ਲਿਆ......।' ਇਹ ਦੋਵੇਂ ਬੱਚੇ ਗ੍ਰਿਫਤਾਰ ਹੋ ਗਏ। ਰਾਣੀ ਕਹਿਣ ਲੱਗੀ ਕਿ ਮੈਂ ਰਾਜੇ ਦੇ ਸਾਹਮਣੇ ਬਿਆਨ ਦੇਣੇ ਨੇ, ਛੋਟੇ ਅਫਸਰਾਂ ਦੇ ਸਾਮ੍ਹਣੇ ਬਿਆਨ ਨਹੀਂ ਦੇਣੇ। ਸੋ ਰਾਜੇ ਦੀ ਕਚਹਿਰੀ ਵਿਚ ਦੂਸਰੇ ਦਿਨ ਪੇਸ਼ ਕਰੇ ਤਾਂ ਕਹਿਣ ਲੱਗੀ ਕਿ ਮੇਰੇ ਬਿਆਨ ਇਹ ਨੇ ਕਿ ਇਨ੍ਹਾਂ ਦੋਹਾਂ ਲੜਕਿਆਂ ਦੀ ਕਹਾਣੀ ਸੁਣੀ ਜਾਵੇ, ਫੇਰ ਮੈਂ ਦੱਸਾਂਗੀ। ਉਨ੍ਹਾਂ ਦੀ ਕਹਾਣੀ ਨੂੰ ਜਦ ਸੁਣਿਆ ਤਾਂ ਰਾਜੇ ਨੇ ਵੀ ਦੇਖ ਲਿਆ ਕਿ ਇਹ ਤਾਂ ਮੇਰੇ ਹੀ ਪੁੱਤਰ ਨੇ - ਸਾਰੇ ਇਕੱਠੇ ਹੋ ਗਏ। ਸੁਦਾਗਰ ਨੂੰ ਸਜ਼ਾ ਮਿਲੀ। ਉਸ ਵੇਲੇ ਉਹ ਅਗਨ ਦੇਵਤਾ ਪ੍ਰਗਟ ਹੋ ਗਿਆ ਤੇ ਕਹਿਣ ਲੱਗਿਆ, "ਰਾਜਨ! ਤੇਰੇ 'ਸਤਿ' ਦੀ ਮੈਂ ਪ੍ਰੀਖਿਆ ਲਈ ਸੀ ਤੇ ਤੂੰ ਪਾਸ ਹੋ ਗਿਆ ਹੈਂ। ਹੁਣ ਉਹ ਰਾਜ ਵੀ ਤੂੰ ਸਾਂਭ ਤੇ ਇਹ ਰਾਜ ਵੀ ਤੇਰਾ ਹੈ।" ਸੋ ਐਸੇ ਪੁਰਸ਼ 'ਸਤਿ-ਪ੍ਰਤੱਗੀ' ਕਹਾਉਂਦੇ ਨੇ - ਸਤਿ ਦੀ ਪ੍ਰਤੱਗਿਆ ਕਰਿਆ ਕਰਦੇ ਸੀ। ਬੜੀ ਔਖੀ ਹੈ ਸਾਧ ਸੰਗਤ ਜੀ - ਸਤਿ ਦੀ ਪ੍ਰਤੱਗਿਆ ਕਰਨੀ।

ਸੋ ਇਹ ਦੂਸਰਾ ਡੰਡਾ ਹੈ। ਜਿੰਨਾ ਚਿਰ ਅਸੀਂ 'ਸਤਿ-ਪ੍ਰਤੱਗੀ' ਨਹੀਂ ਹੁੰਦੇ - ਗੱਲ ਨਹੀਂ ਬਣਦੀ। ਅਸੀਂ ਤਾਂ ਮਾੜੀ ਮਾੜੀ ਗੱਲ ਤੋਂ ਝੂਠ ਬੋਲਦੇ ਹਾਂ। ਝੂਠ ਬੋਲਣ ਵਾਲਾ ਬੰਦਾ ਕਿਸ ਤਰ੍ਹਾਂ ਨਾਲ ਪ੍ਰਮੇਸ਼ਰ ਦੇ ਭਜਨ ਵਿਚ ਲਗ ਜਾਵੇਗਾ - ਨਹੀਂ ਲਗ ਸਕਦਾ। ਕਿਉਂਕਿ ਉਹਨੂੰ ਤਾਂ ਹਰ ਹਾਲਤ ਵਿਚ ਸਤਿ-ਪ੍ਰਤੱਗੀ ਹੋਣਾ ਹੀ ਪੈਣਾ ਹੈ - ਸਤਿ ਦਾ ਜੀਵਨ ਧਾਰਨਾ ਪੈਣਾ ਹੈ। ਮਹਾਰਾਜ ਨੇ ਐਸਾ ਫੁਰਮਾਨ ਕਰਿਆ -

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥***
***ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥***
***ਅੰਗ - ੪੬੮***

ਜਦ ਤੱਕ ਰਿਦੇ ਵਿਚ ਸਚਾਈ ਨਹੀਂ ਆਉਂਦੀ, ਸਤਿ ਦਾ ਜੀਵਨ ਧਾਰਨ ਨਹੀਂ ਕਰਦਾ, ਕਿਸ ਤਰ੍ਹਾਂ ਨਾਲ ਉਹ ਲੰਘ ਸਕਦਾ ਹੈ? ਲੰਘ ਨਹੀਂ ਸਕਦਾ। ਬੜੀਆਂ ਮਿਸਾਲਾਂ ਨੇ ਇਨ੍ਹਾਂ ਗੱਲਾਂ ਦੀਆਂ।

ਇਕ ਵਾਰੀ ਇਹ ਬਚਨ ਚੱਲ ਰਹੇ ਸੀ ਕ੍ਰਿਸ਼ਨ ਮਹਾਰਾਜ ਜੀ ਦੇ - ਅਰਜਨ ਦੇ ਨਾਲ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਅਰਜਨ! ਬੰਦਗੀ ਕਰਨ ਵਾਲਿਆ ਨੂੰ 'ਸਤਿ-ਪ੍ਰਤੱਗੀ' ਹੋਣਾ ਚਾਹੀਦਾ ਹੈ।" ਉਹ ਕਹਿਣ ਲੱਗਿਆ, "ਮਹਾਰਾਜ! ਮੈਂ ਵੀ ਕਈ ਵਾਰ ਸਤਿ ਪ੍ਰਤੱਗਿਆ ਦਾ ਇਰਾਦਾ ਕਰਿਆ ਪਰ ਮੈਨੂੰ ਇਉਂ ਦੱਸੋ ਕਿ ਅਸੀਂ ਤੁਹਾਡੇ ਕੋਲ ਰਹਿੰਦੇ ਹਾਂ, ਤੁਸੀਂ ਸਾਡੇ ਕੋਲ ਰਹਿੰਦੇ ਹੋ ਤੇ ਸੋਲਾਂ ਕਲਾਂ ਸੰਪੂਰਨ ਅਵਤਾਰ ਹੋ ਆਪ - ਫੇਰ ਅਸੀਂ ਦੁਖ ਕਿਉਂ ਪਾਉਂਦਾ ਹਾਂ?" ਉਹ ਕਹਿਣ ਲੱਗੇ, "ਦੁਖ ਦੇ ਕੁਝ ਕਾਰਨ ਹੋਇਆ ਕਰਦੇ ਨੇ। 'ਨਾਮ' ਦੀ ਪ੍ਰਾਪਤੀ ਨਾ ਹੋਵੇ ਤਾਂ ਸੰਸਾਰ ਦੁਖੀ ਹੁੰਦਾ ਹੈ।" ਐਸਾ ਮਹਾਰਾਜ ਦਾ ਫੁਰਮਾਨ ਹੈ -

***ਧਾਰਨਾ - ਨਾਮ ਬਿਨਾਂ ਦੁੱਖ ਪਾਵੇ, ਪਿਆਰੇ,***
***ਨਾਮ ਬਿਨਾਂ ਦੁੱਖ ਪਾਵੇ -੨,***

***ਹਰਿ ਕੇ ਨਾਮ ਬਿਨਾ ਦੁਖੁ ਪਾਵੈ॥***
***ਭਗਤਿ ਬਿਨਾ ਸਹਸਾ ਨਹ ਚੂਕੈ***
***ਗੁਰੁ ਇਹੁ ਭੇਦੁ ਬਤਾਵੈ॥ ਅੰਗ - ੮੩੦***

ਗੁਰੂ ਮਹਾਰਾਜ ਕਹਿੰਦੇ ਨੇ ਕਿ ਇਹ ਭੇਦ ਦੀ ਗੱਲ ਦਸਦੇ ਹਾਂ ਕਿ ਨਾਮ ਤੋਂ ਬਿਨਾਂ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ -

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***

***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ ॥ ਅੰਗ - ੨੦੨***

ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਮਨ ਨੂੰ ਸ਼ਾਂਤੀ ਨਹੀਂ ਆਉਂਦੀ। ਨਾਮ ਪ੍ਰਾਪਤ ਹੁੰਦਾ ਹੈ ਗੁਣਾਂ ਦੇ ਨਾਲ। ਸੋ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ -

"ਅਰਜਨ! ਤੁਸੀਂ ਸਤਿਵਾਦੀ ਨਹੀਂ, ਇਸ ਕਰਕੇ ਤੁਹਾਨੂੰ ਦੁੱਖ ਪ੍ਰਾਪਤ ਹੁੰਦਾ ਹੈ?"

"ਅੱਛਾ ਮਹਾਰਾਜ! ਮੈਂ ਤੁਹਾਡੀ ਸ਼ਰਨ ਹਾਂ। ਮੈਂ ਹੁਣ ਤੋਂ ਪ੍ਰਣ ਕਰਦਾਂ ਕਿ ਮੈਂ ਅੱਜ ਤੋਂ ਸਤਿਵਾਦੀ ਹੋਵਾਂਗਾ।"

"ਕੀ ਕਰੇਂਗਾ?"

"ਮਹਾਰਾਜ! ਮੈਂ ਇਹ ਪ੍ਰਣ ਕਰਦਾ ਹਾਂ ਕਿ ਜਿੰਨੀ ਦੇਰ ਤੁਹਾਡੇ ਨਾਲ ਰਹਾਂਗਾ, ਪਹਿਲਾਂ ਤੁਹਾਨੂੰ ਛਕਾ ਕੇ ਫੇਰ ਛਕਿਆ ਕਰਾਂਗਾ।"

"ਇਹ ਗੱਲ ਤੈਥੋਂ ਪੁੱਗਣੀ ਨਹੀਂ। ਜੇ ਮੈਂ ਬ੍ਰਤ ਰੱਖ ਲਵਾਂ?"

"ਜੀ, ਮੈਂ ਵੀ ਰੱਖ ਲਵਾਂਗਾ?"

"ਚੰਗਾ! ਹੁਣ ਪੰਜ ਬ੍ਰਤ ਇਕੱਠੇ ਹੀ ਆ ਰਹੇ ਨੇ।"

ਉਸ ਜੁਗ ਅੰਦਰ ਬ੍ਰਤ ਵਗੈਰਾ ਹੋਇਆ ਕਰਦੇ ਸੀ। ਹੁਣ ਦੇ ਸਮੇਂ ਵਿਚ ਮੈਡੀਕਲੀ ਤਾਂ ਹੁੰਦੇ ਨੇ ਲੇਕਿਨ ਇਹ ਕੋਈ ਫਲ ਦੇਣ ਦੇ ਸਮਰੱਥ ਨਹੀਂ ਹੁੰਦੇ -

***ਤੀਰਥ ਬਰਤ ਅਰੁ ਦਾਨ ਕਰਿ***
***ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ***
***ਜਿਉ ਕੁੰਚਰ ਇਸਨਾਨੁ॥ ਅੰਗ - ੧੪੨੮***

ਕਿਉਂਕਿ ਗੁਮਾਨ ਕਲਿਜੁਗ ਦੇ ਅੰਦਰ ਵੱਡੀ ਸ਼ਕਤੀ ਹੈ, ਇਹ ਕਿਸੇ ਦਾ ਖਹਿੜਾ ਨਹੀਂ ਛੱਡਦੀ-ਇਹ ਫਲ ਨਹੀਂ ਲੱਗਣ ਦਿਆ ਕਰਦੀ।

ਕਹਿਣ ਲੱਗਾ, "ਮਹਾਰਾਜ! ਜੇ ਤੁਸੀਂ ਬ੍ਰਤ ਰੱਖੋਗੇ, ਮੈਂ ਵੀ ਰਖਾਂਗਾ।" ਕਹਿੰਦੇ, "ਚੰਗਾ! ਕੱਲ੍ਹ ਤੋਂ ਹੀ ਬ੍ਰਤ ਹੈ ਆਪਣਾ।" ਬ੍ਰਤ ਰਖਿਆ, ਪਰ ਪਹਿਲੇ ਦਿਨ ਹੀ ਔਖਾ ਹੋ ਗਿਆ ਕਿ ਕੁਝ ਨਹੀਂ ਖਾਣ ਨੂੰ ਮਿਲਿਆ। ਲਗਾਤਾਰ ਪੰਜ ਦਿਨ ਦਾ ਬ੍ਰਤ ਹੈ। ਦੂਜਾ ਦਿਨ ਹੋਇਆ, ਸੋਚਣ ਲੱਗਿਆ ਕਿ ਜੇ ਭਗਵਾਨ ਕਿਸੇ ਪਾਸੇ ਜਾਣ ਤਾਂ ਕੁਛ ਮੂੰਹ ਵਿਚ ਪਾਈਏ - ਕੁਛ ਯਤਨ ਕਰੀਏ। ਪਰ ਉਹ ਮੌਕਾ ਨਾ ਦੇਣ ਇਸਨੂੰ। ਅਖੀਰ ਕਹਿਣ ਲੱਗੇ, "ਅਰਜਨ! ਚੱਲ ਬਾਹਰ ਚੱਲੀਏ - ਮੈਦਾਨ ਵਿਚ।" ਤੇ ਆਪ ਜਲ ਲੈ ਕੇ ਚਲੇ ਗਏ, ਇਹ ਇਕੱਲਾ ਰਹਿ ਗਿਆ। ਉਥੇ ਮੱਕੀ ਦਾ ਖੇਤ ਸੀ ਤੇ ਉਥੋਂ ਛੱਲੀਆਂ ਤੋੜ ਕੇ ਖਾਣ ਲਗ ਗਿਆ - ਕੱਚੀਆਂ ਹੀ। ਐਨੇ ਨੂੰ ਉਹ ਪ੍ਰਗਟ ਹੋ ਗਏ ਤੇ ਕਹਿਣ ਲੱਗੇ -

"ਤੂੰ ਸਤਿ-ਵਾਦੀ ਹੈਂ, ਪਹਿਲਾਂ ਹੀ ਖਾਣ ਲੱਗ ਪਿਆ?"

ਚਲਦਾ.......

(ਪੰਨਾ 21 ਦਾ ਬਾਕੀ)

ਚਲਿਆ ਗਿਆ। ਧਰਤੀ 'ਤੇ ਗਿਰ ਗਿਆ। ਉਸ ਵੇਲੇ ਭਗਵਾਨ ਨੇ ਕਿਹਾ ਕਿ ਧਰੂੰ, ਮੈਂ ਤੇਰੇ ਸਾਮ੍ਹਣੇ ਖੜ੍ਹਾ ਹਾਂ, ਨੇਤਰ ਤਾਂ ਖੋਲ੍ਹ, ਹੈਰਾਨ ਹੋ ਗਿਆ, ਸਾਮ੍ਹਣੇ ਖੜ੍ਹੇ ਨੇ। ਕਹਿੰਦੇ, ਮੈਂ ਆਇਆ ਹਾਂ ਤੂੰ ਕੋਈ ਆਰਤੀ ਉਚਾਰ। ਕਹਿੰਦਾ, ਮੈਨੂੰ ਪਤਾ ਹੀ ਨਹੀਂ ਕਿ ਆਰਤੀ ਕੀ ਹੁੰਦੀ ਹੈ। ਸੰਖ ਰਖ ਦਿਤਾ ਸਿਰ ਦੇ ਉਤੇ, ਛੋਹ ਦਿਤਾ, ਛੋਹਣ ਦੀ ਦੇਵ ਸੀ ਸਾਰੇ ਵੇਦਾਂ ਦਾ ਗਿਆਨ, ਸਾਰਾ ਗਿਆਨ ਇੱਕ ਦਮ ਪ੍ਰਗਟ ਹੋ ਗਿਆ। ਉਸ ਵੇਲੇ ਆਰਤੀ ਉਤਾਰੀ, ਭਗਵਾਨ ਨੇ ਕਿਹਾ ਧਰੂੰ! ਚੱਲ ਮੈਂ ਤੈਨੂੰ ਤਖਤ 'ਤੇ ਬਿਠਾਵਾਂ। ਕਹਿੰਦਾ, ਮਹਾਰਾਜ! ਉਹ ਤਾਂ ਪਹਿਲਾਂ ਛੱਡ ਦਿੱਤਾ ਸੀ-

***ਪਿਛਹੁ ਰਾਜੇ ਸਦਿਆ***
***ਅਬਿਚਲ ਰਾਜ ਕਰਹੁ ਨਿਤ ਨੀਤਾ।***
***ਭਾਈ ਗੁਰਦਾਸ ਜੀ, ਵਾਰ ੧੦/੧***

ਮੈਂ ਤਾਂ ਜਵਾਬ ਦੇ ਦਿਤਾ ਸੀ।

***ਹਾਰਿ ਚਲੇ ਗੁਰਮੁਖਿ ਜਗ ਜੀਤਾ॥***
***ਭਾਈ ਗੁਰਦਾਸ ਜੀ, ਵਾਰ ੧੦/੧***

ਮੈਨੂੰ ਨਹੀਂ ਕਿਸੇ ਚੀਜ਼ ਦੀ ਲੋੜ। ਮੈਨੂੰ ਜੇ ਲੋੜ ਹੈ ਤਾਂ ਤੇਰੇ ਦਰਸ਼ਨ ਦੀ ਹੈ, ਤੇਰੇ ਦਰਸ਼ਨ ਤੋਂ ਬਗੈਰ ਮੈਂ ਜੀਉਂਦਾ ਨਹੀਂ ਰਹਿ ਸਕਦਾ।

***ਰਾਜੁ ਨ ਚਾਹਉ ਮੁਕਤਿ ਨ ਚਾਹਉ***
***ਮਨਿ ਪ੍ਰੀਤਿ ਚਰਨ ਕਮਲਾਰੇ ॥ ਅੰਗ - ੫੩੪***

ਮੇਰੀਆਂ ਸਾਰੀਆਂ ਵਾਸ਼ਨਾਵਾਂ ਪੂਰੀਆਂ ਹੋ ਗਈਆਂ। ਮੈਨੂੰ ਤਾਂ ਇੱਕ ਵਾਸ਼ਨਾ ਤੇਰੇ ਦਰਸ਼ਨ ਦੀ ਹੈ, ਇਸ ਤੋਂ ਬਿਨਾਂ ਮੈਂ ਕੋਈ ਹੋਰ ਚੀਜ਼ ਨਹੀਂ ਮੰਗਦਾ ਕਿਉਂਕਿ ਤੇਰਾ ਦਰਸ਼ਨ ਮੇਰਾ ਜੀਵਨ ਹੈ। ਹੇ ਪ੍ਰਭੂ! ਮੈਨੂੰ ਚੀਜ਼ ਦੀ ਲੋੜ ਨਹੀਂ। ਉਸ ਵੇਲੇ ਪ੍ਰਭੂ ਨੇ ਕਿਹਾ, ਹੇ ਧਰੂੰ! ਤੂੰ ਮੇਰਾ ਆਰਤ! ਭਗਤ ਹੈਂ। ਤੈਨੂੰ ਤਕਲੀਫ ਹੋਈ, ਨਿਰਾਦਰ ਹੋਇਆ, ਤੂੰ ਮੇਰੇ ਨਾਲ ਪਿਆਰ ਪਾਇਆ ਤੇ ਤੇਰਾ ਫੁਰਨਾ ਸੀ ਕਿ ਮੈਂ ਰਾਜ ਲਵਾਂ। ਤੂੰ ਬੜੀ ਦੇਰ ਤਕ ਰਾਜ ਕਰ, ਉਸ ਤੋਂ ਬਾਅਦ ਮੇਰੇ ਕੋਲ ਤੂੰ ਪਹੁੰਚੇਂਗਾ, ਤੈਨੂੰ ਮੈਂ ਅਟੱਲ ਪਦਵੀ ਦਿੰਦਾ ਹਾਂ -

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥ ਅੰਗ - ੬੩੨***

ਐਸੀ ਕਰੀ ਤਪਸਿਆ ਜਗ 'ਤੇ।

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥***
***ਦੁਖ ਹਰਤਾ ਇਹ ਬਿਧਿ ਕੋ ਸੁਆਮੀ***
***ਤੈ ਕਾਹੇ ਬਿਸਰਾਇਆ ॥ ਅੰਗ - ੬੩੨***

ਸੋ ਮਹਾਰਾਜ ਕਹਿੰਦੇ ਪਿਆਰਿਓ! ਜੇ ਨਾਮ ਜਪਣਾ ਹੈ ਨਾ, ਤਾਂ ਧਰੂੰ ਦੀ ਮਿਸਾਲ, ਪ੍ਰਹਿਲਾਦ ਦੀ ਮਿਸਾਲ ਸਾਮ੍ਹਣੇ ਰੱਖੋ -

***ਰਾਮ ਜਪਉ ਜੀ ਐਸੇ ਐਸੇ ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ਅੰਗ - ੩੩੭***

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

(----)

## ਅਕਾਲ ਬਿਰਧ ਆਸ਼ਰਮ - ਰਤਵਾੜਾ ਸਾਹਿਬ

ਧੰਨ ਧੰਨ ਸੱਚਖੰਡਵਾਸੀ ਸੰਤ ਮਹਾਰਾਜ ਰਤਵਾੜਾ ਸਾਹਿਬ ਬਾਨੀ ਮਹਾਂਪੁਰਸ਼ਾਂ ਦੁਆਰਾ ਪਰਉਪਕਾਰ ਵਾਸਤੇ ਜੋ ਟਰੱਸਟ ਕਾਇਮ ਕੀਤਾ ਗਿਆ ਹੈ, ਉਹ ਪਬਲਿਕ intrest ਦੇ ਵਿਚ, ਜੋ ਵੀ ਕਾਰਜ ਪ੍ਰਾਰੰਭ ਹਨ, ਉਨ੍ਹਾਂ ਦੀ ਪੜਚੋਲ, ਉਨ੍ਹਾਂ ਨੂੰ ਕਿਸ ਤਰ੍ਹਾਂ ਦੇ ਨਾਲ ਚੜ੍ਹਦੀ ਕਲਾ ਦੇ ਵਿੱਚ ਅੱਗੇ ਚਲਾਉਣਾ ਹੈ, 17 ਜੂਨ ਨੂੰ ਮਹਾਂਪੁਰਸ਼ਾਂ ਦਾ ਪਵਿੱਤਰ ਜਨਮ ਦਿਹਾੜਾ ਰਤਵਾੜਾ ਸਾਹਿਬ ਵਿਖੇ ਮਨਾਇਆ ਗਿਆ। ਜਿਨ੍ਹਾਂ ਨੇ ਆਪਣਾ ਸਾਰਾ ਤਨ-ਮਨ-ਧਨ ਇਥੇ ਲਾ ਦਿੱਤਾ, ਜਿਨ੍ਹਾਂ ਨੇ ਆਪਣਾ ਕੋਈ intrest ਨਹੀਂ ਰੱਖਿਆ, ਪਬਲਿਕ ਦੇ ਭਲੇ ਵਾਸਤੇ, ਪਰਉਪਕਾਰ ਵਾਸਤੇ ਇਸਦੀ ਸਥਾਪਨਾ ਕੀਤੀ। ਪਰਉਪਕਾਰ ਦੇ ਕੰਮ ਚਲ ਰਹੇ ਹਨ, ਪਿਛਲੇ ਸਮੇਂ ਤੋਂ ਜੋ 'ਅਕਾਲ ਬਿਰਧ ਆਸ਼ਰਮ' ਦੀ ਸੇਵਾ, ਅਕਾਲ ਟਰੱਸਟ ਵਲੋਂ ਕੀਤੀ ਗਈ ਹੈ, ਉਹ ਲਾ-ਮਿਸਾਲ ਸੇਵਾ ਤੁਹਾਡੇ ਸਾਮ੍ਹਣੇ ਹੈ। ਇੱਕੋ ਹੀ ਪ੍ਰੇਮੀ ਪਰਿਵਾਰ ਹੈ, ਜਿਸਨੇ ਕੋਈ ਅਪੀਲ ਨਹੀਂ ਕੀਤੀ, ਕੋਈ ਉਗਰਾਹੀ ਨਹੀਂ ਕੀਤੀ, ਕੋਈ Donation ਨਹੀਂ ਲਈ। ਆਪਣੇ ਉਪਰਾਲੇ ਦੇ ਨਾਲ ਹੀ ਇਸ ਸੇਵਾ ਦਾ ਕਾਰਜ ਆਰੰਭਿਆ, ਹੁਣ ਤੱਕ ਇੱਕ ਕਰੋੜ ਪਝੱਤਰ ਲੱਖ, Balance Sheet ਮੁਤਾਬਿਕ ਖਰਚਾ ਆ ਚੁੱਕਿਆ ਹੈ ਤੇ ਜਿਹੜੀ ਸੰਗਤਾਂ ਦੀ ਕਾਰਸੇਵਾ ਹੈ ਉਹ ਅਲੱਗ ਹੈ, ਜਿਸਦੇ ਵਿੱਚ ਕਿੰਨਿਆਂ ਨੇ, ਜਿਵੇਂ ਹੁਣ ਠੇਕੇਦਾਰ ਆਏ, ਉਹ ਵੀ ਸੇਵਾ ਦੇ ਵਿੱਚ ਨੇ, ਦੋ ਸੜਕ ਬਣਾ ਰਹੇ ਨੇ, ਓਧਰ ਹਸਪਤਾਲ ਤੱਕ ਉਹ ਸੜਕ ਪਹੁੰਚਣੀ ਹੈ। ਬਿਰਧ ਆਸ਼ਰਮ ਤੇ ਜਿਹੜਾ ਯੂਨੀਵਰਸਿਟੀ ਦਾ ਪ੍ਰਾਜੈਕਟ ਹੈ ਇਹ ਸਾਰਿਆਂ ਨੂੰ ਜਿਹੜੀ ਲਿੰਕ ਰੋਡ ਜੋੜਨ ਦੀ ਸੇਵਾ ਵੀ ਇੱਕ ਪ੍ਰੇਮੀ ਠੇਕੇਦਾਰ ਨੇ ਲਈ ਹੈ, ਕੋਈ ਸਰਕਾਰ ਨਹੀਂ ਬਣਾ ਰਹੀ, ਕਾਰਸੇਵਾ ਨਾਲ ਇਹ ਬਣ ਰਹੀ ਹੈ। ਬਹੁਤ ਕੁਛ ਹੋਣ ਜਾ ਰਿਹਾ ਹੈ, ਲੋੜ ਹੈ ਇਸ ਦੇ ਵਿੱਚ ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਕਿ ਇਹ ਜੋ ਪਰਉਪਕਾਰ ਦੇ ਕਾਰਜ ਹਨ ਇਸਦੀ ਜੋ ਕਨਸੋਅ ਹੈ, ਇਹ ਸਾਰੇ ਸੰਸਾਰ ਦੇ ਵਿੱਚ ਫੈਲ ਰਹੀ ਹੈ। ਜੋ ਹਰ ਮਹੀਨੇ ਟਰੱਸਟ ਦੇ ਕਾਰਜ ਚਲਦੇ ਨੇ, ਉਨ੍ਹਾਂ ਦੀ ਜੋ ਵੀ ਪੜਚੋਲ ਹੈ, ਹਰ ਮਹੀਨੇ ਆਤਮ-ਮਾਰਗ ਦੇ ਵਿੱਚ ਦ੍ਰਿਸ਼ਟਮਾਨ ਹੁੰਦੀ ਹੈ, ਤਸਵੀਰਾਂ ਲਗਦੀਆਂ ਨੇ, ਪੂਰ detail ਦੇ ਵਿਚ ਜਿਹੜੀ ਕਾਰਸੇਵਾ ਚਲਦੀ ਹੈ ਉਹ ਲਿਖੀ ਜਾਂਦੀ ਹੈ।



**ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ**

Prime Minister ਡਾ. ਮਨਮੋਹਨ ਸਿੰਘ ਦਾ

ਪੱਤਰ ਆਇਆ ਕਿ ਮੈਂ ਆਉਣਾ ਚਾਹੁੰਦਾ ਹਾਂ ਕਿ ਜਿਹੜਾ 'ਬਿਰਧ ਆਸ਼ਰਮ' ਹੈ, ਜੋ ਐਡਾ ਵੱਡਾ ਪਰਉਪਕਾਰ ਬਜ਼ੁਰਗਾਂ ਦੀ ਸੇਵਾ ਵਾਸਤੇ ਇੱਕੋ ਪ੍ਰੇਮੀ ਵਲੋਂ ਹੋਇਆ ਹੈ ਕਿ ਮੈਂ ਅੱਖਾਂ ਨਾਲ ਵੇਖਾਂ, ਰੂਪਮਾਨ ਕਰਾਂ ਕਿ ਕਿੰਨੀ ਸੇਵਾ ਇੱਥੇ ਚੱਲ ਰਹੀ ਹੈ। ਵਿਸਾਖੀ ਦਾ ਇਹ ਸ਼ੁਭ ਉਦਘਾਟਨ ਰੱਖਿਆ ਸੀ, ਬਾਹਰ ਜਾਣਾ ਪੈ ਗਿਆ। ਕਿਉਂਕਿ ਅੱਜਕੱਲ੍ਹ ਬੜੀਆਂ ਮੁਸ਼ਕਲਾਂ ਖੜੀਆਂ ਹੋ ਜਾਂਦੀਆਂ ਨੇ, Prime Minister ਆ ਜਾਏ, Chief Minister ਆ ਜਾਏ, ਇੱਥੇ ਕਿੰਨੇ ਜੰਗਲੇ ਲਾ ਦਿੰਦੇ ਨੇ, ਸਕਿਊਰਟੀ ਦਾ ਪ੍ਰਬੰਧ ਹੁੰਦਾ ਹੈ, ਸੰਗਤਾਂ ਵਾਸਤੇ ਉਹ ਸਤਿਸੰਗ ਦਾ ਮਾਹੌਲ ਨਹੀਂ ਬਣਦਾ। ਇਸ ਕਰਕੇ ਉਹ ਸਿਆਣੇ ਨੇ ਪਿਛਲੇ ਦਿਨੀਂ ਉਨ੍ਹਾਂ ਨੇ ਆਪਣੇ ਘਰੋਂ ਆਪਣੇ ਧਰਮ ਸੁਪਤਨੀ ਡਾ. ਬੀਬੀ ਗੁਰਚਰਨ ਕੌਰ ਜੀ ਨੂੰ, ਬੀਜੀ ਦੀ ਅਸ਼ੀਰਵਾਦ ਲੈਣ ਵਾਸਤੇ ਭੇਜਿਆ ਤੇ ਹੁਣ ਬਹੁਤ ਸਾਰਿਆਂ ਨੇ ਆਉਣ ਦੀ ਪ੍ਰਵਾਨਗੀ ਦਿੱਤੀ ਹੈ ਕਿ ਅਸੀਂ ਆਉਣਾ ਚਾਹੁੰਦੇ ਹਾਂ ਜਿਵੇਂ ਕਿ ਪੰਜਾਬ ਸਰਕਾਰ ਦੇ ਮੁੱਖ ਸੇਵਾਦਾਰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਹਨ, ਉਨ੍ਹਾਂ ਨੇ ਪਿਛਲੇ ਸਾਲ ਵੀ ਇੱਥੇ ਆ ਕੇ ਹਾਜ਼ਰੀ ਭਰੀ ਸੀ। ਐਤਕੀਂ ਵੀ ਉਹ ਇਸ ਪਰਉਪਕਾਰ ਦੇ ਕਾਰਜ ਵਿੱਚ ਹਿੱਸਾ ਲੈਣ ਵਾਸਤੇ ਆਏ। ਲੋੜ ਤਾਂ ਕੋਈ ਨਹੀਂ, ਕਿਉਂਕਿ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਬਾਬਰ ਮੀਰ ਨੇ ਕਿਹਾ ਸੀ ਕਿ ਮੇਰੀ ਸੇਵਾ ਲਓ। ਮੈਨੂੰ ਸੇਵਾ ਬਖਸ਼ੋ, ਜੋ ਮਹਾਂਪੁਰਸ਼ਾਂ ਦੇ ਬਚਨ ਇੱਥੇ ਸੁਣੇ ਵੀ ਨੇ, ਸੁਣਾਏ ਵੀ ਹਨ ਕਿ -

***ਕਹੈ ਨਾਨਕ ਸੁਣ ਬਾਬਰ ਮੀਰ,***

***ਤੁਝ ਸੇ ਮਾਂਗੈ ਸੋ ਅਹਿਮਕ ਫਕੀਰ।***

ਇਹ ਸੰਪਰਦਾ ਦਾ ਅਸੂਲ ਰਿਹਾ ਹੈ ਕਿ ਅੱਜ ਤੱਕ ਕਿਸੇ ਅੱਗੇ ਹੱਥ ਨਹੀਂ ਕੀਤਾ, ਨਾ ਲੋੜ ਪੈਣੀ ਹੈ, ਨਾ ਕਰਨਾ ਹੈ। ਕੋਈ ਮੰਗ ਨਹੀਂ ਹੈ, ਕੋਈ ਅਪੀਲ ਨਹੀਂ ਹੈ। ਕੋਈ ਉਗਰਾਹੀ ਇਸ ਮਿਸ਼ਨ ਵਲੋਂ ਨਹੀਂ ਹੁੰਦੀ। ਸੰਗਤਾਂ ਦਾ ਤਿਲ-ਫੁੱਲ ਹੈ, ਸ਼ਰਧਾ ਦੇ ਨਾਲ ਜੋ ਆਉਂਦਾ ਹੈ ਉਹ ਸਾਡੀ ਡਿਊਟੀ ਬਣਦੀ ਹੈ ਜੋ ਟਰੱਸਟ ਦੇ ਰੂਲ-ਰੈਗੂਲੇਸ਼ਨ ਹਨ ਕਿ ਉਸ ਦੇ ਮੁਤਾਬਿਕ ਉਸਨੂੰ ਅਸੀਂ ਸਹੀ ਥਾਂ ਦੇ ਉਤੇ ਵਰਤੋਂ ਕਰੀਏ। ਜਿਵੇਂ ਕਿ ਇੱਥੇ ਬੜੀ ਸਫਲਤਾਪੂਰਵਕ ਆਤਮ ਮਾਰਗ ਮੈਗਜ਼ੀਨ ਚਲਦਾ ਹੈ, ਪੰਜਾਬੀ, ਹਿੰਦੀ, ਅੰਗਰੇਜ਼ੀ 'ਚ ਮਹੀਨਾ ਵਾਰੀ ਇਹ ਮੈਗਜ਼ੀਨ ਛਪਦਾ ਹੈ। ਸਕੂਲ, ਕਾਲਜ ਚਲਦੇ ਨੇ, ਹਸਪਤਾਲ ਦੀ ਸੇਵਾ ਵਾਸਤੇ ਪੰਜ ਏਕੜ ਜ਼ਮੀਨ ਨਗਰ ਚਾਹੜਮਾਜਰਾ ਪੰਚਾਇਤ ਵਲੋਂ ਦਿੱਤੀ ਗਈ। ਹੈਲਥ ਕਾਰਪੋਰੇਸ਼ਨ ਦੇ ਨਾਂ ਹੀਬਾ-ਨਾਮਾ ਕਰਾਇਆ ਗਿਆ , ਦਾਨ ਕੀਤੀ ਗਈ ਹੈ। ਕੋਈ ਕੀਮਤ ਨਹੀਂ ਲਈ ਤੇ ਟਰੱਸਟ ਨੂੰ ਸਰਕਾਰ ਨੇ ਇਹ ਸੇਵਾ ਸੌਂਪੀ ਹੈ। ਕਈ ਪਾਸੇ ਕਾਰਸੇਵਾ ਚੱਲਣ ਕਰਕੇ ਉਧਰ ਧਿਆਨ ਨਹੀਂ ਗਿਆ, ਹੁਣ ਉਸਨੂੰ ਵੀ ਪੂਰਾ ਕਰਨ ਦਾ ਯਤਨ ਆਰੰਭਿਆ ਗਿਆ ਹੈ ਤੇ ਇਹਦੇ ਬਹੁਤ ਸਾਰੇ ਪ੍ਰੇਮੀਆਂ ਦੀ ਸੇਵਾ ਆ ਰਹੀ ਹੈ ਕਿ ਅਸੀਂ ਸੇਵਾ ਕਰਨ ਵਾਸਤੇ ਤਿਆਰ ਹਾਂ। ਇਸ ਤਰ੍ਹਾਂ ਦੇ ਨਾਲ ਇਹ ਪਰਉਪਕਾਰ ਦੇ ਕਾਰਜ ਨੇ, ਬਿਰਧ ਆਸ਼ਰਮ ਕੋਈ ਨਵਾਂ ਨਹੀਂ ਬਣਿਆ ਕਿ ਇੱਥੇ ਪਹਿਲਾਂ ਨਹੀਂ ਸੀ। ਪਹਿਲਾਂ ਜਿਹੜਾ ਬਿਰਧ ਆਸ਼ਰਮ ਹੈ, ਜਿਥੇ ਮਾਈਆਂ ਬਜ਼ੁਰਗ ਰਹਿੰਦੀਆਂ ਨੇ,



**ਪਰਮ ਸਤਿਕਾਰਯੋਗ ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ,**

ਮਾਈਵਾੜਾ ਹੈ, ਇੱਕ-ਇੱਕ ਕਮਰੇ ਵਿਚ ਚਾਰ-ਚਾਰ, ਪੰਜ-ਪੰਜ ਹਨ। ਕੋਈ ਉਨ੍ਹਾਂ ਨੂੰ ਖਾਸ ਸਹੂਲਤ ਨਹੀਂ ਤੇ ਜਿਹੜੇ ਬਜ਼ੁਰਗ ਨੇ ਉਨ੍ਹਾਂ ਨੂੰ ਵੀ ਕੋਈ ਖਾਸ ਸਹੂਲਤਾਂ ਹਾਲੇ ਨਹੀਂ ਹਨ। ਪਰ ਗੁਰੂ ਦੀ ਪ੍ਰੇਰਨਾ ਦੇ ਨਾਲ, ਬੀਜੀ ਦੀ ਅਸ਼ੀਰਵਾਦ ਦੇ ਨਾਲ ਇੱਕ ਪ੍ਰੇਮੀ ਪਰਿਵਾਰ ਨੇ ਸੇਵਾ ਕਰ ਦਿੱਤੀ। ਅਕਾਲ ਬਿਰਧ ਆਸ਼ਰਮ ਦੀਆਂ ਜਿਹੜੀਆਂ ਸਾਰੀਆਂ ਕਾਰਵਾਈਆਂ ਨੇ ਉਹ ਪੂਰੀਆਂ ਹੋ ਗਈਆਂ ਨੇ, ਉਨ੍ਹਾਂ ਨੇ 15 ਸਾਲ ਵਾਸਤੇ ਇਸਦੀ ਸੇਵਾ ਦੀ ਮੰਗ ਕੀਤੀ ਹੈ ਕਿਉਂਕਿ ਉਹਦੇ ਉਤੇ ਹੁਣ ਮਸ਼ੀਨਾਂ ਲਗ ਰਹੀਆ ਨੇ, ਫਿਜ਼ੀਓਥਰੈਪੀ ਦੀਆਂ ਮਸ਼ੀਨਾਂ ਲਗ ਰਹੀਆਂ ਨੇ, ਲੱਖਾਂ ਰੁਪਿਆ ਉਨ੍ਹਾਂ ਦੀ ਕੀਮਤ ਹੈ, ਮੈਡੀਕਲ ਵਿੰਗ ਦੇ ਵਿੱਚ ਨਰਸਿੰਗ ਦਾ ਵਿੰਗ ਹੈ ਇਸੇ ਤਰ੍ਹਾਂ ਕੱਪੜੇ ਧੋਣ ਵਾਲੀਆਂ ਮਸ਼ੀਨਾਂ, ਕਿੰਨਾ ਹੀ ਸਟਾਫ ਤਕਰੀਬਨ ਇਹਦਾ ਹਰ ਮਹੀਨੇ ਹੀ ਲੱਖਾਂ ਰੁਪਿਆ ਖਰਚਾ ਆਉਣਾ ਹੈ।



ਪਰਮ ਸਤਿਕਾਰਯੋਗ ਬੀਜੀ ਜੀ ਦੇ ਰਤਵਾੜਾ ਸਾਹਿਬ ਆਉਣ ਤੇ ਵਿਦਿਆ ਮੰਦਰ ਰਤਵਾੜਾ ਸਾਹਿਬ ਬੱਚੇ ਉਨ੍ਹਾਂ ਦੀ ਕਾਰ ਅੱਗੇ ਗੱਤਕੇ ਦੇ ਰੂਪ ਵਿੱਚ ਆਪਣੇ ਜੌਹਰ ਦਿਖਾਉਂਦੇ ਹੋਏ।



ਪਰਮ ਸਤਿਕਾਰਯੋਗ ਬੀਜੀ ਜੀ ਦੇ ਰਤਵਾੜਾ ਸਾਹਿਬ ਆਉਣ ਤੇ ਵਿਦਿਆ ਮੰਦਰ ਰਤਵਾੜਾ ਸਾਹਿਬ ਬੱਚੇ ਉਨ੍ਹਾਂ ਦੀ ਕਾਰ ਅੱਗੇ ਗੱਤਕੇ ਦੇ ਰੂਪ ਵਿੱਚ ਆਪਣੇ ਜੌਹਰ ਦਿਖਾਉਂਦੇ ਹੋਏ।

ਉਨ੍ਹਾਂ ਪ੍ਰੇਮੀਆਂ ਨੇ ਕਿਹਾ ਕਿ ਪੰਦਰਾਂ ਸਾਲ ਅਸੀਂ ਬਿਲਕੁਲ ਫਰੀ ਸੇਵਾ ਕਰਨ ਵਾਸਤੇ ਤਿਆਰ ਹਾਂ, 26 ਕਮਰੇ ਬਣ ਚੁੱਕੇ ਨੇ, 104 ਕਮਰਾ ਬਣਨਾ ਹੈ। ਇੱਥੈ ਇੰਟਰਵਿਊ ਰੱਖੀ ਗਈ ਕਿ ਕਿਹੜੇ ਬਜ਼ੁਰਗ ਰੱਖੇ ਜਾਣ। ਤਾਂ ਐਸੇ ਬਜ਼ੁਰਗ ਆਏ, ਵੱਡੇ-ਵੱਡੇ ਅਮੀਰ ਘਰਾਂ ਦੇ, ਚੰਡੀਗੜ੍ਹ ਤੋਂ ਕੀ, ਬਾਹਰਲੇ ਦੇਸ਼ਾਂ ਤੋਂ ਕਿ ਉਨ੍ਹਾਂ ਦੇ ਪਰਿਵਾਰ ਵਾਲੇ ਲੈ ਕੇ ਆਏ ਕਿ ਇਨ੍ਹਾਂ ਨੂੰ ਇੱਥੇ ਰੱਖ ਲਓ ਜਿੰਨਾਂ ਮਰਜ਼ੀ ਪੈਸਾ ਲੈ ਲਓ। ਉਨ੍ਹਾਂ ਦੇ ਅੱਗੇ ਹੱਥ ਜੋੜੇ ਕਿ ਇਹ ਅਸੀਂ ਨਹੀਂ ਕਰਨਾ। ਇਹਦੇ ਵਿੱਚ ਉਨ੍ਹਾਂ ਬਜ਼ੁਰਗਾਂ ਨੂੰ ਰੱਖਿਆ ਜਾਣਾ ਹੈ ਜਿਨ੍ਹਾਂ ਤੋਂ ਕੁਛ ਲੈਣ ਦੀ ਆਂਸ ਨਹੀਂ ਰੱਖੀ ਗਈ ਕਿ ਇਨ੍ਹਾਂ ਤੋਂ ਪੈਸਾ ਲਈਏ। ਆਪਣੇ ਕੋਲੋਂ ਸਾਰੇ ਕੱਪੜੇ, ਜਿੰਨੇ ਵੀ ਤੌਲੀਏ, ਸਾਬਣ, ਤੇਲ ਜਿੰਨੀਆਂ ਵੀ ਜ਼ਰੂਰੀ ਲੋੜਾਂ ਨੇ ਉਹ ਸਾਰੀਆਂ ਦੇਣਗੇ।

(ਅਦਾਰਾ ਆਤਮ ਮਾਰਗ)

ਬੇਆਸਰੇ ਬਜ਼ੁਰਗਾਂ ਲਈ ਸੇਵਾ ਤੇ ਫਰਜ਼ ਨਿਭਾਉਣ ਦਾ ਸੰਕਲਪ ਤਾਂ ਬਹੁਤੇ ਪਰਿਵਾਰਾਂ ਵਿਚ ਕਿਤੇ ਖੰਭ ਲਾ ਕੇ ਉਡ ਹੀ ਗਿਆ ਹੈ। ਵੇਖੋ ਹਰ ਮਾਂ ਬਾਪ, ਆਪਣੇ ਇਸ਼ਟ ਮੁਤਾਬਿਕ ਔਲਾਦ ਪ੍ਰਾਪਤੀ ਲਈ ਦੁਆ ਅਰਦਾਸਾਂ ਦੀ ਝੜੀ ਲਾ ਦਿੰਦੇ ਹਨ ਤੇ ਹਰ ਕਸ਼ਟ ਭੋਗ ਕੇ ਆਪਣੇ ਬੱਚਿਆਂ ਨੂੰ ਪਾਲ ਕੇ ਵੱਡੇ ਕਰਦੇ ਹਨ, ਪਰ ਬਦਕਿਸਮਤੀ ਅੱਜ ਦੀ ਔਲਾਦ ਬਹੁਤੀ ਗਿਣਤੀ ਵਿਚ, ਆਪਣੇ ਇਨ੍ਹਾਂ ਬਜ਼ੁਰਗਾਂ ਨੂੰ ਇਕ ਭਾਰ ਸਮਝਣ ਲਗਦੇ ਹਨ। ਕਿਤੇ ਕਿਤੇ ਕਈ ਬੇਆਸਰੇ ਬਜ਼ੁਰਗ, ਬੇਸਹਾਰਾ ਵਿਧਵਾ ਔਰਤਾਂ, ਜਿਨ੍ਹਾਂ ਨੂੰ ਕੋਈ ਸੰਭਾਲਣ ਵਾਲਾ ਨਹੀਂ, ਸਿਰਫ ਦੋ ਰੋਟੀ ਦੇ ਟੁਕੜਿਆਂ ਲਈ ਦਰ-ਦਰ ਭਟਕਣ ਤੇ ਮੰਗਣ ਲਈ ਮਜ਼ਬੂਰ ਹਨ ਤੇ ਸਮੁੱਚੀ ਅਵਸਥਾ ਬਹੁਤ ਨਮੋਸ਼ੀ ਵਾਲੀ ਹੈ।



**ਸਮਾਗਮ ਮੌਕੇ ਆਤਮ ਮਾਰਗ ਸਟਾਲ ਦਾ ਦ੍ਰਿਸ਼।**



**ਗੰਨੇ ਦਾ ਰਸ ਪਲਾਉਣ ਦੀ ਸੇਵਾ ਕਰਦੇ ਹੋਏ।**

ਜਿਤਨੀ ਵਾਰੀ ਵੀ ਅੰਮ੍ਰਿਤਸਾਰ ਜਾਣ ਦਾ ਇਤਫਾਕ ਹੋਇਆ ਤਾਂ ਹਰਿਮੰਦਰ ਸਾਹਿਬ ਤੇ ਦਰ ਤੇ ਨਤਮਸਤਕ ਹੋ ਕੇ ਭਗਤ ਪੂਰਨ ਸਿੰਘ ਜੀ ਦੇ ਸਥਾਪਿਤ ਕੀਤੇ ਪਿੰਗਲਵਾੜੇ ਵਿਚ ਜਾਣਾ ਜ਼ਰੂਰੀ ਸਮਝਿਆ। ਭਗਤ ਜੀ ਦੇ ਦਰਸ਼ਨ ਤੇ ਮੁਲਾਕਾਤ ਕਈ ਵਾਰੀ ਹੋਈ ਸੀ ਅਤੇ ਉਨ੍ਹਾਂ ਦੀ ਲਗਨ, ਸਾਦਗੀ, ਨਿਸ਼ਠਾ ਤੇ ਤਪ ਤੋਂ ਹਮੇਸ਼ਾ ਹੀ ਬਹੁਤ ਪ੍ਰਭਾਵਿਤ ਹੋਇਆ। ਮੇਰੀ ਇੱਕ ਭੇਂਟ ਵਿਚ ਉਨ੍ਹਾਂ ਕਿਹਾ ਕਿ ਪਿੰਗਲਵਾੜੇ ਵਿਚ ਭਾਂਤ-ਭਾਂਤ ਦੇ ਸੈਂਕੜੇ ਮਰੀਜ਼ਾਂ ਦੀ ਸੰਭਾਲ, ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਅਤੇ ਉਨ੍ਹਾਂ ਦਾ ਮਨੋਬਲ ਬਣਾਈ ਰੱਖਣਾ, ਆਪਣੇ ਆਪ ਵਿਚ ਹੀ ਇਕ ਧੁਨ ਹੈ ਅਤੇ ਗੁਰੂ ਰਾਮਦਾਸ ਜੀ ਦੀ ਕ੍ਰਿਪਾ ਨਾਲ ਚਲ ਰਿਹਾ ਹੈ। ਇਨ੍ਹਾਂ ਉਚ ਵਿਚਾਰਾਂ ਤੋਂ ਪ੍ਰੇਰਿਤ ਹੋ ਕੇ ਸੋਚਿਆ ਕਿ ਜੀਵਨ ਦਾ ਬਾਕੀ ਸਮਾਂ ਤੇ ਸਾਧਨ ਕਿਸੇ ਇਹੋ ਜਿਹੇ ਸਮਾਜਿਕ ਕੰਮ ਵਿਚ ਲਾਇਆ ਜਾਵੇ। ਇਕ ਇਤਫਾਕ ਬਣਿਆ - ਮਾਰਚ 2009 ਵਿਚ, ਗੁਰਦੁਆਰਾ ਰਕਾਬ ਗੰਜ ਸਾਹਿਬ ਦਿੱਲੀ, ਜਦੋਂ ਸਿਜਦਾ ਕਰਕੇ ਬਾਹਰ ਆਇਆ ਇਕ ਬਜ਼ੁਰਗ ਨੇ

ਇਸ਼ਾਰਾ ਕੀਤਾ ਕਿ ਉਨ੍ਹਾਂ ਨੂੰ ਕਿਤੇ ਛੱਡ ਦਿਤਾ ਜਾਵੇ ਜਿਥੇ ਉਨ੍ਹਾਂ ਨੇ ਜਾਣਾ ਸੀ। ਇਹ ਤਾਂ ਬਹੁਤ ਸਾਧਾਰਨ ਸੀ - ਮੈਂ ਪੁੱਛ ਹੀ ਲਿਆ ਕਿ ਪਰਿਵਾਰ ਕਿਤਨਾ ਹੈ ਅਤੇ ਕਿਸ ਲੜਕੇ ਕੋਲ ਰਹਿੰਦੇ ਹੋ। ਜਵਾਬ ਵਿਚ ਦਰਦ ਸੀ ਜਦੋਂ ਉਨ੍ਹਾਂ ਕਿਹਾ ਕਿ ਜਿਹੜਾ ਲੜਕਾ ਰੋਟੀ ਦੇ ਦੇਵੇ - ਮਾਇਕ ਅਵਸਥਾ ਦਾ ਵੀ ਉਨ੍ਹਾਂ ਜ਼ਿਕਰ ਕੀਤਾ ਪਰ ਜ਼ਿਆਦਾ ਗੱਲ ਸੀ ਬੱਚਿਆਂ ਦੀ ਬੇਰੁਖੀ ਬਾਰੇ ਨੇਤਰਾਂ ਅੱਗੇ, ਫਿਰ ਭਗਤ ਪੂਰਨ ਸਿੰਘ ਮੇਰੀਆਂ ਕਈ ਮਿਲਣੀਆਂ ਤੇ ਪਿੰਗਲਵਾੜੇ ਵਿਚ ਲਾਚਾਰਾਂ ਅਪਾਹਜਾਂ ਦੀ ਸੰਭਾਲ ਦਾ ਦ੍ਰਿਸ਼ ਅੱਗੋਂ ਲੰਘਿਆ। ਮਨ ਨੇ ਨਿਰਣਾ ਕੀਤਾ ਕਿ ਪਰਿਵਾਰ ਤੇ ਸਹਿਯੋਗੀ ਰਲ ਕੇ ਇਕ ਬਿਰਧ ਘਰ ਦੀ ਸਥਾਪਨਾ ਦਾ ਯਤਨ ਕਰੀਏ, ਜਿਥੇ ਬਿਰਧ ਭਾਵੇਂ ਕਿਸੇ ਵਰਗ, ਜਾਤ-ਪਾਤ ਦੇ ਹੋਣ, ਉਨ੍ਹਾਂ ਨੂੰ ਰਖ ਕੇ ਉਨ੍ਹਾਂ ਦੀ ਸੰਭਾਲ ਤੇ ਸੇਵਾ ਬਿਲਕੁਲ ਮੁਫਤ ਕੀਤੀ ਜਾਵੇ।



ਭਾਈ ਮੱਖਣ ਸਿੰਘ ਜੀ ਇੰਗਲੈਂਡ ਤੋਂ ਆਪਣੇ ਸਪੁੱਤਰ ਦਾ ਵਿਆਹ ਗੁਰਮਤਿ ਮਰਿਆਦਾ ਅਨੁਸਾਰ ਸਾਦੇ ਢੰਗ ਨਾਲ ਕਰਨ ਲਈ ਐਨ.ਆਰ.ਆਈ. ਸਮੇਤ ਰਤਵਾੜਾ ਸਾਹਿਬ ਦੀ ਧਰਤੀ ਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਵਿਆਹ ਕਰਨ ਉਪਰੰਤ ਪਰਮ ਸਤਿਕਾਰਯੋਗ ਬੀਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ।

ਇਹ ਵੀ ਸੋਚ ਆਈ ਕਿ 1947 ਵਿਚ ਪਾਕਿਸਤਾਨ ਤੋਂ ਉਜੜੇ ਤੇ ਸਰਨਾਰਥੀ ਬਣ ਕੇ ਆਏ ਸਾਂ ਅਤੇ ਅਕਾਲ ਪੁਰਖ ਨੇ ਸਾਡੇ ਸਾਰਿਆਂ ਉਪਰ ਕਿਤਨੀ ਕ੍ਰਿਪਾ ਕੀਤੀ ਹੈ, ਇਹ ਸਾਰਾ ਕੁਝ ਆਪਣੇ ਤੇ ਬੱਚਿਆਂ ਦੇ ਮਾਣਨ ਲਈ ਨਹੀਂ। ਗੱਲ ਕੀਤੀ ਆਪਣੀ ਸਤਿਕਾਰਯੋਗ ਮਾਂ ਜੀ ਤੇ ਭੈਣ-ਭਰਾਵਾਂ ਨਾਲ ਜਿਨ੍ਹਾਂ ਨੇ ਇਸ ਦੀ ਪ੍ਰਵਾਨਗੀ ਦਿਤੀ। ਵਿਚਾਰ ਇਹ ਬਣਿਆ ਕਿ ਬਿਰਧ ਆਸ਼ਰਮ ਚੰਡੀਗੜ੍ਹ ਦੇ ਲਾਗੇ ਬਣਾ ਕੇ ਤੇ ਸੇਵਾ ਦਾ ਕੰਮ ਅਰੰਭਿਆ ਜਾਵੇ।

ਬਿਰਧ ਆਸ਼ਰਮ ਲਈ, ਕੋਈ ਦੋ ਏਕੜ ਜ਼ਮੀਨ ਦੀ ਜ਼ਰੂਰਤ ਸਮਝੀ ਗਈ ਤੇ ਨਾਲ ਹੀ ਇਹ ਕਿ ਕੋਈ 10 ਜਾਂ 15 ਸਾਲ ਸੇਵਾ ਕਰਕੇ ਕਿਸੇ ਉਸ ਸੰਸਥਾ ਦੇ ਸਪੁਰਦ ਕੀਤਾ ਜਾਵੇ, ਜਿਹੜੀ ਬਿਰਧ ਘਰ ਨੂੰ ਨਿਰੰਤਰ ਚਲਾਈ ਰਖੇ। ਸ਼੍ਰੋਮਣੀ ਕਮੇਟੀ ਦੇ ਅਧੀਨ ਚੰਡੀਗੜ੍ਹ ਵਿਚ ਅਤੇ ਕੋਲ ਕਈ ਗੁਰਦਵਾਰੇ ਹਨ



ਸੰਤ ਬਾਬਾ ਹਰਪਾਲ ਸਿੰਘ ਜੀ ਗੁ. ਰਤਵਾੜਾ ਸਾਹਿਬ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕਰਦੇ ਹੋਏ।

ਅਤੇ ਜਿਨ੍ਹਾਂ ਕੋਲ ਕਈ ਏਕੜਾਂ ਜ਼ਮੀਨ ਹੈ। ਸ਼੍ਰੋਮਣੀ ਕਮੇਟੀ ਨੂੰ ਲਿਖਤੀ ਬੇਨਤੀ ਕੀਤੀ ਕਿ ਕੇਵਲ 15 ਸਾਲ ਲਈ, ਇਸ ਕੰਮ ਲਈ ਕੇਵਲ ਦੋ ਏਕੜ ਜ਼ਮੀਨ ਦਿਤੀ ਜਾਵੇ ਤੇ ਲੋੜੀਂਦੀ ਭਾਵੇ ਲੀਜ਼ ਰਕਮ ਵੀ ਅਗੇਤਰੀ ਲੈ ਲਈ ਜਾਵੇ ਤੇ ਇਕ ਲਿਖਤੀ ਕਾਨੂੰਨੀ ਰਜਿਸਟਰਡ ਇਕਰਾਰਨਾਮੇ ਰਾਹੀਂ, 15 ਸਾਲਾਂ ਬਾਅਦ ਇਹ ਸਭ ਕੁਝ ਬਣਿਆ ਬਣਾਇਆ ਸ਼੍ਰੋਮਣੀ ਕਮੇਟੀ ਨੂੰ ਸਪੁਰਦ ਕਰ ਦਿੱਤਾ ਜਾਵੇਗਾ ਅਤੇ ਇਸ ਟਰੱਸਟ ਵਿਚ ਇਕ ਨੁੰਮਾਇਦਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਰੱਖਣ ਦਾ ਵੀ ਸੁਝਾਊ ਦਿਤਾ ਪਰ ਬਾਰ-ਬਾਰ ਬੇਨਤੀ ਕਰਨ ਦੇ ਬਾਵਜੂਦ ਵੀ, ਇਹ ਗੱਲ ਸਿਰੇ ਨਾ ਚੜ੍ਹ ਸਕੀ, ਵਾਹਿਗੁਰੂ ਜਾਣੇ ਕਿ ਉਨ੍ਹਾਂ ਨੂੰ ਇਹ ਗੱਲ, ਇਕ ਬਿਰਧ ਆਸ਼ਰਮ ਦੀ ਸਥਾਪਨਾ ਤੇ ਇਕ ਟਰੱਸਟ ਵਲੋਂ ਸੇਵਾ, ਕਿਉਂ ਨਾ




ਪਰਮ ਪੂਜਯ ਸਤਿਕਾਰਯੋਗ ਬੀਜੀ ਆਪਣੇ ਕਰਕੰਵਲਾਂ ਨਾਲ ਅਕਾਲ ਬਿਰਧ ਆਸ਼ਰਮ ਦਾ ਨੀਂਹ ਪੱਥਰ ਰੱਖਦੇ ਹੋਏ।



'ਅਕਾਲ ਬਿਰਧ ਆਸ਼ਰਮ' ਦੇ ਉਦਘਾਟਨ ਕਰਦੇ ਹੋਏ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ।

ਪ੍ਰਭਾਵਿਤ ਕਰ ਸਕੀ।

ਪਤਾ ਲੱਗਾ ਕਿ ਚੰਡੀਗੜ੍ਹ ਤੋਂ ਕੇਵਲ ਪੰਜ ਕਿਲੋਮੀਟਰ ਦੂਰ, ਪਿੰਡ ਰਤਵਾੜਾ ਸਾਹਿਬ ਵਿਖੇ ਜਿਥੇ ਗੁਰਦਵਾਰਾ ਈਸ਼ਰ ਪ੍ਰਕਾਸ਼ ਹੈ ਉਥੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਕੋਲ ਤਕਰੀਬਨ ਸੱਤਰ ਏਕੜ ਜ਼ਮੀਨ ਹੈ ਅਤੇ ਗੁਰਦਵਾਰਾ ਸਾਹਿਬ ਤੋਂ ਬਿਨਾਂ ਦੋ ਸਕੂਲ ਤੇ ਇਕ ਬੀ.ਐਡ ਕਾਲਜ ਵੀ ਚਲ ਰਿਹਾ ਹੈ। ਗੁਰਪੁਰਵਾਸੀ ਸੰਤ ਵਰਿਆਮ ਸਿੰਘ ਜੀ ਬਾਰੇ ਸੁਣਿਆ ਸੀ, ਪਰ ਦਰਸ਼ਨ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ। ਸੰਤ ਬਾਬਾ ਹਰਪਾਲ ਸਿੰਘ ਜੀ, ਮੁੱਖ ਸੇਵਾਦਾਰ ਜਿਹੜੇ ਆਪ ਇਕ ਸਿਵਲ ਇੰਜਨੀਅਰ ਹਨ, ਨਾਮਬਾਣੀ ਦੇ ਰਸੀਏ ਅਤੇ ਮਿਲਣ ਤੇ ਮਹਿਸੂਸ ਹੋਇਆ ਕਿ ਉਨ੍ਹਾਂ ਵਿਚ ਸੇਵਾ ਭਾਵ, ਸਿਮਰਨ ਕੀਰਤਨ ਤੇ ਵਿਦਿਅਕ ਅਦਾਰੇ ਦਾ ਪ੍ਰਸਾਰ ਦੀ ਲੋਚਨਾ ਹੈ। ਸਾਰਾ ਕੰਮਲੈਕਸ

ਵੇਖ ਕੇ ਬਹੁਤ ਖੁਸ਼ੀ ਹੋਈ ਅਤੇ ਖਾਸ ਕਰਕੇ ਜਦੋਂ ਉਨ੍ਹਾਂ ਇਹ ਦਸਿਆ ਕਿ ਗੁਰਮਤਿ ਯੂਨੀਵਰਸਿਟੀ ਬਣਾਉਣ ਦੀ ਯੋਜਨਾ ਅਧੀਨ, ਇਮਾਰਤ ਦੀ ਉਸਾਰੀ ਚਲ ਰਹੀ ਹੈ। ਆਪਣੇ ਆਉਣ ਦਾ ਮੰਤਵ ਦਸਿਆ ਤਾਂ ਇਕ ਸਿੱਧਾ ਤੇ ਸੁਚੱਜਾ ਪ੍ਰਤੀਕਰਮ ਮਿਲਿਆ ਕਿ ਆਪ ਜੀ ਦਾ ਟਰੱਸਟ, ਇਕ ਬਿਰਧ ਆਸ਼ਰਮ ਦੀ ਸਥਾਪਨਾ ਕਰਕੇ, ਫਿਰ 15 ਸਾਲ ਲਈ ਸੇਵਾ ਚਾਹੁੰਦਾ ਹੈ - ਫਿਰ ਇਸ ਤੋਂ ਵੱਧ ਖੁਸ਼ੀ ਦੀ ਗੱਲ ਹੋਰ ਕੀ ਹੋ ਸਕਦੀ ਹੈ ਅਤੇ ਅਸੀਂ ਤਾਂ ਆਪ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਵਲੋਂ, ਜਿਸਦੇ ਚੇਅਰਪਰਸਨ ਸੰਤ ਮਾਤਾ ਰਣਜੀਤ ਕੌਰ ਜੀ ਹਨ, ਇਕ ਬਿਰਧ ਘਰ ਦੀ ਸਥਾਪਨਾ ਬਾਰੇ ਸੋਚ ਹੀ ਰਹੇ ਸਾਂ। ਸਾਡੀ ਲਿਖਤੀ ਬੇਨਤੀ ਪੱਤਰ ਲੈ ਕੇ ਪ੍ਰਵਾਨਗੀ ਦਿਤੀ ਗਈ ਕਿ ਅਕਾਲ ਟਰੱਸਟ, ਦੋ ਏਕੜ ਜ਼ਮੀਨ ਤੇ ਇਮਾਰਤ ਉਸਾਰ ਕੇ ਤਕਰੀਬਨ 50 ਗਰੀਬ ਬਜ਼ੁਰਗਾਂ ਲਈ ਇਕ ਬਿਰਧ ਆਸ਼ਰਮ ਸਥਾਪਤ ਕਰੇਗਾ ਅਤੇ ਇਸਦੀ ਸੇਵਾ ਸੰਭਾਲ ਅਕਾਲ ਟਰੱਸਟ 15 ਸਾਲਾਂ ਲਈ ਬਜ਼ੁਰਗਾਂ ਨੂੰ ਬਿਲਕੁਲ ਮੁਫਤ ਪ੍ਰਦਾਨ ਕਰੇਗਾ ਅਤੇ ਇਸ ਤੋਂ ਬਾਅਦ ਇਮਾਰਾਤ, ਤੇ ਸਭ ਸਮਾਨ ਇਤਿਆਦਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਟਰੱਸਟ ਦਾ ਹੋ ਜਾਵੇਗਾ ਅਤੇ ਇਹ ਸੇਵਾ ਬਜ਼ੁਰਗਾਂ ਦੀ ਸੰਭਾਲ ਇਸੇ ਤਰ੍ਹਾਂ ਨਿਰੰਤਰ ਚਲਦੀ ਰਹੇਗੀ।



ਕਮਰੇ ਦਾ ਅੰਦਰੂਨੀ ਦ੍ਰਿਸ਼ ਬਜ਼ੁਰਗਾਂ ਦਾ ਨਿੱਜੀ ਸਮਾਨ ਰੱਖਣ ਲਈ ਵੱਖੋ ਵੱਖਰੀਆਂ ਅਲਮਾਰੀਆਂ ਦਾ ਪ੍ਰਬੰਧ ਕੀਤਾ ਗਿਆ ਹੈ ਇੱਕ ਕਮਰੇ ਵਿੱਚ ਦੋ ਬਜ਼ੁਰਗਾਂ ਦੇ ਰਹਿਣ ਦਾ ਇੰਤਜਾਮ ਕੀਤਾ ਗਿਆ ਹੈ।

ਵਿਚਾਰ ਬਣਿਆ ਕਿ ਬਿਰਧ ਆਸ਼ਰਮ ਦੀ ਇਮਾਰਤ ਦੀ ਦਿਖ, ਰਿਹਾਇਸ਼ੀ ਕਮਰੇ, ਰਹਿਣ ਦਾ ਪ੍ਰਬੰਧ ਇਤਿਆਦਿ ਬਿਲਕੁਲ ਆਧੁਨਿਕ ਹੋਵੇ। ਇਕ ਹਾਲ ਕਮਰਾ ਜਿਥੇ ਵੱਡਾ ਟੀ.ਵੀ. ਟੈਲੀਵੀਜ਼ਨ, ਕਿਤਾਬਾਂ, ਰਸਾਲੇ ਅਤੇ ਰੋਜ਼ਾਨਾ ਅਖਬਾਰ ਹੋਣ, ਲੰਗਰ ਅਸਥਾਨ ਬਿਲਕੁਲ ਸਾਫ ਸੁਥਰਾ, ਆਰਾਮ ਦੇਹ ਕੁਰਸੀਆਂ, ਇਕ ਪਾਣੀ ਵਿਚ ਰੰਗ ਬਿਰੰਗੀਆਂ ਜਗਦੀਆਂ ਬੱਤੀਆਂ ਵਿਚ ਫੁਹਾਰਾ ਪੱਕੀ ਸੈਰਗਾਹ ਦਾ ਨਿਯੋਜਨ ਰਖਣਾ ਜ਼ਰੂਰੀ ਸਮਝਿਆ ਗਿਆ। ਇਹ ਸਭ ਕੁਝ ਸੋਚਣ ਤੋਂ ਬਾਅਦ, ਇਕ ਆਰਕੀਟੈਕਟ ਫਰਮ ਦੇ ਸਹਿਯੋਗ ਨਾਲ ਪੂਰਾ ਨਕਸ਼ਾ ਬਣਾਇਆ ਗਿਆ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਮੁੱਖ ਸੇਵਕ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਪ੍ਰਵਾਨਗੀ ਲੈ ਕੇ ਕਾਰਜ ਨੂੰ ਆਰੰਭ ਕਰਨ ਦੀ ਯੋਜਨਾ ਤਿਆਰ ਹੋਈ।

ਅਕਾਲ ਬਿਰਧ ਆਸ਼ਰਮ ਦੀ ਉਸਾਰੀ ਦਾ ਨੀਂਹ ਪੱਥਰ 12 ਜੁਲਾਈ 2009 ਨੂੰ ਸੰਤ ਬੀਬੀ ਰਣਜੀਤ ਕੌਰ ਨੇ ਆਪਣੇ ਪਵਿੱਤਰ ਹਸਤਕੰਵਲਾਂ ਦੁਆਰਾ ਰੱਖਿਆ। ਅਕਾਲ ਬਿਰਧ ਆਸ਼ਰਮ ਦੀ ਤਕਰੀਬਨ 17000 ਫੁੱਟ ਦੀ ਉਸਾਰੀ ਬਿਲਡਿੰਗ ਬਿਲਕੁਲ ਤਿਆਰ ਹੈ ਜਿਸ ਵਿਚ 50 ਬਜ਼ੁਰਗਾਂ ਦੇ ਰਹਿਣ ਲਈ ਕਮਰੇ, ਹਰ ਕਮਰੇ ਨਾਲ ਸਬੰਧਤ ਬਾਥਰੂਮ, ਸਟਾਫ ਲਈ ਰਿਹਾਇਸ਼ੀ ਕਮਰੇ, ਕਿਚਨ ਤੇ ਲੰਗਰ ਹਾਲ, ਇਕ ਸਾਮੂਹਿਕ ਮੰਨੋਰੰਜਨ ਹਾਲ, ਮੈਡੀਕਲ

ਬਲਾਕ ਅਤੇ ਸੈਰਗਾਹ ਲਈ ਪੱਕੇ ਰਸਤੇ ਹਨ। ਬਿਰਧ ਆਸ਼ਰਮ ਇਕ ਇਕਾਂਤ ਰਮਣੀਕ ਆਲੇ-ਦੁਆਲੇ ਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਨਾਲ ਜੁੜਵਾਂ ਹੈ।

ਬਿਰਧ ਆਸ਼ਰਮ ਦੇ ਦਾਖਲੇ ਲਈ - ਬਜ਼ੁਰਗ ਕਿਸੇ ਵੀ ਫਿਰਕੇ, ਧਰਮ, ਜਾਤ-ਪਾਤ ਤੇ ਵਰਗ ਦੇ ਹੋ ਸਕਦੇ ਹਨ, ਉਨ੍ਹਾਂ ਦੀ ਉਮਰ 65 ਸਾਲਾਂ ਤੋਂ ਵੱਧ, ਬਹੁਤ ਗਰੀਬ ਵਰਗ ਨਾਲ ਸਬੰਧਤ, ਨਿਆਸਰੇ ਅਤੇ ਗਰੀਬੀ ਕਾਰਨ ਆਪਣੀ ਸੰਭਾਲ ਤੋਂ ਅਸਮਰਥ, ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਨਾ ਕਰਨ ਵਾਲੇ ਅਤੇ ਉਨ੍ਹਾਂ ਦਾ ਸਿੱਧਾ ਜਾਂ ਅਸਿੱਧਾ ਸਬੰਧ ਕਿਸੇ ਦੀਵਾਨੀ ਜਾਂ ਫੌਜਦਾਰੀ ਕੇਸ ਨਾਲ ਨਾ ਹੋਵੇ।


ਬਿਰਧ ਆਸ਼ਰਮ ਵਿੱਚ ਬਣੀ ਬਿਰਧਾਂ ਲਈ ਕੰਨਟੀਨ ਦਾ ਅੰਦਰੂਨੀ ਦ੍ਰਿਸ਼।

ਬਿਰਧ ਆਸ਼ਰਮ ਦਾ ਉਦਘਾਟਨ 17 ਜੂਨ 2010 ਨੂੰ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਕੀਤਾ ਹੈ।

ਕਈ ਬਜ਼ੁਰਗ ਤੇ ਬਿਰਧ ਮਾਤਾਵਾਂ ਨੂੰ ਜਦੋਂ ਇਸ ਬਿਰਧ ਆਸ਼ਰਮ ਦੀ ਇਤਲਾਹ ਹੋਣ ਤੇ, ਇਥੇ ਮਿਲਣ ਆਏ ਤਾਂ ਉਨ੍ਹਾਂ ਦੀਆਂ ਗੱਲਾਂ ਸੁਣ ਕੇ, ਮਨ ਬਹੁਤ ਵਿਆਕੁਲ ਹੋਇਆ।

ਇਸ ਬਿਰਧ ਆਸ਼ਰਮ ਦੀ ਸਥਾਪਨਾ ਇਕ ਬਹੁਤ ਹੀ ਨਿਮਾਣਾ ਯਤਨ ਹੈ। ਚਾਹੀਦਾ ਹੈ ਵਪਾਰਿਕ ਆਦਾਰੇ, ਸਮਾਜਿਕ ਸੰਸਥਾਵਾਂ ਤੇ ਸਰਦੇ ਪੁਜਦੇ ਘਰ ਇਹੋ ਜਿਹੇ ਬਿਰਧ ਘਰਾਂ ਦਾ ਨਿਯੋਜਨ ਕਰਨ - ਇਹ ਬਹੁਤ ਜ਼ਰੂਰੀ ਹੈ ਆਪਣੇ ਬਜ਼ੁਰਗਾਂ ਦੀ ਸੰਭਾਲ ਤਾਂ ਸ਼ਾਇਦ ਕਾਫੀ ਲੋਗ ਕਰਦੇ ਹੀ ਹੋਣ ਪਰ ਗਰੀਬ ਤੇ ਬੇਆਸਰੇ ਨੂੰ ਸੰਭਾਲਣਾ ਸ਼ਾਇਦ ਅਸਲ ਸੇਵਾ ਇਹੀ ਹੈ।


ਬਿਰਧ ਆਸ਼ਰਮ ਦੇ ਅੱਠ ਬਲਾਕਾਂ ਵਿੱਚੋਂ ਇਕ ਬਲਾਕ ਦਾ ਬਾਹਰੀ ਦ੍ਰਿਸ਼। ਹਰ ਇਕ ਬਲਾਕ ਵਿੱਚ 6 ਕਮਰਿਆਂ ਦਾ ਵੱਖੋ ਵੱਖਰੇ ਨਾਲ ਜੁੜਵੇਂ ਬਾਥਰੂਮ ਦਾ ਇੰਤਜਾਮ ਕੀਤਾ ਗਿਆ ਹੈ।

**ਸ. ਹਰਚਰਨ ਸਿੰਘ**

# ਧੰਨ ਧੰਨ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-55)*

constitution ਦੇ ਅੰਦਰ amendment ਹੋ ਗਈ, ਬਦਲੀ ਨਹੀਂ ਹੋਈ ਲੇਕਿਨ ਇਸ ਯੁੱਗ ਦਾ ਧਰਮ ਇਹੀ ਸੀ ਕਿ ਕਲਜੁਗ ਦੇ ਅੰਦਰ ਕੇਵਲ ਨਾਮ ਨਾਲ ਉਧਾਰ ਹੋਣਾ ਹੈ।ਕਰਮਕਾਂਡ ਦੇ ਨਾਲ ਤੇ ਭੇਖ ਦੇ ਨਾਲ ਉਧਾਰ ਨਹੀਂ, ਇਹ ਪਿਛਲੇ ਯੁੱਗਾਂ ਸੀ ਇਹ ਸਾਰੀਆਂ ਗੱਲਾਂ। ਕਲਜੁਗ 'ਚ ਨਹੀਂ ਇਹ ਚਲਦੀਆਂ। ਕੇਵਲ ਨਾਮ ਚਲਣਾ ਹੈ ਕਲਜੁਗ 'ਚ। ਮਹਾਰਾਜ ਕਹਿੰਦੇ, ਹੋਰ ਕੋਈ ਚੀਜ਼ ਨਹੀਂ ਨਾਲ ਜਾਣੀ। ਸਿਰਫ ਨਾਮ ਹੈ, ਨਾਮ ਦੀ ਮਹੱਤਤਾ ਕਿੰਨੀ ਦੱਸੀ ਹੈ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਅੱਖ ਦੇ ਝਮਕਣ ਜਿੰਨਾਂ ਚਿਰ 'ਚ ਵੀ ਜੇ ਪ੍ਰਮੇਸ਼ਰ ਪ੍ਰੀਪੂਰਨ ਵਿਚ ਜੇ ਸੁਰਤ ਚਲੀ ਗਈ, ਕਹਿੰਦੇ ਉਹਦੇ ਗਲ 'ਚੋਂ ਪਈ ਹੋਈ ਜਮਾਂ ਦੀ ਫਾਂਸੀ ਉਸੇ ਵੇਲੇ ਕਟ ਜਾਏਗੀ, ਕਿੱਡੀ ਵੱਡੀ ਸ਼ਕਤੀ ਹੈ –

***ਕਬੀਰ ਸੁੋਈ ਮੁਖੁ ਧੰਨਿ ਹੈ***
***ਜਾ ਮੁਖਿ ਕਹੀਐ ਰਾਮੁ ॥***
***ਦੇਹੀ ਕਿਸ ਕੀ ਬਾਪੁਰੀ***
***ਪਵਿਤ੍ਰੁ ਹੋਇਗੋ ਗ੍ਰਾਮੁ ॥ ਅੰਗ – ੧੩੭੦***

ਦੇਹੀ ਦੀ ਗੱਲ ਤਾਂ ਛੱਡੋ, ਸਾਰਾ ਨਗਰ ਪਵਿੱਤਰ ਹੋ ਜਾਏਗਾ, ਜਿੱਥੇ ਪ੍ਰਮੇਸ਼ਰ ਦਾ ਪਿਆਰਾ ਬੰਦਗੀ ਕਰਨ ਵਾਲਾ ਰਹਿੰਦਾ ਹੈ। ਸੋ ਇਸ ਤਰ੍ਹਾਂ ਨਾਮ ਦੀ ਬੜੀ ਭਾਰੀ ਮਹੱਤਤਾ ਐਸ ਜੁਗ ਦੇ ਅੰਦਰ ਹੈ। ਸੋ ਇਹ ਕਰਮਕਾਂਡ ਦੇ ਵਿੱਚ ਪ੍ਰਵਿਰਤ ਸੀ। ਜਦੋਂ ਕਰਮਕਾਂਡ 'ਚ ਆਦਮੀ ਰਹਿੰਦਾ ਹੈ ਤਾਂ ਮਨ ਵਿਚ ਸ਼ਾਂਤੀ ਨਹੀਂ ਆਇਆ ਕਰਦੀ, ਮਨ ਵਿਚ ਸ਼ਾਂਤੀ ਕੇਵਲ ਨਾਮ ਨਾਲ ਆਇਆ ਕਰਦੀ ਹੈ। ਜਿਨ੍ਹਾਂ ਨੇ ਅੰਦਰਲੀ ਸ਼ਾਂਤੀ ਨਹੀਂ ਦੇਖੀ ਉਨ੍ਹਾਂ ਨੂੰ ਪਤਾ ਨਹੀਂ ਲਗਦਾ ਕਿ 'ਸ਼ਾਂਤੀ' ਅੱਖਰ ਕੀ ਹੈ? ਧੁੱਪ ਦੇ ਵਿਚੋਂ ਗਿਆ ਹੋਇਆ ਬੰਦਾ ਛਾਵੇਂ ਖੜ੍ਹ ਕੇ ਕਹਿੰਦਾ ਹੈ ਕਿ ਸ਼ਾਂਤੀ ਆ ਗਈ। ਪਿਆਸਾ ਬੰਦਾ ਠੰਢਾ ਪਾਣੀ ਪੀ ਕੇ ਕਹਿੰਦਾ ਹੈ ਕਿ ਮੈਨੂੰ ਬੜੀ ਸ਼ਾਂਤੀ ਆਈ ਹੈ। ਕਿਸੇ ਦਾ ਕੰਮ ਨਾ ਬਣਦਾ ਹੋਵੇ, ਪੈਸਾ ਨਾ ਮਿਲਦਾ ਹੋਵੇ; ਪੈਸਾ ਮਿਲ ਗਿਆ ਤਾਂ ਕਹਿੰਦਾ ਹੈ ਕਿ ਬੜੀ ਸ਼ਾਂਤੀ ਆਈ ਹੈ। ਇਹ ਤਾਂ ਕੋਈ ਗੱਲ ਨਹੀਂ ਹੈ ਇਹ ਤਾਂ temporary ਖੇਲ੍ਹ ਹੈ ਛੋਟਾ ਜਿਹਾ। ਅੰਦਰ ਸ਼ਾਂਤੀ ਆ ਜਾਣੀ ਤੇ ਐਸੀ ਅਵਸਥਾ ਪ੍ਰਾਪਤ ਹੋ ਜਾਣੀ –

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ***
***ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥***
***ਨਹ ਨਿੰਦਿਆ ਨਹ ਉਸਤਤਿ***
***ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ***
***ਨਾਹਿ ਮਾਨ ਅਪਮਾਨਾ ॥ ਅੰਗ – ੬੩੩***

ਆਹ ਅਵਸਥਾ ਸਥਿਰ ਬੁੱਧੀ ਪ੍ਰਾਪਤ ਹੋ ਜਾਣੀ। adverse curcumstance ????ਦੇ ਵਿਚ ਘਬਰਾਉਣਾ ਨਾ –

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ***
***ਕਿਛੁ ਸਾਕੁ ਨ ਸਿੰਨਾ ॥***
***ਰਾਜਾ ਸਗਲੀ ਸ੍ਰਿਸਟਿ ਕਾ***
***ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥***
***ਅੰਗ – ੭੦੭***

ਜੇ ਮਨ ਵਿੱਚ ਸ਼ਾਂਤੀ ਹੈ, ਮਹਾਰਾਜ ਕਹਿੰਦੇ '***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ ਅੰਗ – ੭੦੭***' ਪ੍ਰਾਕ੍ਰਿਤੀ ਦੀਆਂ ਬੇਅੰਤ ਪ੍ਰਾਪਤੀਆਂ ਬੰਦੇ ਨੂੰ ਹੋਣ, ਕੋਈ ਊਣਤਾਈ ਨਾ ਹੋਵੇ–

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ ॥ ਅੰਗ – ੭੦੭***

ਘਰ ਸਜਾਇਆ ਹੋਵੇ ਸੋਨੇ ਦੀਆਂ ਪਲੇਟਾਂ ਨਾਲ ਤੇ ਲਟਕਦੇ ਹੋਣ ਮੋਤੀ ਛੱਤ ਦੇ ਨਾਲ। ਝਿਲਮਿਲ–ਝਿਲਮਿਲ ਘਰ ਕਰਦਾ ਹੋਵੇ। ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥' ਜੋ ਵੀ ਮਨ ਵਿਚ ਸੁੱਖ ਦੀ ਇਛਿਆ ਜਾਗੀ ਉਸੇ ਵੇਲੇ ਪ੍ਰਾਪਤ ਹੋ ਗਿਆ। ਲੇਕਿਨ ਮਹਾਰਾਜ ਕਹਿੰਦੇ ਉਹਦੀ ਮਾਨਸਿਕ ਅਵਸਥਾ ਕਿਹੋ ਜਿਹੀ ਹੁੰਦੀ ਹੈ, '***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥ ਅੰਗ – ੭੦੭***'

ਕਰਮਕਾਂਡ ਤੇ ਭੇਖ ਦੋ ਚੀਜ਼ਾਂ ਨੇ ਇਹ frustration ਲਿਆਉਂਦੀਆਂ ਨੇ, ਸ਼ਾਂਤੀ ਨਹੀਂ ਲਿਆਇਆ ਕਰਦੀਆਂ। ਕਿਉਂਕਿ ਇਹਦੇ ਵਿਚੋਂ ਨਿਕਲਦਾ ਕੁਛ ਨਹੀਂ, ਖਾਹਮਖਾਹ ਦੇਹੀ ਨੂੰ ਦੁੱਖ ਦਿੰਦਾ ਹੈ। ਇਹ ਜੋ ਪ੍ਰੇਮੀ ਸੀ ਜਿਸਦਾ ਨਾਮ ਮਾਈਦਾਸ ਸੀ, ਕਰਮਕਾਂਡੀ ਬੜਾ ਸਖਤ ਸੀ। ਕਿਸੇ ਦਾ ਹੱਥ ਲਗ ਜਾਵੇ, ਪਾਣੀ ਨਹੀਂ ਸੀ ਪੀਂਦਾ। ਪ੍ਰਸ਼ਾਦਾ ਲਾਹ ਰਿਹਾ ਹੈ ਜੇ ਕਿਸੇ ਨੇ ਆ ਕੇ ਚੌਂਕੇ 'ਚ ਪੈਰ ਧਰ ਦਿਤਾ, ਲਕੀਰ ਦੇ ਅੰਦਰ ਉਸੇ ਵੇਲੇ ਬਣਿਆ ਬਣਾਇਆ ਪ੍ਰਸ਼ਾਦਾ ਛੱਡ ਦਿੰਦਾ ਸੀ। ਕਿਉਂਕਿ ਕਰਮਕਾਂਡ ਐਸੀਆਂ

ਹੀ ਚੀਜ਼ਾਂ ਹੁੰਦੀਆਂ ਨੇ। ਜਿੰਨਾਂ ਸਖਤ ਕਰ ਲਓ, ਓਨਾਂ ਹੀ ਬੰਦਾ ਉਲਝਦਾ ਜਾਂਦਾ ਹੈ। ਚਾਹੇ ਭੇਖ ਹੈ ਸਰੀਰ ਦੇ ਉੱਤੇ ਧਾਰਨ ਵਾਲਾ। ਚਾਹੇ ਇਸ ਤਰ੍ਹਾਂ ਦੀ ਕੋਈ ਭਾਵਨਾ ਹੈ ਉਹ ਉਸੇ ਤਰ੍ਹਾਂ ਦੇ ਨਾਲ ਵਧਦਾ ਤੁਰਿਆ ਜਾਂਦਾ ਹੈ ਤੇ ਆਦਮੀ ਬੰਨ੍ਹਦਾ ਜਾਂਦਾ ਹੈ, ਉਹ ਕਾਰਨ ਨੂੰ ਨਹੀਂ ਦੇਖਦਾ, ਗੁਰਮਤਿ ਨੂੰ ਨਹੀਂ ਦੇਖਦਾ, ਭੇਖ ਦੇ ਵਿਚ ਪੈ ਕੇ ਆਪਣੇ ਆਪ ਨੂੰ ਪੂਰਾ ਕਹਿੰਦਾ ਹੈ। ਜਿੰਨਾ ਭੇਖ ਜ਼ਬਰਦਸਤ ਹੈ, ਸਖਤ ਹੈ, ਓਨਾਂ ਹੀ ਅਸੀਂ ਕਹਿੰਦੇ ਹਾਂ ਕਿ ਇਹ ਬੜਾ ਧਰਮੀ ਬੰਦਾ ਹੈ, ਇਹ ਬੜਾ ਭਾਰੀ ਭੁਲੇਖਾ ਸਾਡੇ ਮਨਾਂ ਵਿਚ ਪਿਆ ਹੋਇਆ ਹੈ। ਧਰਮੀ ਆਦਮੀ ਜਿਹੜਾ ਹੁੰਦਾ ਹੈ, ਉਹ ਹੋਰ ਰਹਿਤ ਤੋਂ ਹੋਇਆ ਕਰਦਾ ਹੈ। ਜਿੰਨਾਂ ਚਿਰ ਅੰਦਰਲੀ ਰਹਿਤ ਨਹੀਂ ਉਹਦੇ ਅੰਦਰ, ਉਪਰਲਾ ਭੇਖ ਉਹਨੂੰ ਕੀ ਕਰੇਗਾ। ਇੱਕ ਡਾਕੂ ਆ ਕੇ ਭੇਖ ਧਾਰ ਲੈਂਦਾ ਹੈ, ਉਹ ਤਾਂ ਡਾਕੂ ਹੀ ਹੈ, ਭੇਖ ਨੇ ਉਹਨੂੰ ਸੰਤ ਤਾਂ ਨਹੀਂ ਬਣਾ ਦੇਣਾ। ਸੰਤ ਤਾਂ ਉਸਨੂੰ ਜਦ ਬਣਾਉਣਾ ਹੈ, ਉਹਦੇ 'ਚ ਪਰਿਵਰਤਨ ਆਉਣਾ ਹੈ, ਤਾਂ ਅੰਦਰਲੇ ਗੁਣ ਜੋ ਨੇ, ਅੰਦਰਲੀ ਉਚਾਈ ਹੈ ਉਹਦੇ ਨਾਲ ਉਹਦੀ ਤਬਦੀਲੀ ਆਉਣੀ ਹੈ, ਨਹੀਂ ਤਾਂ ਆ ਨਹੀਂ ਸਕਣੀ। ਸੋ ਭੇਖ ਇੱਕ ਧੋਖਾ ਦੇਣ ਵਾਲੀ ਚੀਜ਼ ਹੈ ਸੰਸਾਰ ਨੂੰ। ਬਹੁਤ ਸਾਰਿਆਂ ਦਾ ਖਿਆਲ ਹੁੰਦਾ ਹੈ ਕਿ ਜੇ ਭੇਖ ਨਾ ਧਾਰੀਏ ਐਸੀਆਂ ਕਹਾਣੀਆਂ ਬਣੀਆਂ ਹੋਈਆਂ ਨੇ ਕਿ ਸੰਸਾਰ ਨੂੰ ਪਤਾ ਨਹੀਂ ਲਗਦਾ ਕਿ ਇਹ ਸਾਧੂ ਹੈ ਉਹ ਨਿਰਾਦਰ ਕਰ ਦੇਣਗੇ। ਨਿਰਾਦਰ ਦਾ ਦੋਸ਼ ਸਾਧੂ ਨੂੰ ਲੱਗੇਗਾ ਕਿਉਂਕਿ ਤੂੰ ਦਸ ਨਹੀਂ ਸਕਿਆ ਕਿ ਮੈਂ ਸਾਧੂ ਹਾਂ। ਠੀਕ ਹੈ ਕਿਸੇ ਹੱਦ ਤਕ ਤਾਂ ਇਹ ਗੱਲ ਠੀਕ ਹੈ, ਪਰ ਜੇ ਅੰਦਰੋਂ ਸਾਧੂ ਨਹੀਂ, ਉਪਰੋਂ ਹੀ ਭੇਖ ਧਾਰਿਆ ਹੋਇਆ ਹੈ, ਫੇਰ ਸੇਵਾ ਕਰਨ ਵਾਲੇ ਨੂੰ ਫਲ ਹੀ ਨਹੀਂ ਪ੍ਰਾਪਤ ਹੋਣਾ। ਕੇਵਲ ਧੋਖੇ 'ਚ ਆ ਜਾਂਦਾ ਹੈ। ਭੇਖ ਜਿਹੜਾ ਹੈ, ਇਹ ੭੫% ਆਦਮੀ ਦੀਆਂ ਕਮਜ਼ੋਰੀਆਂ ਨੂੰ ਛੁਪਾਉਣ ਦੀ ਤਾਕਤ ਰਖਦਾ ਹੈ। ੨੫% ਉਹਦੇ 'ਚ ਗੁਣ ਹੋਣ, ਉਹਦੇ ਮਗਰ ਦੁਨੀਆਂ ਲਗ ਜਾਏਗੀ। ਸਾਰੇ ਲੋਕ ਚੱਲਣਗੇ ਕਿ ਇਹ ਤਾਂ ਜੀ ਨੰਗੇ ਪੈਰੀਂ ਚਲਦੇ ਨੇ। ਇਹ ਤਾਂ ਰੋਟੀ ਖਾਂਦੇ ਹੀ ਨਹੀਂ ਹਨ ਜੀ। ਇਹ ਤਾਂ ਤੇਲ ਹੀ ਨਹੀਂ ਲਾਉਂਦੇ ਸਿਰ ਨੂੰ, ਜਦੋਂ ਤੋਂ ਪੈਦਾ ਹੋਏ ਨੇ। ਇਹੋ ਜਿਹੀਆਂ ਸਾਡੇ ਭਾਵਨਾਵਾਂ ਨੇ। ਮਹਾਰਾਜ ਨੇ ਇਸਨੂੰ ਪ੍ਰਵਾਨ ਨਹੀਂ ਕਰਿਆ, ਮਹਾਰਾਜ ਕਹਿੰਦੇ ਇਹ ਤਾਂ ਫਜ਼ੂਲ ਚੀਜ਼ਾਂ ਨੇ ਸਾਰੀਆਂ। ਲੇਕਿਨ ਅੰਦਰਲੀ ਤਰੱਕੀ ਕੋਈ ਹੋਰ ਚੀਜ਼ ਹੈ। ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਸਿੱਖ ਦੀ ਜੋ ਰਹਿਤ ਹੈ, ਜਿਸਨੇ ਇਸਨੂੰ ਤਾਰਨਾ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***

***ਅੰਗ – ੩੦੫***

ਇੱਥੇ ਵਿਚਾਰ ਇੱਕ ਹੋਰ ਆਉਂਦੀ ਹੈ, ਉਹ ਆਉਂਦੀ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਹਾਂ ਕਿਸੇ ਕਿਤਾਬ ਦੇ ਸਿੱਖ ਨਹੀਂ ਹਾਂ। ਕਿਸੇ ਇਤਿਹਾਸ ਦੇ ਸਿੱਖ ਨਹੀਂ ਹਾਂ, ਕਿਸੇ ਮਨੁੱਖ ਦੀ ਲਿਖੀ ਹੋਈ ਬਾਤ ਦੇ ਸਿੱਖ ਨਹੀਂ ਹਾਂ। 1430 ਪੰਨੇ ਦੇ ਅੰਦਰ ਜੋ ਬਾਣੀ ਆਉਂਦੀ ਹੈ, ਅਸੀਂ ਉਹਦੇ ਮੁਤਾਬਿਕ ਆਪਣਾ ਜੀਵਨ ਢਾਲਣਾ ਹੈ, ਧੋਖਾ ਨਹੀਂ ਦੇਣਾ ਸਾਧਸੰਗਤ ਜੀ ਆਪਣੇ ਆਪ ਨੂੰ, ਟਪਲਾ ਨਹੀਂ ਖਾਣਾ ਜਦੋਂ ਟਪਲਾ ਖਾਵਾਂਗੇ ਅਸੀਂ ਰਸਤੇ 'ਚੋਂ ਖੁੰਝ ਜਾਵਾਂਗੇ। ਉਹ ਟਪਲੇ ਜਿਹੜੇ ਕਿਤਾਬਾਂ ਲਿਖਦੇ ਨੇ ਇਹ ਖਿਲਾਉਂਦੇ ਨੇ। ਜੇ ਇਹ ਗੱਲਾਂ ਲਿਖਣੀਆਂ ਹੁੰਦੀਆਂ ਤਾਂ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆ ਜਾਂਦੀਆਂ। ਮਹਾਰਾਜ ਹੀ ਇਸ ਭੇਖ ਨੂੰ ਬਹੁਤ ਵੱਡਾ ਦਸ ਦਿੰਦੇ। ਜੇ ਕਹੋ ਰਹਿਤ ਬਹਿਤ, ਪੰਜ ਪਿਆਰੇ ਰਹਿਤ ਬੜੀ simple ਦਸਦੇ ਨੇ, natural ਰਹਿਤ ਹੈ ਉਹ, ਕਿ ਕੇਸ ਪ੍ਰਮੇਸ਼ਰ ਨੇ ਦਿੱਤੇ ਨੇ ਇਨ੍ਹਾਂ ਨੂੰ ਅਨ-ਕੱਟ ਰੱਖੋ, ਇਹ ਕੋਈ ਭੇਖ ਤਾਂ ਹੈ ਨਹੀਂ, ਜਿਹੋ ਜਿਹਾ ਬੰਦਾ ਪੈਦਾ ਹੋਇਆ, ਮਾਂ ਦੇ ਪੇਟ 'ਚੋਂ, ਓਹੋ ਜਿਹਾ ਹੀ ਉਹ ਜੀਵਨ ਬਤੀਤ ਕਰ ਰਿਹਾ ਹੈ, ਕੱਟ ਕੇ ਹੋਰ ਤਰ੍ਹਾਂ ਦਾ ਰੂਪ ਬਣਾਉਣਾ ਭੇਖ ਕਹਾ ਸਕਦਾ ਹੈ। ਇਹ natural way of life ਹੈ, ਉਹਦੀ ਸਫਾਈ ਵਾਸਤੇ ਕੰਘੇ ਦੀ ਲੋੜ ਹੈ। ਜੇ ਦੂਸਰੇ ਦਾ ਕੰਘਾ ਬਾਰ-ਬਾਰ ਚੁੱਕ ਕੇ ਪਾਓ ਤਾਂ ਸਿਰ ਦੇ ਅੰਦਰ ਵੀਹ ਬਿਮਾਰੀਆਂ ਪੈਦਾ ਹੋ ਜਾਂਦੀਆਂ ਨੇ, ਐਲਰਜੀ ਹੋ ਜਾਂਦੀ ਹੈ। ਪੜਦਾ ਰਖਣ ਵਾਸਤੇ ਕਛਹਿਰੇ ਦੀ ਲੋੜ ਹੈ, ਛੋਟਾ ਹੋ ਕੱਪੜਾ ਤਾਂ ਪੜਦਾ ਨਹੀਂ ਰਹਿੰਦਾ, ਬਾਹਰ ਬੈਠ ਨਹੀਂ ਸਕਦੇ, ਸਭਿਅਤ ਸੁਸਾਇਟੀ ਨਹੀਂ ਕਹਾਉਂਦੀ। ਇਸੇ ਤਰ੍ਹਾਂ ਬਾਕੀ ਰਹਿਤਾਂ ਨੇ। ਇਹ ਭੇਖ ਨਹੀਂ ਹੈ। ਲੇਕਿਨ ਇਨ੍ਹਾਂ ਨੂੰ ਧਰਮ ਦੇ ਨਾਲ ਰਲਾ ਲੈਣਾ ਇਹ ਭੁੱਲ ਹੋ ਜਾਇਆ ਕਰਦੀ ਹੈ ਇਹ ਤਾਂ ਸਵਲਡ disipline ਹੈ ਆਦਮੀ ਦਾ, ਜਿਹਦੇ ਨਾਲ ਇੱਕ ਕਸਮ ਖਾਧੀ ਤੇ ਉਸ ਵਾਇਦੇ ਨੂੰ ਆਖਰੀ ਦਮ ਤੱਕ ਪੂਰਾ ਕਰ ਦੇਣਾ ਹੈ। ਸੋ ਜਿਹੜੀ ਅਸਲੀ ਰਹਿਤ ਗੁਰੂ ਮਹਾਰਾਜ ਨੇ ਦੱਸੀ ਹੈ, ਜਿਹਨੂੰ ਅਸੀਂ ਦਿਨ ਰਾਤ ਨਮਸ਼ਕਾਰਾਂ ਕਰਦੇ ਹਾਂ, ਚੌਰ ਕਰਦੇ ਹਾਂ, ਜਿਨ੍ਹਾਂ ਦੇ ਅੱਗੇ ਖੜ੍ਹ ਕੇ ਅਰਦਾਸ ਕਰਦੇ ਹਾਂ, ਉਨ੍ਹਾਂ ਦੀ ਰਹਿਤ ਸੁਣ, ਕਹਿੰਦੇ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***

***ਅੰਗ – ੩੦੫***

ਅੰਮ੍ਰਿਤ ਵੇਲੇ ਜਾਗੇ, ਜਦੋਂ ਸਾਰਾ ਸੰਸਾਰ ਸੁੱਤਾ ਪਿਆ ਹੁੰਦਾ ਹੈ, ਘਰਾੜੇ ਮਾਰਦਾ ਉਸ ਵੇਲੇ ਜਾਗੇ, ਫੇਰ ਕਰੇ ਕੀ, ਉਠ ਕੇ ਪ੍ਰਮੇਸ਼ਰ ਦੇ ਨਾਮ ਵਿਚ ਬਿਰਤੀ ਲਾ ਕੇ ਧਿਆਨ ਜੋੜੇ ਉਹਦੇ ਵਿਚ।

***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***

***ਅੰਗ – ੩੦੫***

ਫੇਰ ਇਹ ਨਹੀਂ ਕਿ ਰਜਾਈ ਵਿਚ ਹੀ ਬੈਠਾ ਰਹੇ, ਕਹਿੰਦੇ ਉਦਮ ਕਰਕੇ ਰਜਾਈ ਛੱਡੇ, ਇਸ਼ਨਾਨ ਕਰੇ। ਗੁਰੂ ਗ੍ਰੰਥ ਸਾਹਿਬ 'ਚ ਆਉਂਦਾ ਹੈ ਕਿ ਇਸ਼ਨਾਨ ਦਾ ਸਰੀਰ ਦਾ ਕਰਕੇ ਕੋਈ ਵੱਡੀ ਬਾਤ ਨਹੀਂ ਤੁਸੀਂ ਕਰ ਰਹੇ। ਮਨ ਦਾ ਇਸ਼ਨਾਨ ਹੋਣਾ ਚਾਹੀਦਾ ਹੈ। ਬੁੱਧੀ ਦਾ ਇਸ਼ਨਾਨ ਹੋਣਾ ਚਾਹੀਦਾ ਹੈ, ਆਤਮਾ ਦਾ ਇਸ਼ਨਾਨ ਹੋਣਾ ਚਾਹੀਦਾ ਹੈ, ਐਸੇ ਬਾਣੀ ਵਿਚ ਬਹੁਤ ਸਾਰੇ ਬਚਨ ਆਉਂਦੇ ਨੇ। ਕਹਿੰਦੇ ਇਸ਼ਨਾਨ ਕਰੇ, ਉਸ ਵੇਲੇ ਸਰੀਰ ਦਾ ਇਸ਼ਨਾਨ ਪਾਣੀ ਨਾਲ ਹੁੰਦਾ ਹੈ, ਬਚਨ ਦਾ ਇਸ਼ਨਾਨ, ਜੀਭ ਦਾ ਇਸ਼ਨਾਨ, ਬਾਣੀ ਉਚਾਰ ਕੇ ਹੁੰਦਾ ਹੈ। ਮਨ ਦਾ ਇਸ਼ਨਾਨ ਬਾਣੀ ਵਿਚਾਰ ਕੇ ਹੁੰਦਾ ਹੈ। ਬੁੱਧੀ ਦਾ ਇਸ਼ਨਾਨ ਬਾਣੀ ਦੇ ਸਿਧਾਂਤ ਨੂੰ ਅੰਦਰ ਧਾਰਨ ਕਰਕੇ ਹੁੰਦਾ ਹੈ ਤੇ ਇਸ

ਤੋਂ ਉਪਰਲਾ ਹੋ ਜੀਵ-ਆਤਮਾ ਦਾ ਇਸ਼ਨਾਨ ਹੈ, ਉਹ ਚਿੰਤਨ ਨਾਲ ਹੁੰਦਾ ਹੈ, ਪ੍ਰਮੇਸ਼ਰ ਦੇ ਚਿੰਤਨ ਨਾਲ। ਕਹਿੰਦੇ -

***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***
***ਅੰਗ - ੩੦੫***

ਅੰਮ੍ਰਿਤ ਦਾ ਸਰੋਵਰ ਗੁਰੂ ਮਹਾਰਾਜ ਦੀ ਬਾਣੀ ਹੈ, ਬਾਰ-ਬਾਰ ਜ਼ਿਕਰ ਆਉਂਦਾ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕਿ ਸਤਿਗੁਰੂ ਦੀ ਬਾਣੀ ਅੰਮ੍ਰਿਤ ਹੈ, ਨਾਮ ਅੰਮ੍ਰਿਤ ਹੈ।

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮***

ਇਹ ਅੰਮ੍ਰਿਤ ਜਿਹੜਾ ਹੈ ਗੁਰੂ ਦੀ ਮੱਤ ਧਾਰਨ ਕਰਨ ਦੇ ਨਾਲ ਮਿਲਦਾ ਹੈ।

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥***
***ਅੰਗ - ੫੩੮***

ਇਹ ਜਦੋਂ ਗੁਰੂ ਦੀ ਬਾਣੀ ਦੀ ਵਿਚਾਰ ਕਰਕੇ ਅੰਮ੍ਰਿਤ ਦੀ ਪ੍ਰਾਪਤੀ ਨਾਮ ਦੇ ਰਾਹੀਂ ਹੋ ਜਾਏਗੀ, ਉਸ ਵੇਲੇ ਵਿਹੁ ਲਹਿ ਜਾਏਗੀ। ਸੋ ਇਹ ਅੰਮ੍ਰਿਤ ਦੇ ਇਸ਼ਨਾਨ ਕਰਨ ਦੀ ਰਹਿਤ ਮਹਾਰਾਜ ਨੇ ਰੋਜ਼ ਰੱਖੀ ਹੈ, ਜਿਹੜਾ ਇੱਥੇ ਤਕ ਪਹੁੰਚਿਆ ਨਹੀਨ ਹੈ, ਉਹਨੂੰ ਫਿਕਰ ਕਰਨਾ ਚਾਹੀਦਾ ਹੈ ਕਿ ਮੈਂ ਤਾਂ ਅਜੇ ਅਧੂਰੀ ਰਹਿਤ 'ਚ ਹਾਂ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ ॥ ਅੰਗ - ੬੪੪***

ਕਸਤੂਰੀ ਨਾਭੀ 'ਚ ਹੁੰਦੀ ਹੈ ਹਰਨ ਦੇ, ਲੇਕਿਨ ਉਹ ਝਾੜ ਸੁੰਘਦਾ ਫਿਰਦਾ ਹੈ, ਮਹਾਰਾਜ ਕਹਿੰਦੇ ਵਿਹੁ ਇਕੱਠੀ ਕਰਦਾ ਹੈ। ਅੰਮ੍ਰਿਤ ਨੂੰ ਛੱਡ ਦਿੰਦਾ ਹੈ। ਅੰਮ੍ਰਿਤ ਜਦੋਂ ਅੰਦਰ ਹੈ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਗ- ੬੦੦***

ਕਰਦੇ ਕੀ ਨੇ ਉਹ ਕੰਮ?

***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦***

ਜੇ ਅੰਮ੍ਰਿਤ ਦੇ ਕੁੰਡ ਦਾ ਪਤਾ ਹੋਵੇ ਕਿ ਮੇਰੇ ਅੰਦਰ ਅੰਮ੍ਰਿਤ ਦਾ ਕੁੰਡ ਹੈ ਫੇਰ ਤਾਂ ਇਹਦੀ ਰਾਖੀ ਕਰੇ ਇਹ, ਇਹਦੇ ਵਿਚ ਇਸ਼ਨਾਨ ਕਰੇ।

***ਸਚੁ ਤਾਂ ਪਰੁ ਜਾਣੀਐ***
***ਜਾ ਆਤਮ ਤੀਰਥਿ ਕਰੇ ਨਿਵਾਸੁ ॥***
***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥***
***ਅੰਗ - ੪੬੮***

ਸੋ ਇਹ ਦੂਸਰੀ ਰਹਿਤ ਹੋ ਗਈ। ਜਿਹੜਾ ਪੰਜ ਪਿਆਰਿਆਂ ਨੇ ਮੰਤਰ ਦਿੱਤਾ ਹੈ ਉਹਦਾ ਫਿਰ ਜਾਪ ਕਰੇ, ਉਹਦੇ ਨਾਲ ਕੀ ਹੁੰਦਾ ਹੈ -

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***
***ਅੰਗ - ੩੦੫***

ਸਾਰੇ ਪਾਪ ਲਹਿ ਜਾਣਗੇ। ਜਦੋਂ ਦਿਨ ਚੜ੍ਹ ਜਾਵੇ, ਬਿਰਤੀਆਂ ਖਿੰਡਣ ਲਗ ਜਾਣ, ਉਸ ਵੇਲੇ ਰਸ ਦੇ ਨਾਲ ਬਾਣੀ ਦਾ ਗਾਇਨ ਕਰੇ -

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***
***ਅੰਗ - ੩੦੫***

ਇੱਥੇ ਫਰਕ ਹੈ ਇੱਕ ਅੱਖਰ ਦਾ, ਜਪਣਾ ਨਹੀਂ ਮਹਾਰਾਜ ਨੇ ਕਿਹਾ, 'ਧਿਆਵੈ', ਧਿਆਵੈ ਹੁੰਦਾ ਹੈ ਧਿਆਨ ਲਾ ਕੇ, ਬਹਿੰਦਾ ਵੀ ਉਠਦਾ ਵੀ, ਕੰਮ ਕਰਦਾ ਵੀ, ਜਦੋਂ ਧਿਆਨ ਹੈ ਉਸ ਧਿਆਨ ਦੇ ਨਾਲ ਪ੍ਰਮੇਸ਼ਰ ਦਾ ਨਾਮ ਜਪੇ। ਕੰਮ ਵੀ ਕਰਨਾ ਹੈ ਤੇ ਰਸਨਾ ਦੇ ਨਾਲ ਜਪਣਾ ਹੈ।

***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੫***

ਇਹਦੇ ਵਿੱਚ ਆ ਗਿਆ ਕਿ ਸਵਾਸ ਤਾਂ ਚੌਵੀ ਘੰਟੇ ਚਲਦੇ ਨੇ ਤੇ ਜਦੋਂ ਅਸੀਂ ਖਾਂਦੇ ਪੀਂਦੇ ਹਾਂ ਉਸ ਵੇਲੇ 'ਗਿਰਾਸਿ' ਬਣ ਜਾਂਦਾ ਹੈ। ਬਈ ਖਾਂਦਾ-ਪੀਦਾ, ਸਾਹ ਲੈਂਦਾ ਪ੍ਰਮੇਸ਼ਰ ਦਾ ਨਾਮ ਜਪਦਾ ਹੈ। ਧਿਆਨ 'ਚ ਰੱਖੇ, ਧਿਆਵੈ। ਫੇਰ ਕੀ ਹੋਏਗਾ? ਜਿਹੜਾ ਇਹ ਰਹਿਤ ਰੱਖ ਲੈਂਦਾ ਹੈ, ਉਹ ਗੁਰੂ ਨੂੰ ਭਾਉਂਦਾ ਹੈ। ਹੁਣ ਤੁਸੀਂ ਦੇਖ ਲਓ ਕਿ ਕਰਮਕਾਂਡ ਦੀ ਰਹਿਤ ਹੈ ਕਿ ਇਹ ਰਹਿਤ ਅੰਦਰਲੀ ਹੈ। ਗੁਰੂ ਨੂੰ ਭਾਉਣ ਵਾਲੀ ਇਹ ਰਹਿਤ ਹੈ,-

***ਰਹਿਤ ਪਿਆਰੀ ਮੁਝ ਕਉ***
***ਸਿਖ ਪਿਆਰਾ ਨਾਹਿ।***
***ਰਹਿਣੀ ਰਹੈ ਸੋਈ ਸਿਖ ਮੇਰਾ।***
***ਓਹੁ ਠਾਕੁਰੁ ਮੈ ਉਸ ਕਤ ਚੇਰਾ।***

ਉਹ ਜਿਹੜੀ ਰਹਿਣੀ ਹੈ ਉਹ ਗੁਰਬਾਣੀ ਦੇ ਵਿੱਚ ਲਿਖੀ ਹੋਈ ਹੈ ਸਾਰੀ।

***ਨਿੰਦਾ ਭਲੀ ਕਿਸੈ ਕੀ ਨਾਹੀ***
***ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***
***ਅੰਗ - ੭੫੫***

ਜੇ ਨਿੰਦਿਆ ਕਰਦਾ ਹੈ ਉਤੋਂ ਰਹਿਤ ਰੱਖੀ ਹੋਈ ਹੈ ਫੇਰ ਤਾਂ ਗੁਰੂ ਨੂੰ ਭਾਉਂਦਾ ਨਹੀਂ ਹੈ। ਗੁਰੂ ਮਹਾਰਾਜ ਨੇ ਤਾਂ ਖੋਲ੍ਹ ਕੇ ਦੱਸ ਦਿੱਤਾ ਕਿ ਉਹ ਭਾਉਂਦਾ ਹੈ। ਜਦੋਂ ਖੁਸ਼ ਹੋ ਜਾਂਦਾ ਹੈ ਗੁਰੂ, ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਆਉਣੀ ਸ਼ੁਰੂ ਹੋ ਜਾਂਦੀ ਹੈ ਜਾਂ ਜਦੋਂ ਬਾਣੀ ਸੁਣਦਾ ਹੈ ਉਨ੍ਹਾਂ ਤੁਕਾਂ ਦੇ ਉਤੇ ਵਿਸ਼ਵਾਸ਼ ਬੱਝਣਾ ਸ਼ੁਰੂ ਹੋ ਜਾਂਦਾ ਹੈ। ਉਹ ਜਿੱਥੇ ਬ੍ਰਹਮ ਤੇ ਜੀਵ ਦੀ ਏਕਤਾ ਦੀ ਗੱਲ ਆਉਂਦੀ ਹੈ ਉਥੇ ਸੰਤ ਮਹਾਂਪੁਰਖ ਉਹਦੇ ਕੰਨ 'ਚ ਪਾ ਦਿੰਦੇ ਨੇ। ਦੱਸ ਦਿੰਦੇ ਨੇ, ਉਹ ਉਪਦੇਸ਼ ਸੁਣਾ ਦਿੰਦੇ

ਨੇ ਤੇ ਉਹ ਜੀਵ ਨੂੰ ਈਸ਼ਵਰ ਬਣਾ ਦਿੰਦੇ ਨੇ ਤੇ ਫੇਰ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
***ਅੰਗ – ੩੦੬***

ਕਹਿੰਦੇ ਜਿਹੜਾ ਆਪ ਨਾਮ ਜਪਦਾ ਹੈ ਤੇ ਦੂਜਿਆਂ ਨੂੰ ਜਪਾਉਂਦਾ ਹੈ, ਅਸੀਂ ਤਾਂ ਕਹਿੰਦੇ ਹਾਂ ਕਿ ਉਹਨੂੰ ਫਤਹਿ ਹੀ ਨਾ ਬੁਲਾਓ। ਆਕੜ ਕੇ ਖੜ੍ਹੇ ਰਹਾਂਗੇ। ਨਾਲ ਸਾਡੇ ਅੰਦਰ ਬੜਾ ਅਹੰਕਾਰ ਆ ਗਿਆ, ਕਿਸੇ ਦਾ ਆਦਰ ਸਤਿਕਾਰ ਅਸੀਂ ਜਾਣਦੇ ਹੀ ਨਹੀਂ, ਬੰਦਗੀ ਕਰਨ ਵਾਲੇ ਦਾ। ਆਪੇ ਹੀ ਪੂਰੇ ਹੋਏ ਹਾਂ। ਅਭਿਮਾਨ ਐਨਾ ਜ਼ਿਆਦਾ ਵਧ ਗਿਆ ਕਿ ਉਹਨੇ ਸਾਰੇ ਗਿਆਨ ਨੂੰ ਢੱਕ ਲਿਆ। ਗੁਰੂ ਸਾਹਿਬ ਕੀ ਕਹਿੰਦੇ ਨੇ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
***ਅੰਗ – ੩੦੬***

ਜਿਹੜਾ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ ਤੇ ਆਪ ਵੀ ਜਪਦਾ ਹੈ, ਕਹਿੰਦੇ ਅਸੀਂ ਤਾਂ ਉਹਦੇ ਚਰਨਾਂ ਦੀ ਧੂੜੀ ਦੀ ਅਰਦਾਸ ਕਰਦੇ ਹਾਂ ਕਿ ਸਾਨੂੰ ਉਹਦੇ ਚਰਨਾਂ ਦੀ ਧੂੜੀ ਮਿਲ ਜਾਵੇ।

*ਦਾਨੁ ਮਹਿੰਡਾ ਤਲੀ ਖਾਕੁ*
*ਜੇ ਮਿਲੈ ਤ ਮਸਤਕਿ ਲਾਈਐ ॥* ***ਅੰਗ – ੪੬੮***

ਪਰ ਮਿਲਦੀ ਉਨ੍ਹਾਂ ਨੂੰ ਹੈ –

*ਜੇ ਹੋਵੈ ਪੂਰਬਿ ਲਿਖਿਆ*
*ਤਾ ਧੂੜਿ ਤਿਨ੍ਾ ਦੀ ਪਾਈਐ ॥* ***ਅੰਗ– ੪੬੮***

ਜੇ ਸ਼ਰਧਾ ਹੋਵੇ ਤਾਂ ਐਸੇ ਸ਼ਰਧਾ ਬੰਦਗੀ ਕਰਨ ਵਾਲਿਆਂ ਦੀ ਧੂੜੀ ਵੀ ਪ੍ਰਾਪਤ ਹੋ ਜਾਂਦੀ ਹੈ, ਸੋ ਰਹਿਤ ਬਾਰੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਪਿਛਲ ਰਾਤੀ ਜਾਗਣਾ*
*ਨਾਮੁ ਦਾਨੁ ਇਸਨਾਨੁ ਦਿੜਾਏ।*

*ਮਿਠਾ ਬੋਲਣੁ ਨਿਵ ਚਲਣੁ*
*ਹਥਹੁ ਦੇਕੈ ਭਲਾ ਮਨਾਏ।*
*ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।*
*ਘਾਲਿ ਖਾਈ ਸੁਕ੍ਰਿਤੁ ਕਰੈ*
*ਵਡਾ ਹੋਇ ਨ ਆਪੁ ਗਣਾਏ।*
*ਸਾਧ ਸੰਗਤਿ ਮਿਲਿ ਗਾਵਦੇ*
*ਰਾਤਿ ਦਿਹੈ ਨਿਤ ਚਲਿ ਚਲਿ ਜਾਏ।*
*ਸਬਦ ਸੁਰਤਿ ਪਰਚਾ ਕਰੈ*
*ਸਤਿਗੁਰੁ ਪਰਚੈ ਮਨ ਪਰਚਾਏ।*
*ਆਸਾ ਵਿਚਿ ਨਿਰਾਸੁ ਵਲਾਏ॥*
***ਭਾਈ ਗੁਰਦਾਸ ਜੀ, ਵਾਰ ੨੮/੧੫***

ਪਿਛਲੀ ਰਾਤ ਜਾਗ ਕੇ ਕੀ ਕਰਨਾ ਹੈ – ਨਾਮ, ਦਾਨ, ਇਸ਼ਨਾਨ। ਤਿੰਨ ਚੀਜ਼ਾਂ ਦ੍ਰਿੜ੍ਹ ਕਰਨੀਆਂ ਨੇ। ਮਿੱਠਾ ਬੋਲਣਾ ਕਿੰਨਾ ਜ਼ਰੂਰੀ ਹੈ ਰਹਿਤ ਵਿੱਚ ਆ ਗਿਆ। ਨਿਵ ਕੇ ਚਲਣਾ ਕਿੰਨਾ ਜ਼ਰੂਰੀ ਹੈ, ਜੇ ਪਾੜ-ਪਾੜ ਕੇ, ਖੋਟੀਆਂ ਗੱਲਾਂ ਕਰੇ ਉਹ ਤਾਂ ਬਹੁਤ ਮਾੜਾ ਹੈ। ਖੋਟੀਆਂ ਗੱਲਾਂ, ਫਿੱਕੀਆਂ ਗੱਲਾਂ, ਨਿਵ ਕੇ ਚੱਲਣਾ, ਅੰਦਰੋਂ ਨਿਵਣਾ। ਪਾਖੰਡ ਨਹੀਂ ਕਰਨਾ ਕਿ ਐਵੇਂ ਹੱਥ ਬੰਨੀਂ ਜਾਣੇ ਤੇ ਅੰਦਰ ਖੋਟ ਹੈ ਬਾਹਰੋਂ ਹੱਥ ਬੰਨੀਂ ਜਾਣੇ। ਮਹਾਰਾਜ ਕਹਿੰਦੇ ਨਿਵਣਾ ਉਹ ਹੁੰਦਾ ਹੈ ਜਿਹੜਾ ਹਿਰਦੇ ਨਾਲ, ਨਿਮਰਤਾ ਰੱਖ ਕੇ ਆਪਣੇ ਆਪ ਨੂੰ ਸਾਰਿਆਂ ਤੋਂ ਛੋਟਾ ਸਮਝਣਾ। ਹੱਥੋਂ ਦਿੰਦਾ ਹੈ ਤੇ ਭਲਾ ਮਨਾਉਂਦਾ ਹੈ ਸਾਰੇ ਸੰਸਾਰ ਦਾ। ਹਿਰਦੇ ਨਾਲ ਕਹਿੰਦਾ ਹੈ ਕਿ –

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਹੇ ਵਾਹਿਗੁਰੂ –

*ਜਗਤੁ ਜਲੰਦਾ ਰਖਿ ਲੈ*
*ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*
***ਅੰਗ – ੮੫੩***

ਸਿੱਖ ਦੀ ਅਰਦਾਸ ਹੈ, ਜਗਤ ਜਲ ਰਿਹਾ ਹੈ ਪਾਤਸ਼ਾਹ। ਜਿਵੇਂ ਲੰਘਾ ਸਕਦਾ ਹੈਂ ਤੂੰ ਲੰਘਾ ਲੈ। ਜਿਥੋਂ ਦੀ ਲੰਘ ਸਕਦਾ ਹੈ, ਜਿਹੜੇ ਧਰਮ ਨਾਲ, ਜਿਹੜੇ ਖਿਆਲ ਨਾਲ, ਚਾਹੇ ਕੁਰਾਨ ਸ਼ਰੀਫ ਪੜ੍ਹ ਕੇ ਲੰਘਦਾ ਹੈ, ਚਾਹੇ ਬਾਈਬਲ ਪੜ੍ਹ ਕੇ ਲੰਘਦਾ ਹੈ, ਚਾਹੇ ਵੇਦ ਪੜ੍ਹ ਕੇ ਲੰਘਦਾ ਹੈ, ਚਾਹੇ ਗਾਇਤ੍ਰੀ ਪੜ੍ਹਦਾ ਹੈ, ਚਾਹੇ ਨਮਾਜ਼ ਪੜ੍ਹਦਾ ਹੈ, ਚਾਹੇ ਬਾਣੀ ਪੜ੍ਹਦਾ ਹੈ, ਜਿਥੋਂ ਦੀ ਤੂੰ ਲੰਘਾਉਣਾ ਹੈ ਤੂੰ ਲੰਘਾ ਲੈ। ਕਿਉਂਕਿ ਜਗਤ ਜਲ ਰਿਹਾ ਹੈ। ਭਲਾ ਮਨਾਉਂਦਾ ਹੈ –

*ਅਲਪ ਆਹਾਰ ਸੁਲਪ ਸੀ ਨਿੰਦ੍ਰਾ*
*ਦਇਆ ਛਿਮਾ ਤਨੁ ਪ੍ਰੀਤਿ।*

ਥੋੜ੍ਹਾ ਖਾਣਾ, ਥੋੜ੍ਹਾ ਸੌਣਾ, ਥੋੜ੍ਹਾ ਬੋਲਣਾ ਜਦੋਂ ਇਹ ਤਿੰਨ ਰਹਿਤਾਂ ਹੋ ਜਾਣਗੀਆਂ ਫੇਰ ਗੁਰੂ ਦੀ ਮੱਤ ਪ੍ਰਾਪਤ ਹੋ ਜਾਂਦੀ ਹੈ।ਸੋਹਣੀ ਕਿਰਤ ਕਰੇ, ਮਿਹਨਤ ਕਰੇ ਜੀਅ ਭਰ ਕੇ; ਇਹ ਨਹੀਂ ਕਿ ਨਿਕੰਮਾ ਹੋ ਕੇ ਬਹਿ ਜਾਵੇ। ਨਿਕੰਮਿਆ ਦਾ ਥਾਂ ਰੱਬ ਦੇ ਘਰ ਵਿੱਚ ਨਹੀਂ, ਕਿਉਂਕਿ ਰੱਬ ਦਿਨ ਰਾਤ ਕੰਮ ਕਰ ਰਿਹਾ ਹੈ। ਉਸਾਰੀ ਕਰ ਰਿਹਾ ਹੈ, ਉਹਦੇ ਨਾਲ ਜਿਹੜਾ ਰਲ ਕੇ ਕੰਮ ਕਰਦਾ ਹੈ ਉਹ ਉਹਨੂੰ ਭਾਉਂਦਾ ਹੈ। ਉਹ ਹੈ ਧਰਮ ਦੀ ਕਿਰਤ ਕਰੇ, ਸੋਹਣੀ ਕਿਰਤ ਕਰੇ। ਜੇ ਵਾਹਿਗੁਰੂ ਨੇ ਬਖਸ਼ ਦਿੱਤਾ ਫੇਰ ਅਹੰਕਾਰ 'ਚ ਆ ਕੇ ਦੂਜਿਆਂ ਨੂੰ ਛੋਟੇ ਨਾ ਛੋਟੇ ਨਾ ਕਹੇ, ਗਣਾਉਂਦਾ ਨਾ ਫਿਰੇ ਆਪਣੀਆਂ ਗੱਲਾਂ। ਸੰਗਤ 'ਚ ਆ ਕੇ ਗਾਵੇ, ਦੂਰ ਹੈ ਚਾਹੇ ਨੇੜੇ ਹੈ, ਨੀਂਦ ਨੂੰ ਤਿਆਗ ਕੇ, ਉਥੇ ਜਾ ਕੇ ਹਰੀ ਦਾ ਜਸ ਸਰਵਣ ਕਰੇ। ਹੁਣ ਮਨ ਨੂੰ ਕਾਹਦੇ ਨਾਲ ਜੋੜੇ? ਪੈਸੇ ਨਾਲ ਜੋੜਨਾ ਸ਼ੁਰੂ ਕਰੇ ਕਿ ਕਿਸੇ ਦੀ ਨਿੰਦਿਆ ਚੁਗਲੀ ਈਰਖਾ ਨਾਲ ਜੋੜਨਾ ਕਰੇ? ਮਹਾਰਾਜ ਕਹਿੰਦੇ, ਜਿਹੜਾ ਤੇਰੇ ਅੰਦਰ ਦਿਨ ਰਾਤ ਸ਼ਬਦ ਵੱਜ ਰਿਹਾ ਹੈ, ਉਹਦੇ ਨਾਲ ਤੂੰ ਆਪਣੀ ਸੁਰਤ ਨੂੰ ਜੋੜਨ ਦਾ ਪਰਚਾ ਕਰ। ਸਤਿਗੁਰੂ ਨਾਲ ਪਿਆਰ ਦਾ ਪਰਚਾ ਪਾ ਤੇ ਉਹਦੇ ਵਿੱਚ ਆਪਣੇ ਮਨ ਨੂੰ ਪਰਚਾ। ਆਸਾ 'ਚ ਕੋਈ ਚੀਜ਼ ਦੀ ਮੰਗ ਨਹੀਂ ਕਰਨੀ, ਸੰਗਤ 'ਚ ਅਸੀਂ ਆਉਂਦੇ ਹਾਂ, ਕੋਈ ਜਾ ਕੇ ਦੁੱਧ ਮੰਗਦਾ ਹੈ, ਕੋਈ ਪੁੱਤ ਮੰਗਦਾ ਹੈ, ਕੋਈ

ਧਨ ਮੰਗਦਾ ਹੈ, ਕੋਈ ਸਿਹਤ ਮੰਗਦਾ ਹੈ। ਜਦੋਂ ਮਾਈਦਾਸ ਜੀ ਨੇ ਐਸੇ ਸਿਧਾਂਤ ਸੁਣੇ ਤਾਂ ਉਸ ਵੇਲੇ ਆਪ ਦਾ ਮਨ ਬਾਣੀ ਸੁਣਨ ਦਾ ਹੋਇਆ ਕਿ ਬਾਣੀ ਗੁਰੂ ਦੀ ਵਿਚਾਰ ਕੇ ਦੇਖੀਏ ਤਾਂ ਕਹਿਣ ਲੱਗਿਆ ਗੁਰਸਿੱਖਾ! ਇਹ ਜਿਹੜੇ ਗੁਰੂ ਦੀ ਤੂੰ ਗੱਲ ਕਰਦਾ ਹੈਂ ਗੁਰੂ ਅਮਰਦਾਸ ਮਹਾਰਾਜ ਦੀ ਉਨ੍ਹਾਂ ਦੇ ਕੋਈ ਸ਼ਬਦ ਵੀ ਨੇ, ਬਾਣੀ ਵੀ ਹੈ? ਕੀ ਸਿਧਾਂਤ ਹੈ ਉਨ੍ਹਾਂ ਦਾ, ਕਿਉਂਕਿ ਮੈਨੂੰ ਕੁਛ ਗੱਲਾਂ ਤੇਰੀਆਂ ਅੱਛੀਆਂ ਲੱਗੀਆਂ ਨੇ। ਇਹ ਰਹਿਤਾਂ ਬਹਿਤਾਂ ਮੈਨੂੰ ਕੁਛ ਮੈਨੂੰ ਅਪੀਲ ਕਰਦੀਆਂ ਨੇ ਕਿ ਹਾਂ ਇਨ੍ਹਾਂ ਦੇ ਨਾਲ ਆਦਮੀ ਲੰਘ ਸਕਦਾ ਹੈ। ਉਹ ਕਹਿਣ ਲੱਗੇ, ਮਾਈਦਾਸ ਜੀ! ਸਾਰਿਆਂ ਤੋਂ ਸ੍ਰੇਸ਼ਟ ਚੀਜ਼ ਨਾਮ ਦੀ ਪ੍ਰਾਪਤੀ ਹੈ। ਨਾਮ ਜਿਹੜਾ ਹੈ ਉਹ ਆਦਮੀ ਦੇ ਅੰਦਰ ਪ੍ਰਮੇਸ਼ਰ ਨੇ -

***ਹਰਿ ਅਉਖਧੁ ਸਭ ਘਟ ਹੈ ਭਾਈ ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥***
***ਅੰਗ - ੨੫੯***

ਹੈ ਸਾਰਿਆਂ ਦੇ ਅੰਦਰ ਨਾਮ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ - ੨੯੩***

ਜੋ ਗੁਰੂ ਨਾਨਕ ਪਾਤਸ਼ਾਹ ਦਾ ਸਿਧਾਂਤ ਹੈ, ਉਹ ਨਾਮ ਯੋਗ ਹੈ, ਨਾਮ ਸਿਧਾਂਤ ਹੈ। ਸਬਦਿ ਸੁਰਤਿ ਦੀ ਮਦਦ ਦੇ ਨਾਲ ਨਾਮ ਯੋਗ ਦੇ ਵਿੱਚ ਪਰਚਾ ਕਰਨਾ। ਸੋ ਨਾਮ ਦੀ ਪ੍ਰਾਪਤੀ ਜਿਹੜੀ ਹੈ, ਉਹ ਨਾਮ ਕਿਤੋਂ ਬਾਹਰੋਂ ਨਹੀਂ ਪ੍ਰਾਪਤ ਹੁੰਦਾ। ਹੁੰਦਾ ਅੰਦਰ ਹੈ ਲੇਕਿਨ ਪੂਰੇ ਗੁਰੂ ਤੋਨ ਬਗੈਰ ਨਹੀਂ ਮਿਲਿਆ ਕਰਦਾ। ਆਪਣੇ ਆਪ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਬਹੁਤ ਦੁਨੀਆਂ ਖੋਜਦੀ ਫਿਰਦੀ ਹੈ ਕਿਸੇ ਨੂੰ ਨਹੀਂ ਮਿਲਦਾ -

***ਬਿਨੁ ਸਤਿਗੁਰ ਨਾਉ ਨ ਪਾਈਐ***
***ਬੁਝਹੁ ਕਰਿ ਵੀਚਾਰੁ ॥ ਅੰਗ - ੬੪੯***

ਕਿ ਗੁਰੂ ਤੋਂ ਬਗੈਰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਜਿੰਨਾ ਚਿਰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਓਨਾਂ ਚਿਰ ਮੁਕਤੀ ਨਹੀਂ ਹੁੰਦੀ ਹੈ। ਸੋ ਪੂਰੇ ਗੁਰੂ ਕੋਲ ਨਾਮ ਹੋਇਆ ਕਰਦਾ ਹੈ। ਇਹ ਮਿਲਿਆ ਨਹੀਂ ਕਰਦਾ ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਬਿਨਾਂ ਗੁਰਾਂ ਤੋਂ***
***ਨਾਮ ਨਹੀਂਓਂ ਮਿਲਦਾ,***
***ਸਿਧ ਸਾਧਕ ਫਿਰਦੇ ਖੋਜਦੇ।***

ਨਾਮ ਕਿਤੋਂ ਬਾਹਰੋਂ ਪ੍ਰਾਪਤ ਨਹੀਂ ਹੋਣਾ, ਨਾਮ ਅੰਦਰੋਂ ਪ੍ਰਾਪਤ ਹੋਣਾ ਹੈ। ਲੇਕਿਨ ਇਹਦੀ ਵਿਧੀ ਸਤਿਗੁਰੂ ਤੋਂ ਬਗੈਰ ਹੋਰ ਕੋਈ ਜਾਣਦਾ ਨਹੀਂ ਹੈ -

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - ੯੧੮***

ਦੇਵਤੇ ਖੋਜ ਰਹੇ ਨੇ, ਵੱਡੇ-ਵੱਡੇ ਸਿਆਣੇ ਸਿਧ ਸਾਧਕ ਇਸਦੀ ਖੋਜ ਕਰ ਰਹੇ, ਲੇਕਿਨ ਇਹ ਪ੍ਰਾਪਤ ਨਹੀਂ ਹੁੰਦਾ। ਅੰਮ੍ਰਿਤ ਕਹਿ ਲਓ, ਨਾਮ ਕਹਿ ਲਓ। ਇਸੇ ਨੂੰ ਅੰਮ੍ਰਿਤ ਨਾਮ ਆਖਿਆ ਹੈ। ਦੇਹੀ ਦੇ ਵਿੱਚ ਇਹਦਾ ਵਾਸਾ ਹੈ। ਇਹ ਮਿਲਦਾ ਨਹੀਂ ਹੈ। ਜੇ ਪੂਰਾ ਗੁਰੂ ਮਿਲ ਜਾਵੇ ਤਾਂ ਸਤਿਗੁਰੂ ਦੀ ਸੇਵਾ ਕਰਕੇ ਸਭ ਤੋਂ ਵੱਡੀ ਵਡਿਆਈ ਕਿਹੜੀ ਪ੍ਰਾਪਤ ਹੁੰਦੀ ਹੈ। ਕਹਿੰਦੇ -

***ਸਤਿਗੁਰੁ ਸੇਵਿਐ ਵਡੀ ਵਡਿਆਈ ॥***
***ਹਰਿ ਜੀ ਅਚਿੰਤੁ ਵਸੈ ਮਨਿ ਆਈ ॥***
***ਅੰਗ - ੧੧੪***

ਵਾਹਿਗੁਰੂ ਜੀ ਅਚਾਨਕ ਹੀ ਆ ਕੇ ਮਨ ਵਿੱਚ ਵਸ ਜਾਇਆ ਕਰਦੇ ਨੇ।

***ਹਰਿ ਜੀਉ ਸਫਲਿਓ ਬਿਰਖੁ ਹੈ***
***ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ॥***
***ਅੰਗ - ੧੧੪***

ਜਿਹਵਾ ਵਾਹਿਗੁਰੂ ਹੈ, ਉਹ ਫਲ ਵਾਲਾ ਬ੍ਰਿਖ ਹੈ, ਉਹਨੂੰ ਫਲ ਕਿਹੜਾ ਲਗਦਾ ਹੈ, ਨਾਮ ਦਾ ਤੇ ਜਦੋਂ ਪੀਤਾ ਜਾਂਦਾ ਹੈ, ਉਸ ਵੇਲੇ ਸਾਰੀ ਤ੍ਰਿਸ਼ਨਾ ਦੀ ਪਿਆਸ ਲੱਗੀ ਹੋਈ ਹੈ ਉਹ ਲਹਿ ਜਾਂਦੀ ਹੈ।

***ਹਉ ਵਾਰੀ ਜੀਉ ਵਾਰੀ***
***ਸਚੁ ਸੰਗਤਿ ਮੇਲਿ ਮਿਲਾਵਣਿਆ ॥***
***ਹਰਿ ਸਤਸੰਗਤਿ ਆਪੇ ਮੇਲੈ***
***ਗੁਰ ਸਬਦੀ ਹਰਿ ਗੁਣ ਗਾਵਣਿਆ ॥***
***ਅੰਗ - ੧੧੪***

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਦਾ ਸ਼ਬਦ ਹੈ ਇਹ, ਕਹਿੰਦੇ ਜਿਹੜੀ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ ਇਹ ਵਾਹਿਗੁਰੂ ਆਪਣੀ ਕ੍ਰਿਪਾ ਦੇ ਨਾਲ ਆਪ ਮੇਲਦਾ ਹੈ। ਉਥੇ ਫੇਰ ਕੀ ਹੁੰਦਾ ਹੈ ਗੁਰੂ ਦੀ ਬਾਣੀ ਦੇ ਰਾਹੀਂ ਹਰੀ ਦੇ ਗੁਣ ਗਾਏ ਜਾਂਦੇ ਨੇ।

***ਸਤਿਗੁਰੁ ਸੇਵੀ ਸਬਦਿ ਸੁਹਾਇਆ ॥***
***ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥***
***ਅੰਗ - ੧੧੪-੧੧੫***

ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਉਹ ਸੁਹਾਵਣਾ ਸ਼ਬਦ ਮਨ ਵਿੱਚ ਵਸ ਜਾਇਆ ਕਰਦਾ ਹੈ।

***ਹਰਿ ਨਿਰਮਲੁ ਹਉਮੈ ਮੈਲੁ ਗਵਾਏ***
***ਦਰਿ ਸਚੈ ਸੋਭਾ ਪਾਵਣਿਆ ॥ ਅੰਗ - ੧੧੫***

ਨਾਮ ਜਿਹੜਾ ਹੈ ਉਹ ਨਿਰਮਲ ਹੈ, ਜਦੋਂ ਹਿਰਦੇ 'ਚ ਵਸ ਜਾਂਦਾ ਹੈ ਉਸ ਵੇਲੇ ਹਉਮੈ ਦੀ ਮੈਲ ਨੂੰ ਦੂਰ ਕਰ ਦਿਆ ਕਰਦਾ ਹੈ। ਜਦੋਂ ਮੈਲ ਦੂਰ ਹੋ ਗਈ, ਵਾਹਿਗੁਰੂ ਦੀ ਦਰਗਾਹ ਦੇ ਵਿੱਚ ਉਹਨੂੰ ਫੇਰ ਸੋਭਾ ਪ੍ਰਾਪਤ ਹੁੰਦੀ ਹੈ।

***ਬਿਨੁ ਗੁਰ ਨਾਮੁ ਨ ਪਾਇਆ ਜਾਇ ॥***
***ਅੰਗ - ੧੧੫***

ਇੱਥੇ ਫੁਰਮਾਨ ਕਰਦੇ ਨੇ ਕਿ ਐਸਾ ਜੋ ਨਾਮ ਹੈ ਇਹ ਬਗੈਰ ਗੁਰੂ ਤੋਂ ਨਹੀਂ ਮਿਲਦਾ -

***ਸਿਧ ਸਾਧਿਕ ਰਹੇ ਬਿਲਲਾਇ ॥ ਅੰਗ - ੧੧੫***

ਕਹਿੰਦੇ ਬਿਰਲਾਪ ਕਰ ਰਹੇ ਨੇ, ਖਪ ਰਹੇ ਨੇ, ਪ੍ਰਾਪਤ ਨਹੀਂ ਹੋ ਰਹੇ ਨੇ। ਪ੍ਰਾਪਤ ਨਹੀਂ ਹੋ ਰਹੇ। ਆਪਣੇ ਆਪ ਕੋਸ਼ਿਸ਼ਾਂ ਕਰ ਰਹੇ ਨੇ –

***ਬਿਨੁ ਗੁਰ ਸੇਵੇ ਸੁਖੁ ਨ ਹੋਵੀ***
***ਪੂਰੈ ਭਾਗਿ ਗੁਰੁ ਪਾਵਣਿਆ ॥ ਅੰਗ – ੧੧੫***

ਬਿਨਾਂ ਗੁਰੂ ਦੀ ਸੇਵਾ ਕਰਨ 'ਤੇ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਪੂਰੇ ਭਾਗ ਹੋਣ ਤਾਂ ਇਨ੍ਹਾਂ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ–

***ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥***
***ਅੰਗ – ੧੧੫***

ਪਹਿਲੇ ਜ਼ਮਾਨਿਆਂ 'ਚ ਆਰਸੀਆਂ ਹੁੰਦੀਆਂ ਸੀ। ਸ਼ੀਸ਼ਾ ਨਹੀਂ ਸੀ ਹੋਇਆ ਕਰਦਾ। ਉਹ ਇਹ ਹੋਇਆ ਕਰਦਾ ਸੀ ਲੋਹੇ ਨੂੰ ਐਨਾ ਮਾਂਜਦੇ ਸੀ, ਐਨਾ ਮਾਂਜਦੇ ਸੀ ਕਿ ਉਹਦੇ ਵਿਚੀਂ ਮੂੰਹ ਦਿਸਣ ਲਗ ਜਾਇਆ ਕਰਦਾ ਸੀ। ਪਰ ਉਹਦੇ 'ਚ ਇੱਕ ਨੁਕਸ ਸੀ, ਜਦੋਂ ਗਿੱਲਾ ਹੋ ਜਾਂਦਾ ਸੀ, ਸਲਾਭਾਂ ਹੋ ਜਾਣਾ ਤਾਂ ਉਹਦੇ ਉਤੇ ਜੰਗਾਲ ਆ ਜਾਂਦਾ ਸੀ। ਜਦੋਂ ਜੰਗਾਲ ਆ ਜਾਂਦਾ ਸੀ ਉਸ ਵੇਲੇ ਮੂੰਹ ਦਿਸਣ ਤੋਂ ਰਹਿ ਜਾਂਦਾ ਸੀ। ਸੋ ਮਹਾਰਾਜ ਕਹਿੰਦੇ ਇਹ ਜਿਹੜਾ ਮਨ ਹੈ ਨਾ ਸਾਡੇ ਅੰਦਰ। ਇਹ ਆਰਸੀ ਹੈ, ਇਸੇ ਕਰਕੇ ਮਹਾਂਪੁਰਸ਼ ਕਹਿੰਦੇ ਸੀ ਤੂੰ ਮਨ ਨੂੰ ਪਵਿੱਤਰ ਕਰ। ਮਨ ਨੂੰ ਪਵਿੱਤਰ ਕਰਨ ਨਾਲ ਕੀ ਹੋਏਗਾ ਕਹਿੰਦੇ ਸ਼ੀਸਾ ਹੈ ਇਹ ਇਹਦੇ ਵਿੱਚ ਪ੍ਰਮੇਸ਼ਰ ਦੀ ਝਲਕ ਪੈਣੀ ਹੈ। ਜਿੰਨਾਂ ਚਿਰ ਮਨ ਮੈਲਾ ਹੈ ਓਨਾਂ ਚਿਰ ਪ੍ਰਮੇਸ਼ਰ ਨਹੀਂ ਦਿਸਣਾ। ਗੁਰੂ ਮਹਾਰਾਜ ਕਹਿੰਦੇ 'ਕੋਈ' ਪੁਰਸ਼ ਹੈ, ਜਿਹੜਾ ਇਸ ਆਰਸੀ ਨੂੰ ਮਲ–ਮਲ ਕੇ, ਰਗੜ–ਰਗੜ ਕੇ ਆਪਣਾ ਚਿਹਰਾ ਦੇਖ ਸਕਦਾ ਹੈ।

***ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥***
***ਅੰਗ – ੧੧੫***

ਇੱਥੇ ਮਹਾਰਾਜ ਨੇ ਇਲਾਜ ਦਸ ਦਿੱਤਾ। ਕਹਿੰਦੇ ਜੇ ਹਉਮੈ ਨੂੰ ਸੁਕਾ ਲਵੇ। ego, ਹੰਗਤਾ ਤੇ ਮਮਤਾ ਨੂੰ ਮਾਰ ਲਵੇ, ਤਾਂ ਰਾਗ ਤੇ ਦਵੈਸ਼ ਨਹੀਂ ਇਹਦੇ ਉੱਤੇ ਲਗਦੀ। ਮੋਰਚਾ ਜੰਗਾਲ ਨੂੰ ਕਹਿੰਦੇ ਨੇ। ਹੰਗਤਾ ਤੇ ਮਮਤਾ ਦਾ ਜਿਹੜਾ ਜੰਗਾਲ ਲੱਗਿਆ ਹੋਇਆ ਹੈ ਸਾਡੇ ਉੱਤੇ ਇਹੀ ਨਹੀਨ ਰੱਬ ਨੂੰ ਦਿੱਸਣ ਦਿੰਦਾ। ਰੱਬ ਤਾਂ ਕਿਤੇ ਦੂਰ ਨਹੀਂ ਹੈ ਮਹਾਰਾਜ ਬਹੁਤ ਫੁਰਮਾਨ ਕਰਦੇ ਨੇ ਇਸ ਸ਼ਬਦ ਵਿੱਚ, ਧਿਆਨ ਨਾਲ ਸ੍ਰਵਣ ਕਰਿਓ। ਕੋਈ–ਕੋਈ ਪ੍ਰੇਮੀ ਹੈ ਜਿਹੜਾ ਮਨ ਨੂੰ ਆਰਸੀ ਬਣਾ ਲੈਂਦਾ ਹੈ ਕਿਉਂਕਿ ਇਹਦੇ 'ਚ ਪਰਛਾਵਾਂ ਪੈਣਾ ਹੈ ਵਾਹਿਗੁਰੂ ਦਾ। ਵਾਹਿਗੁਰੂ ਨੇ ਸਾਮ੍ਹਣੇ ਖੜ੍ਹ ਕੇ ਨਹੀਂ ਮਿਲਣਾ। ਵਾਹਿਗੁਰੂ ਤਾਂ ਅੰਦਰ ਹੈ ਮਹਾਰਾਜ ਕਹਿੰਦੇ ਬਾਹਰ ਢੂੰਡਦੇ ਸੀ ਇਹ, ਕਹਿੰਦੇ ਅਸੀਂ ਛੱਡ ਦਿੱਤਾ ਬਾਹਰ ਢੂੰਡਣਾ। ਕਿਉਂਕਿ ਸਾਨੂੰ ਘਰ ਵਿੱਚ ਹੀ ਦਿਖਾ ਦਿੱਤਾ ਕਿ ਅੰਦਰ ਹੀ ਹੈ।

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥ ਅੰਗ – ੨੯੩***

ਉਹ ਅੰਦਰਲਾ ਵਾਹਿਗੁਰੂ ਤਾਂ ਦਿਸਦਾ ਹੈ ਜੇ ਮਨ ਦਾ ਸ਼ੀਸ਼ਾ ਪਵਿੱਤਰ ਹੋ ਜਾਵੇ, ਜਦੋਂ ਮਨ ਪਵਿੱਤਰ ਹੋ ਜਾਂਦਾ ਹੈ, ਫੇਰ ਮੈਂ ਤੇ ਤੂੰ ਦਾ ਭੇਤ ਮਿਟ ਜਾਂਦਾ ਹੈ। ਦੋਵੇਂ ਖਤਮ ਹੋ ਜਾਂਦੇ ਨੇ, ਨਾ ਪਤਾ ਲਗਦਾ ਹੈ ਤੂੰ ਹੈਂ, ਮੈਂ ਤੂੰ ਲਗਦਾ ਹੈ, ਤੂੰ ਮੈਂ ਲਗਦਾ ਹੈ।

***ਕਬੀਰ ਮਨੁ ਨਿਰਮਲੁ ਭਇਆ***
***ਜੈਸਾ ਗੰਗਾ ਨੀਰੁ ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥***
***ਅੰਗ – ੧੩੬੭***

ਜਦੋਂ ਮਨ ਬਿਲਕੁਲ ਨਿਰਮਲ ਹੋ ਗਿਆ, ਗੰਗਾ ਦੇ ਪਾਣੀ ਵਰਗਾ ਪਵਿੱਤਰ ਹੋ ਗਿਆ। ਗੰਗਾ ਦੇ ਵਿੱਚ ਝਾਕ ਕੇ ਦੇਖੋ ਪਾਣੀ ਦੇ ਵਿੱਚ ਆਪਣਾ ਪਰਛਾਵਾਂ ਪੂਰਾ ਨਜ਼ਰ ਆਉਂਦਾ ਹੈ, ਕਿਉਂਕਿ ਪਵਿੱਤਰ ਜਲ ਹੈ। ਕਹਿੰਦੇ, ਜਦੋਂ ਇਹ ਇਸ ਤਰ੍ਹਾਂ ਨਾਲ ਪਵਿੱਤਰ ਹੋ ਗਿਆ। ਫੇਰ ਕੀ ਹੋਇਆ –

***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥***
***ਅੰਗ – ੧੩੬੭***

ਕਹਿੰਦੇ ਵਾਹਿਗੁਰੂ ਪਿੱਛੇ ਲਗ ਗਿਆ ਤੇ ਅੱਗੇ ਮੈਂ ਕਰਦਾ ਸੀ ਰਾਮ–ਰਾਮ ਤੇ ਹੁਣ ਉਹ ਕਬੀਰ–ਕਬੀਰ ਕਹਿੰਦਾ ਹੈ।

***ਰਾਮ ਕਬੀਰਾ ਏਕ ਭਏ ਹੈ***
***ਕੋਇ ਨ ਸਕੈ ਪਛਾਨੀ ॥ ਅੰਗ – ੯੬੯***

ਜਦੋਂ ਮੈਂ ਝਾਕਿਆ ਹਿਰਦੇ ਦੇ ਅੰਦਰ ਤਾਂ ਮੈਨੂੰ ਪਤਾ ਲੱਗਿਆ ਕਿ ਮੈਂ ਤੇ ਰੱਬ ਤਾਂ ਇੱਕੋ ਹੀ ਹਾਂ, ਦੋ ਨਹੀਂ ਹੈਗੇ, ਸੋ ਮਹਾਰਾਜ ਕਹਿੰਦੇ, ਜਦੋਂ ਇਹਦੇ ਅੰਦਰੋਂ ਹੰਗਤਾ ਤੇ ਮਮਤਾ ਮਰ ਜਾਂਦੀਆਂ ਨੇ, ਫੇਰ ਰਾਗ ਤੇ ਦਵੈਸ਼, ਰਾਗ ਕਹਿੰਦੇ ਨੇ ਕਿ ਕੁਛ ਲੋਕ ਆਪਣੇ ਲਗਣੇ, ਦਵੈਸ਼ ਕਹਿੰਦੇ ਨੇ ਕੁਛ ਵਿਰੋਧੀ ਲਗਣੇ, ਉਨ੍ਹਾਂ ਨੂੰ ਪਰ੍ਹੇ ਹਟ–ਪਰ੍ਹੇ ਹਟ ਕਰਨਾ। ਕਹਿੰਦੇ ਫੇਰ ਇਹਦੀ ਜੰਗਾਲ ਨਹੀਂ ਉਹਦੇ 'ਤੇ ਲਗਦੀ, ਜਦੋਂ ਜੰਗਾਲ ਨਹੀਂ ਲਗਦੀ –

***ਅਨਹਤ ਬਾਣੀ ਨਿਰਮਲ ਸਬਦੁ ਵਜਾਏ***
***ਗੁਰ ਸਬਦੀ ਸਚਿ ਸਮਾਵਣਿਆ ॥ ਅੰਗ – ੧੧੫***

ਫੇਰ ਉਥੇ ਕੀ ਹੁੰਦਾ ਹੈ ਅਨਹਤ ਬਾਣੀ ਦਾ ਜਿਹੜਾ ਨਿਰਮਲ ਸ਼ਬਦ ਹੈ ਉਥੇ ਵੱਜਣ ਲਗ ਜਾਂਦਾ ਹੈ। ਫੇਰ ਗੁਰੂ ਦੇ ਸ਼ਬਦ ਨੂੰ ਧਾਰਨ ਕਰਕੇ ਹਿਰਦੇ 'ਚ ਵਾਹਿਗੁਰੂ 'ਚ ਸਮਾਅ ਜਾਂਦਾ ਹੈ –

***ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥***
***ਅੰਗ – ੧੧੫***

ਪੂਰੇ ਗੁਰੂ ਤੋਂ ਬਗੈਰ ਇਹ ਦੇਖਿਆ ਨਹੀਂ ਜਾਂਦਾ –

***ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥***
***ਅੰਗ – ੧੧੫***

ਗੁਰੂ ਨੇ ਕ੍ਰਿਪਾ ਕਰਕੇ ਆਪ ਦਿਖਾ ਦਿੱਤਾ। ਕਿੱਥੇ ਦਿਖਾ ਦਿੱਤਾ।

***ਆਪੇ ਆਪਿ ਆਪਿ ਮਿਲਿ***
***ਰਹਿਆ ਸਹਜੇ ਸਹਜਿ ਸਮਾਵਣਿਆ ॥***
***ਅੰਗ – ੧੧੫***

ਕਹਿੰਦੇ ਜਿਥੇ ਮਨ ਦੀ ਹੱਦ ਖਤਮ ਹੁੰਦੀ ਹੈ ਨਾ, ਉਥੋਂ ਹੀ ਵਾਹਿਗੁਰੂ ਸ਼ੁਰੂ ਹੋ ਜਾਂਦਾ ਹੈ। ਹੈਗਾ ਐਸ ਦੇਹੀ ਦੇ ਅੰਦਰ। ਵਾਹਿਗੁਰੂ ਵੀ ਐਸ ਸਰੀਰ 'ਚ ਰਹਿੰਦਾ ਹੈ ਤੇ ਮੈਂ ਵੀ ਰਹਿੰਦਾ ਹਾਂ। ਫੇਰ ਕਹਿੰਦੇ ਇਹ ਦਿਸਦਾ ਕਿਉਂ ਨਹੀਂ -

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ***
***ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩***

ego ਦੀ ਕੰਧ ਬਣ ਗਈ। ਮਹਾਰਾਜ ਕਹਿੰਦੇ ਜਿਥੇ ਮਨ ਮੁੱਕਦਾ ਹੈ ਨਾ ਤੇਰਾ, ਆਪਾ ਖਤਮ ਹੁੰਦਾ ਹੈ। ਜਿੱਥੇ ਤੂੰ ਖਤਮ ਹੁੰਦਾ ਹੈ, ਜਿਹਨੂੰ ਮੈਂ-ਮੈਂ ਕਰਦਾ ਹੈਂ ਉਸ ਤੋਂ ਅੱਗੇ ਪ੍ਰਮੇਸ਼ਰ ਸ਼ੁਰੂ ਹੋ ਜਾਂਦਾ ਹੈ। ਦੇਖੋ ਕਿੱਡੇ ਸਿਧਾਂਤ ਦੀ ਗੱਲ ਹੈ ਆਹੀ ਯਾਦ ਰਖ ਲਓ। ਜਦੋਂ ਵਾਹਿਗੁਰੂ-ਵਾਹਿਗੁਰੂ ਕਰਦੇ ਓਂ ਨਾ, ਉਹਨੂੰ ਹਾਕਾਂ ਮਾਰਿਆ ਕਰੋ, ਕਿਉਂਕਿ ਉਹ ਦੂਰ ਨਹੀਂ ਹੈ ਅੰਦਰ ਹੀ ਹੈ। ਬੋਲਾ ਨਹੀਂ ਹੈ ਰੱਬ ਕਿ ਉੱਚੀ-ਉੱਚੀ ਸੁਣਾਓ ਉਹਨੂੰ। ਕਹਿੰਦੇ, ਬੋਲੇ ਰੱਬ ਨੂੰ ਨਾ ਸੁਣਾਓ ਕਿ -

***ਕਬੀਰ ਮੁਲਾਂ ਮੁਨਾਰੇ ਕਿਆ ਚਢਹਿ***
***ਸਾਂਈ ਨ ਬਹਰਾ ਹੋਇ ॥***
***ਜਾ ਕਾਰਨਿ ਤੂੰ ਬਾਂਗ ਦੇਹਿ***
***ਦਿਲ ਹੀ ਭੀਤਰਿ ਜੋਇ ॥ ਅੰਗ - ੧੩੭੪***

ਕਹਿੰਦੇ ਅੰਦਰ ਹੀ ਦੇਖ, ਆਪ ਉੱਚੀ-ਉੱਚੀ ਹਾਕਾਂ ਜੋ ਮਾਰਦਾ ਹੈਂ, ਅੰਦਰ ਹੀ ਕਹਿ, ਅੰਦਰ ਹੀ ਕਹਿ ਕੇ ਤੇਰੇ ਰੋਮ-ਰੋਮ 'ਚ ਝਰਨਾਹਟ ਆਏਗੀ, ਕਿਉਂਕਿ ਫੇਰ ਤੂੰ ਪਛਾਣ ਕੇ ਕਹੇਂਗਾ, ਹੁਣ ਤੂੰ ਐਵੇਂ ਹੀ ਕਹਿ ਦਿੰਦਾ ਹੈਂ। ਉਹ ਕਿਤੇ ਸਤਵੇਂ ਅਸਮਾਨ 'ਚ ਬੈਠਾ ਹੈ? ਉਹ ਤਾਂ ਤੇਰੇ ਅੰਦਰ ਹੈ, ਨਾਲ ਹੈ। ਜਦੋਂ ਆਪ ਹੋ ਗਿਆ, ਫੇਰ ਗੱਲ ਕੀ ਹੋ ਗਈ, ਅੰਦਰ ਨੂੰ ਝਾਕੇ ਉਹਦੇ ਨਾਲ ਮਿਲ ਗਏ। ਫੇਰ ਉਹਦੇ ਨਾਲ ਜ਼ਿਆਦਾ ਮਿਲ ਗਏ, ਫੇਰ ਬਾਹਰ ਵੀ ਉਹ ਦਿਸਣ ਲਗ ਜਾਂਦਾ ਹੈ। ਆਹ ਆਪਾ ਜਿੱਥੇ ਸਾਡਾ ਖਤਮ ਹੁੰਦਾ ਹੈ, ਉਥੇ ਪਰਮ ਆਪੇ ਦੇ ਨਾਲ ਅਸੀਂ ਮਿਲ ਜਾਂਦੇ ਹਾਂ। ਇਹ ਹੰਗਤਾ ਤੇ ਮਮਤਾ ਦੀ ਸਿੱਲ੍ਹ ਚੜ੍ਹੀ ਹੋਈ ਹੈ, ਜਿਹੜੀ ਸਾਨੂੰ ਉਹਦੇ ਨਾਲ ਜੁੜਨ ਨਹੀਂ ਦਿੰਦੀ। ਫੇਰ ਸਹਿਜ ਨਾਲ ਹੀ ਵਾਹਿਗੁਰੂ ਦੇ ਵਿੱਚ ਸਮਾਅ ਜਾਂਦੇ ਹਾਂ।

***ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥***
***ਅੰਗ - ੧੧੫***

ਜੇ ਕੋਈ ਇਸ ਚੀਜ਼ ਨੂੰ ਦ੍ਰਿੜ੍ਹਤਾ ਦੇ ਨਾਲ ਪ੍ਰਾਪਤ ਕਰਨ ਵਾਲਾ ਹੈ ਉਹ ਗੁਰੂ ਦੇ ਰਾਹੀਂ ਇਹਦੇ ਵਿੱਚ ਲਿਵ ਲਾ ਲੈ, ਫੇਰ ਟੁੱਟਣ ਨਹੀਂ ਦਿੰਦਾ ਦਿਨ ਰਾਤ। ਆਹ ਬਚਨ ਜਿਹੜੇ ਆਪਾਂ ਵਿਚਾਰੇ ਨਾ ਇਹਦੇ 'ਚ ਲਿਵ ਲਗ ਜਾਂਦੀ ਹੈ, ਫੇਰ ਨਹੀਂ ਉਹ ਭੁੱਲਦਾ।

***ਦੂਜਾ ਭਰਮੁ ਗੁਰ ਸਬਦਿ ਜਲਾਏ ॥ ਅੰਗ - ੧੧੫***

ਜਿਹੜੀ ਦਵੈਤ ਸੀ ਉਹ ਗੁਰੂ ਦੇ ਸ਼ਬਦ ਨੇ ਖਤਮ ਕਰ ਦਿੱਤੀ।

***ਕਾਇਆ ਅੰਦਰਿ ਵਣਜੁ ਕਰੇ ਵਾਪਾਰਾ***
***ਨਾਮੁ ਨਿਧਾਨੁ ਸਚੁ ਪਾਵਣਿਆ ॥ ਅੰਗ - ੧੧੫***

ਹੁਣ ਕਹਿੰਦੇ ਬਾਹਰਲੀਆਂ ਹੱਟੀਆਂ 'ਚ ਵਣਜ ਕਰਨ ਦੀ ਲੋੜ ਨਹੀਂ ਹੈ। ਆਹ ਕਾਇਆ ਦੇ ਅੰਦਰ ਹੀ ਵਣਜ ਕਰਦਾ ਹੈ।

***ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ***
***ਕਮਾਵਾ ॥ ਘਟ ਹੀ ਭੀਤਰਿ ਸੋ ਸਹੁ ਤੋਲੀ***
***ਇਨ ਬਿਧਿ ਚਿਤੁ ਰਹਾਵਾ ॥ ਅੰਗ - ੭੩੧***

ਇੱਥੇ ਹੀ ਤੋਲਦਾ ਹੈ, ਦਿਨ ਰਾਤ ਤੋਲਦਾ ਹੈ। 'ਸਤਿਨਾਮ ਵਾਹਿਗੁਰੂ' 'ਸਤਿਨਾਮ ਵਾਹਿਗੁਰੂ' ਅੰਦਰ ਹੀ ਤੋਲ ਤੁਲਾਉਂਦਾ ਹੈ। ਕਹਿੰਦੇ -

***ਕਾਇਆ ਅੰਦਰਿ ਵਣਜੁ ਕਰੇ ਵਾਪਾਰਾ***
***ਨਾਮੁ ਨਿਧਾਨੁ ਸਚੁ ਪਾਵਣਿਆ ॥ ਅੰਗ - ੧੧੫***

ਨਾਮ ਦਾ ਖਜ਼ਾਨਾ ਪ੍ਰਾਪਤ ਹੋ ਗਿਆ। ਲੇਕਿਨ ਇਹਦੇ ਵਿਪਰੀਤ ਜਿਹੜੇ ਮਨਮੁਖ ਨੇ ਨਹੀਂ ਇਸ ਗੱਲ ਨੂੰ ਮੰਨਦੇ -

***ਮਨਮੁਖ ਮੁਗਧ ਕਰਹਿ ਚਤੁਰਾਈ ॥ ਅੰਗ - ੧੧੪***

ਬੜੀਆਂ ਚਤੁਰਾਈਆਂ ਕਰਦਾ ਹੈ। ਕੋਈ ਭੇਖ ਦੀ ਚਤੁਰਾਈ ਕਰਦਾ ਹੈ, ਕੋਈ ਗਾ-ਗਾ ਕੇ ਸੁਣਾਉਂਦਾ ਹੈ। ਕੋਈ ਜਾਗ-ਜਾਗ ਕੇ ਫਿਰਦਾ ਹੈ। ਕੋਈ ਭੇਖ ਧਾਰੀ ਫਿਰਦਾ ਹੈ। ਕੋਈ, ਕੋਈ ਕਰਮ ਕਰਦਾ ਹੈ, ਕੋਈ ਤੀਰਥਾਂ ਨੂੰ ਨੱਠਦਾ ਹੈ, ਕੋਈ ਫਲਾਣੇ ਥਾਂ ਰੱਬ ਹੈ ਉਥੇ ਨੂੰ ਚੱਲੋ, ਓਧਰ ਨੂੰ ਚੱਲੋ। ਕਹਿੰਦੇ ਮਨ ਦੇ ਪਿੱਛੇ ਲੱਗੇ ਹੋਏ, ਚਤੁਰਾਈਆਂ ਕਰਦੇ ਨੇ।

***ਨਾਤਾ ਧੋਤਾ ਥਾਇ ਨ ਪਾਈ ॥ ਅੰਗ - ੧੧੪***

ਕਹਿੰਦੇ ਨਹਾ ਲੈ ੬੮ ਤੀਰਥਾਂ 'ਤੇ, ਇਹ ਕਹਿੰਦੇ ਥਾਂ ਨਹੀਂ ਪੈਣਾ ਕਿਸੇ ਵੀ -

***ਜੇਹਾ ਆਇਆ ਤੇਹਾ ਜਾਸੀ***
***ਕਰਿ ਅਵਗਣ ਪਛੋਤਾਵਣਿਆ ॥ ਅੰਗ - ੧੧੫***

ਮਹਾਰਾਜ ਨੇ ਤਾਂ ਬਹੁਤ ਵੱਡੀ ਗੱਲ ਕਹਿ ਦਿੱਤੀ। ਕਹਿੰਦੇ, ਉਹਨੂੰ ਫਲ ਕੋਈ ਨਹੀਂ ਮਿਲਣਾ, ਜਿਹੋ ਜਿਹਾ ਆਇਆ ਹੈ ਉਹੋ ਜਿਹਾ ਹੀ ਜਾਏਗਾ। ਸਗੋਂ ਅਉਗਣ ਕਰ ਲਏਗਾ, ਫੇਰ ਪਛਤਾਵੇਗਾ।

***ਮਨਮੁਖ ਅੰਧੇ ਕਿਛੂ ਨ ਸੂਝੈ ॥ ਅੰਗ - ੧੧੪***

ਕੁਛ ਨਹੀਂ ਸੁਝਦਾ ਮਨਮੁਖ ਨੂੰ -

ਉਹਨੂੰ ਇਹ ਵੀ ਨਹੀਂ ਪਤਾ ਕਿ ਮੱਥੇ 'ਚ ਮੈਂ ਤਾਂ ਮਰਨਾ ਲਿਖਾ ਕੇ ਆਇਆ ਹਾਂ।ਇੱਥੇ ਪਸਾਰੇ ਪਸਾਰਦਾ ਹੈ ਵੱਡੇ-ਵੱਡੇ; ਵੈਰ-ਵਿਰੋਧ ਧਾਰਦਾ ਹੈ।

***ਮਨਮੁਖ ਕਰਮ ਕਰੇ ਨਹੀ ਪਾਏ***
***ਬਿਨੁ ਨਾਵੈ ਜਨਮੁ ਗਵਾਵਣਿਆ ॥ ਅੰਗ - ੧੧੫***

ਬੜੇ ਕਰਮ ਕਰਦਾ ਹੈ, ਭੇਖ ਦਿਖਾਉਂਦਾ ਹੈ ਕਦੇ ਸੁੱਚ 'ਚ ਆਉਂਦਾ ਹੈ, ਕਦੇ ਕੋਈ ਕਰਦਾ ਹੈ, ਕਦੇ ਕੋਈ ਕਰਦਾ ਹੈ। ਇਹ ਕਰਮਾਂ ਦੇ ਨਾਲ ਮਹਾਰਾਜ ਕਹਿੰਦੇ ਪ੍ਰਾਪਤ ਨਹੀਂ ਹੁੰਦਾ। ਬਗੈਰ 'ਨਾਮੁ' ਤੋਂ ਸੰਸਾਰ ਤੋਂ ਜਨਮ ਗਵਾ ਕੇ ਚਲਿਆ ਜਾਂਦਾ ਹੈ। ਸੋ

ਇਸ ਤਰ੍ਹਾਂ ਦੇ ਨਾਲ ਜਿਹੜੇ ਫੋਕਟ ਕਰਮ ਨੇ ਇਹ ਮਾਈਦਾਸ ਨੇ ਸਾਰਾ ਸ਼ਬਦ ਸੁਣਿਆ, ਵਿਚਾਰ 'ਚ ਪੈ ਗਿਆ। ਗੁਰੂ ਮਹਾਰਾਜ ਕਹਿੰਦੇ ਨੇ ਕਿ ਫੋਕਟ ਕਰਮ ਕਰਿਆਂ ਤੋਂ ਗੱਲ ਨਹੀਂ ਬਣਦੀ ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਫੋਕਟ ਕਰਮਾਂ 'ਚ ਗਵਾ ਲਿਆ ਜਨਮ ਆਪਣਾ, ਲੇਖੇ ਤੇਰੇ ਇੱਕ ਗੱਲ ਹੈ।***

ਕਰਮ ਕਰਨੇ, ਨਾ ਕਰਮ ਕਰਨ ਵਾਲਿਆਂ ਨਾਲੋਂ ਚੰਗਾ ਹੈ ਬੰਦਾ। ਲੇਕਿਨ ਮਹਾਰਾਜ ਸੋਧ ਦਿੰਦੇ ਨੇ ਕਿ ਇਹਦੇ ਵਿਚ ਹੀ ਤੂੰ ਜਨਮ ਗੁਆ ਕੇ ਨਾ ਬਹਿ ਜਾਈਂ ਤੂੰ। ਇਨ੍ਹਾਂ ਨੂੰ ਨਾ ਕਹਿ ਦੇਈਂ ਕਿ ਇਹ ਮੈਨੂੰ ਪਾਰ ਲੰਘਾ ਦੇਣਗੇ। ਜਿਹੜਾ ਕਰਦਾ ਹੀ ਨਹੀਂ, ਜੇ ਉਹ ਕਹੇ ਕਿ ਨਹੀਂ ਕਰਮ ਕਰਨੇ ਚਾਹੀਦੇ, ਉਹ ਤਾਂ ਬਹੁਤ ਹੀ ਗਲਤ ਹੈ, ਜਿਹੜੇ ਚੱਲੇ ਹੋਏ ਨੇ ਏਸ ਪਾਸੇ ਮਹਾਰਾਜ ਕਹਿੰਦੇ ਅੱਗੇ ਵਧੋ, ਇੱਥੇ ਹੀ ਨਾ ਰੁਕੋ, ਕਿਉਂਕਿ ਇਹ ਲੇਖੇ ਵਾਲੀ ਬਾਤ ਨਹੀਂ -

***ਕਰਮ ਕਾਂਡ ਬਹੁ ਕਰਹਿ ਅਚਾਰ ॥ ਅੰਗ- ੧੬੨***

ਆਚਾਰ ਕਹਿੰਦੇ ਨੇ ਸ਼ੁਭ ਕਰਮ ਸਾਰੇ। ਕਈ ਕਹਿੰਦੇ ਨੇ ਕਿ ਰੱਬ ਦਾ ਨਾਮ ਲੈਣ ਦੀ ਕੀ ਲੋੜ ਹੈ, ਅਸੀਂ ਤਾਂ ਨੇਕ ਕੰਮ ਕਰਦੇ ਹਾਂ, ਝੂਠ ਨਹੀਂ ਬੋਲਦੇ, ਕਿਸੇ ਦਾ ਮਾੜਾ ਨਹੀਂ ਕਰਦੇ, ਕਿਸੇ ਨੂੰ ਮਾੜਾ ਬੋਲਦੇ ਨਹੀਂ, ਫਿੱਕਾ ਨਹੀਂ ਬੋਲਦੇ, ਅਸੀਂ ਦਇਆ ਕਰਦੇ ਹਾਂ, ਅਸੀਂ ਖਿਮਾ ਕਰਦੇ ਹਾਂ। ਮਹਾਰਾਜ ਕਹਿੰਦੇ ਜ਼ੀਰੋ-ਜ਼ੀਰੋ ਸਾਰੇ, ਹੈਰਾਨੀ ਹੁੰਦੀ ਹੈ ਕਿ ਐਡੇ ਸ਼ੁਭ ਕਰਮ ਜ਼ੀਰੋ। ਉਹ ਕਹਿੰਦੇ ਜਦੋਂ ਤਕ ਏਕਾ ਨਹੀਂ ਨਾ ਲਗਦਾ, ਇਹਦੀ ਤਾਕਤ ਨਹੀਂ ਬਣਦੀ। ਪੰਜ ਜ਼ੀਰੋਆਂ ਤੋਂ ਬਾਅਦ ਏਕਾ ਲਾ ਦਿਓ, ਕਿੱਡੀ ਰਕਮ ਬਣ ਗਈ। ਇਕਾਈ, ਦਹਾਈ, ਸੈਂਕੜਾ, ਹਜ਼ਾਰ, ਲੱਖ; ਜੇ ਜ਼ੀਰੋ ਹੋਰ ਲਾ ਦਿੰਦੇ ਪੰਜ ਫੇਰ ਕੀ ਬਣਦਾ। ਕਰਮਾਂ ਦੀ ਆਪਣੀ ਤਾਕਤ ਨਹੀਂ ਹੈ, ਉਹ ਕਰਮਾਂ ਦੇ ਨਾਲ ਨਾਮ ਲਗ ਜਾਵੇ ਤਾਂ ਤਾਕਤ ਬਣਦੀ ਹੈ। ਉਹ ਇਕੱਲੇ ਨਹੀਂ ਲੰਘਾ ਸਕਦੇ।

***ਕਰਮ ਕਾਂਡ ਬਹੁ ਕਰਹਿ ਅਚਾਰ ॥***
***ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥***
***ਅੰਗ - ੧੬੨***

ਕਹਿੰਦੇ ਅਹੰਕਾਰ ਕਰਨਾ ਨੇਕੀਆਂ ਦਾ, ਨਾਮ ਤੋਂ ਬਗੈਰ ਧਿਰਕਾਰ ਹੈ ਤੈਨੂੰ, ਧਿਰਕਾਰ ਹੈ। ਕਿੱਡੀ ਵੱਡੀ ਗੱਲ ਕਹਿ ਦਿੱਤੀ। ਮਹਾਰਾਜ ਕਹਿੰਦੇ ਅਹੰਕਾਰ ਕਰਦਾ ਹੈਂ ਤੂੰ ਉਨ੍ਹਾਂ ਦਾ, ਅਭਿਮਾਨ ਕਰਦਾ ਹੈ, ਜਦੋਂ ਅਭਿਮਾਨ ਕਰਿਆ -

***ਤੀਰਥ ਬਰਤ ਅਰੁ ਦਾਨ ਕਰਿ***
***ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲੁ ਜਾਤ ਤਿਹ***
***ਜਿਉ ਕੁੰਚਰ ਇਸਨਾਨੁ ॥ ਅੰਗ - ੧੪੨੮***

ਹਾਥੀ ਨੇ ਇਸ਼ਨਾਨ ਕਰਿਆ ਪਿਛੋਂ ਮਿੱਟੀ ਪਾ ਲਈ। ਕਹਿੰਦੇ ਅਹੰਕਾਰ ਕਰਦਾ ਹੈਂ ਧਿਰਕਾਰਯੋਗ ਅਹੰਕਾਰ ਹੈ।

***ਬੰਧਨਿ ਬਾਧਿਓ ਮਾਇਆ ਫਾਸ ॥***
***ਜਨ ਨਾਨਕ ਛੂਟੈ ਗੁਰ ਪਰਗਾਸ ॥ ਅੰਗ- ੧੬੨***

ਤੂੰ ਤਾਂ ਬੰਨ੍ਹਿਆ ਗਿਆ। ਬੰਨ੍ਹੇ ਹੋਏ ਨੂੰ ਇਨ੍ਹਾਂ ਕਰਮਾਂ ਦਾ ਫਲ ਭੋਗਣ ਵਾਸਤੇ ਤੈਨੂੰ ਕਿਸੇ ਥਾਂ ਜਾਣਾ ਪੈਣਾ ਹੈ। ਮੁਕਤੀ ਪ੍ਰਾਪਤ ਹੁੰਦੀ।

***ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ***
***ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥***
***ਅੰਗ-੪੦੮***

ਜਿੰਨਾਂ ਚਿਰ ਪ੍ਰਮੇਸ਼ਰ ਦਾ ਦਰਸ਼ਨ ਅੰਦਰੋਂ ਨਹੀਂ ਹੁੰਦਾ, ਓਨੀਂ ਦੇਰ ਤਕ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ।

***ਵਰਤ ਨੇਮ ਸੰਜਮ ਕਰਿ ਥਾਕੇ***
***ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥***
***ਅੰਗ - ੪੦੮***

ਵਰਤ ਵੀ ਕੀਤੇ, ਨੇਮ ਵੀ ਦਸ ਪਾਲਣ ਕੀਤੇ, ਯਮ ਵੀ ਤੇ ਨਿਯਮ ਵੀ; ਇਹ ਸਾਰੇ ਪਾਲਣ ਕਰਕੇ ਥੱਕ ਗਏ, ਵਾਹਿਗੁਰੂ ਤਾਂ ਸਾਧੂਆਂ ਦੀ ਸੰਗਤ ਵਿੱਚ ਵਸਦਾ ਹੈ।

***ਤੀਰਥ ਨਾਇ ਨ ਉਤਰਸਿ ਮੈਲੁ ॥***
***ਅੰਗ - ੮੯੦***

ਕਹਿੰਦੇ ਤੀਰਥਾਂ 'ਤੇ ਨਾਹੁੰਦਾ ਫਿਰਦਾ ਹੈਂ, ਇਹ ਖਿਆਲ ਕਰਦਾ-ਕਰਦਾ ਕਿ ਮੇਰੀ ਮੈਲ ਉਤਰ ਜਾਏਗੀ, ਕਹਿੰਦੇ ਨਾ ਪ੍ਰੇਮੀਆਂ -

***ਕਰਮ ਧਰਮ ਸਭਿ ਹਉਮੈ ਫੈਲੁ ॥ ਅੰਗ - ੮੯੦***

ਜਿੰਨੇ ਤੂੰ ਕਰਮ ਧਰਮ ਕਰਦਾ ਹੈ, ਸਭ ego ਦਾ ਫੈਲਾਅ ਹੁੰਦਾ ਹੈ, ego ਵਧਦੀ ਤੁਰੀ ਜਾਂਦੀ ਹੈ ਕਿ ਮੈਂ ਐਨੀ ਵਾਰੀ ਹਜ਼ੂਰ ਸਾਹਿਬ ਜਾ ਆਇਆ, ਐਨੀ ਵਾਰੀ ਮੈਂ ਗੰਗਾ 'ਚ ਇਸ਼ਨਾਨ ਕਰ ਆਇਆ। ਐਨੀ ਵਾਰੀ ਮੈਂ ਫਲਾਣੀ ਜਗ੍ਹਾ ਹੱਜ ਕਰਕੇ ਆ ਗਿਆ। ਕਹਿੰਦੇ ego ਦਾ ਫੈਲਾਰਾ ਵਧਦਾ ਹੈ।

***ਲੋਕ ਪਚਾਰੈ ਗਤਿ ਨਹੀ ਹੋਇ ॥ ਅੰਗ - ੮੯੦***

ਲੋਕਾਂ ਨੂੰ ਖੁਸ਼ ਕਰਨਾ ਹੈ, ਧੋਖਾ ਦੇ ਦੇਵੇਂ। ਗਤੀ ਤਾਂ ਹੋਣੀ ਨਹੀਂ।

***ਨਾਮ ਬਿਹੂਣੇ ਚਲਸਹਿ ਰੋਇ ॥ ਅੰਗ - ੮੯੦***
***ਕਰਮੀ ਸਹਜੁ ਨ ਊਪਜੈ***
***ਵਿਣੁ ਸਹਜੈ ਸਹਸਾ ਨ ਜਾਇ ॥ ਅੰਗ - ੯੧੯***

ਕਰਮਾਂ ਦੇ ਨਾਲ ਤਾਂ ਸਹਿਜ ਦੀ ਪ੍ਰਾਪਤੀ ਨਹੀਂ ਹੋਣੀ। ਜਿੰਨਾਂ ਚਿਰ ਸਹਜਿ ਦੀ ਪ੍ਰਾਪਤੀ ਨਹੀਂ ਹੁੰਦੀ ਓਨਾਂ ਚਿਰ ਜਿਹੜਾ ਭਰਮ ਹੈ ਉਹਦਾ ਨਾਸ਼ ਨਹੀਂ ਹੁੰਦਾ।

***ਨਹ ਜਾਇ ਸਹਸਾ ਕਿਤੈ***
***ਸੰਜਮਿ ਰਹੇ ਕਰਮ ਕਮਾਏ ॥ ਅੰਗ - ੮੯੦***

ਕਹਿੰਦੇ ਥੱਕ ਗਏ ਕਰਮ ਕਰਦੇ-ਕਰਦੇ।

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ***
***ਨਿਵਲਿ ਭੁਅੰਗਮ ਸਾਧੇ ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ***
***ਅਧਿਕ ਅਹੰਬੁਧਿ ਬਾਧੇ ॥ ਅੰਗ - ੬੪੧***

ਪੰਜ ਤਾਂ ਚੋਰ ਉਵੇਂ ਜਿਵੇਂ ਹੀ ਨੇ, ਪਾਠ ਵੀ ਪੜ੍ਹ ਲਏ, ਵੇਦਾਂ ਦਾ ਵੀਚਾਰ ਵੀ ਕਰ ਲਿਆ। ਨਿਉਲੀ ਤੇ ਆਸਣ ਵਗੈਰਾ

ਸਾਰੇ ਕਰ ਲਏ, 84 ਆਸਣ। ਲੇਕਿਨ ਛੁਟਕਾਰਾ ਨਹੀਂ ਹੋਇਆ–

*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ ॥ ਅੰਗ - ੬੪੧*

*ਮੋਨਿ ਭਇਓ ਕਰਪਾਤੀ ਰਹਿਓ*
*ਨਗਨ ਫਿਰਿਓ ਬਨ ਮਾਹੀ ॥*
*ਤਟ ਤੀਰਥ ਸਭ ਧਰਤੀ ਭ੍ਰਮਿਓ*
*ਦੁਬਿਧਾ ਛੁਟਕੈ ਨਾਹੀ ॥ ਅੰਗ - ੬੪੧*

ਕਹਿੰਦੇ ਮੋਨ ਧਾਰ ਰਿਹਾ, ਬੋਲਣਾ ਬੰਦ ਕਰ ਦਿੱਤਾ। ਕਰਪਾਤੀ ਬਿਰਤੀ ਧਾਰ ਲਈ ਜੰਗਲ 'ਚ ਜਾ ਕੇ ਕਿ ਹੇ ਆ ਜਾਏਗਾ ਖਾ ਲੈਣਾ ਹੈ, ਨਹੀਂ ਤਾਂ ਖਾਣਾ ਹੀ ਨਹੀਂ ਕੁਛ ਵੀ। ਕੱਪੜਾ ਪਹਿਨਣਾ ਹੀ ਨਹੀਂ ਨਗਨ ਹੋ ਗਿਆ। ਸਾਰੀ ਧਰਤੀ ਤੇ ਕਹਿੰਦਾ ਕਿ ਮੈਂ ਇੱਕ ਰਾਤ ਤੋਂ ਵੱਧ ਨਹੀਂ ਕਿਤੇ ਰਹਿਣਾ। ਮਹਾਰਾਜ ਕਹਿੰਦੇ ਇਹਦੇ ਨਾਲ ਤੇਰੀ ਦੁਬਿਧਾ ਛੁਟ ਜਾਏਗੀ?

*ਮਨ ਕਾਮਨਾ ਤੀਰਥ ਜਾਇ ਬਸਿਓ*
*ਸਿਰਿ ਕਰਵਤ ਧਰਾਏ ॥*
*ਮਨ ਕੀ ਮੈਲੁ ਨ ਉਤਰੈ*
*ਇਹ ਬਿਧਿ ਜੇ ਲਖ ਜਤਨ ਕਰਾਏ ॥*
*ਅੰਗ - ੬੪੨*

ਸਿਰ ਦੇ ਉੱਤੇ ਆਰਾ ਧਰਾ ਲਿਆ ਕਿ ਮੇਰੀ ਮੁਕਤੀ ਹੋ ਜਾਏਗੀ। ਦੋ ਫਾੜ ਕਰਾ ਲਏ ਆਪਣੇ ਆਪ ਨੂੰ। ਤੀਰਥ 'ਤੇ ਜਾ ਕੇ ਵਸਣਾ ਸ਼ੁਰੂ ਕਰ ਦਿੱਤਾ। ਮਨ ਦੀ ਮੈਲ ਨਹੀਂ ਜਾਣੀ, ਮਨ ਦੀ ਮੈਲ ਬਹੁਤ ਲਹਿਣੀ ਬਹੁਤ ਔਖੀ ਹੈ, ਜਿੰਨਾਂ ਚਿਰ ਮਨ ਮੈਲਾ ਹੈ –

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ - ੫੫੮*

*ਕਨਿਕ ਕਾਮਿਨੀ ਹੈਵਰ ਗੈਵਰ*
*ਬਹੁ ਬਿਧਿ ਦਾਨੁ ਦਾਤਾਰਾ ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ*
*ਨਹ ਮਿਲੀਐ ਹਰਿ ਦੁਆਰਾ ॥ ਅੰਗ - ੬੪੨*

ਬੜੇ ਦਾਨ ਦਿੰਦਾ ਹੈ, ਇਸਤ੍ਰੀ ਨੂੰ ਦਾਨ ਕਰ ਦਿੱਤਾ, ਜ਼ਮੀਨ ਨੂੰ ਦਾਨ ਕਰ ਦਿੱਤਾ, ਘੋੜੇ ਸਵਾਰੀਆਂ ਦਾਨ ਕਰ ਦਿੱਤੀਆਂ। ਭੂਮੀ ਦੇ ਦਿੱਤੀ ਸੈਂਕੜੇ ਏਕੜ, ਆਸ਼ਰਮ ਬਣਾ ਦਿੱਤੇ, ਅੰਨ੍ਹ ਦੇ ਦਿੱਤਾ। ਮਹਾਰਾਜ ਕਹਿੰਦੇ ਇਹਦੇ ਨਾਲ ਕੀ ਹੋਏਗਾ? ਫਲ ਤਾਂ ਮਿਲ ਜਾਏਗਾ ਤੈਨੂੰ, ਪਰ ਪ੍ਰਮੇਸ਼ਰ ਦਾ ਦਰ ਨਹੀਂ ਮਿਲਣਾ।

*ਪੂਜਾ ਅਰਚਾ ਬੰਦਨ ਡੰਡਉਤ*
*ਖਟੁ ਕਰਮਾ ਰਤੁ ਰਹਤਾ ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ ॥ ਅੰਗ - ੬੪੨*

ਇਹ ਵੀ ਕਰਮ ਨੇ, ਖਟ ਕਰਮ ਕਰਨੇ। ਹਉਂ–ਹਉਂ ਕਰਦਾ ਬੰਧਨਾਂ 'ਚ ਪੈ ਗਿਆ, ਕਹਿੰਦੇ ਪ੍ਰੇਮੀਆਂ! ਨਹੀਂ ਮਿਲਣਾ ਇਸ ਤਰੀਕੇ ਨਾਲ। 84 ਆਸਣ, ਜੋਗ ਦੀਆਂ ਛੇ ਦੀਆਂ ਛੇ ਮੁੰਦਰਾਂ ਕਰਕੇ ਦੇਖ ਲਈਆਂ।

*ਜੋਗ ਸਿਧ ਆਸਣ ਚਉਰਾਸੀਹ*
*ਏ ਭੀ ਕਰਿ ਕਰਿ ਰਹਿਆ ॥*
*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ ॥ ਅੰਗ - ੬੪੨*

ਗੁਰੂ ਦਸ਼ਮੇਸ਼ ਪਿਤਾ ਨੂੰ ਪੰਜ ਹਜ਼ਾਰ ਸਾਲ ਸਾਲ ਦਾ ਜੋਗੀਪੁਰੇ ਪਿੰਡ ਦੇ ਵਿੱਚ ਜੋਗੀ ਮਿਲਿਆ ਸੀ। ਗੁਰੂ ਮਹਾਰਾਜ ਨੇ ਦਿੱਤਾ ਉਪਦੇਸ਼। ਗੁਰੂ ਪੰਜਵੇਂ ਪਾਤਸ਼ਾਹ ਨੂੰ ਸੰਤੋਖਸਰ ਦੇ ਵਿੱਚ ਇੱਕ ਜੋਗੀ ਮੱਠ 'ਚ ਬੈਠਾ ਸਮਾਧੀ ਲਾਈ ਹੋਈ, ਕੱਢਿਆ, ਉਹਨੂੰ ਪੁਛਿਆ, ਜੋਗੀਰਾਜ! ਤੁਸੀਂ ਕਿੰਨੀ ਦੇਰ ਦੇ ਬੈਠੇ ਓਂ? ਕਹਿਣ ਲੱਗੇ, ਜਦੋਂ ਸ੍ਰੀ ਰਾਮ ਚੰਦਰ ਜੀ ਫੌਜਾਂ ਲੈ ਕੇ ਇੱਥੇ ਆਏ ਸੀ ਅੰਮ੍ਰਿਤਸਰ ਉਸ ਵੇਲੇ ਅੰਮ੍ਰਿਤਸਰ ਨਹੀਂ ਸੀ ਇਹਦਾ ਨਾਉਂ, ਇਹ ਉਜਾੜ ਸੀ। ਇਹ ਬਾਲਮੀਕ ਦਾ ਆਸ਼ਰਮ ਸੀ। ਇੱਥੇ ਯੁੱਧ ਹੋਇਆ ਸੀ, ਉੱਥੇ ਲਵ ਤੇ ਕੁਸ਼ ਦਾ ਯੁੱਧ ਦੇਖ ਕੇ ਮੈਂ ਇੱਥੇ ਸਮਾਧੀ ਲਾ ਕੇ ਬਹਿ ਗਿਆ ਸੀ। ਉਸ ਵੇਲੇ ਇੱਥੇ ਦਰਿਆ ਚਲਦਾ ਹੁੰਦਾ। ਕਹਿਣ ਲੱਗੇ, ਕਿੰਨੀ ਮਿੱਟੀ ਉੱਤੇ ਆ ਗਈ, ਕਹਿੰਦੇ, ਮਿੱਟੀ ਤੋਂ ਤਾਂ ਥੱਲਿਓਂ ਕੱਢਿਆ ਹੈ ਅਸੀਂ। ਕਹਿੰਦੇ, ਉਪਰ ਸੀ ਮੇਰਾ ਆਸਣ ਉਸ ਵੇਲੇ। ਜੇ ਹਿਸਾਬ ਲਾਈਏ ਤਾਂ 8 ਲੱਖ 64 ਹਜ਼ਾਰ ਸਾਲ ਦੁਆਪਰ ਜੁਗ ਦੀ ਉਮਰ ਹੈ। ਪੰਜ ਹਜ਼ਾਰ ਸਾਲ ਕਲਜੁਗ ਲੰਘ ਚੁਕਿਆ ਸੀ। 8 ਲੱਖ 69 ਹਜ਼ਾਰ ਸਾਲ ਹੋ ਗਏ। ਜੇ ਦੁਆਪਰ ਦੇ ਆਦਿ ਵਿੱਚ ਲੜਾਈ ਹੋਈ ਸੀ, ਉਧਰ ਤ੍ਰੇਤਾ ਖਤਮ ਹੋ ਰਿਹਾ ਸੀ, ਤਾਂ ਵੀ 9 ਲੱਖ 70 ਹਜ਼ਾਰ ਸਾਲ ਹੋ ਗਏ ਇਹਨੂੰ। ਵੱਡੀ ਆਰਜਾ ਹੋ ਗਈ। ਲੇਕਿਨ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋਈ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੇ ਉਹਨੂੰ ਗਿਆਨ ਦਿੱਤਾ –

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ਅੰਗ - ੭੩੬*

ਏਸ ਸ਼ਬਦ ਦੇ ਨਾਲ ਗਿਆਨ ਦੇ ਕੇ ਉਹਦੀ ਮੁਕਤੀ ਕਰੀ, ਵੱਡੀ ਆਰਜਾ ਤਾਂ ਹੋ ਗਈ ਨਾ।

*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ ॥ ੬ ॥*
*ਰਾਜ ਲੀਲਾ ਰਾਜਨ ਕੀ ਰਚਨਾ*
*ਕਰਿਆ ਹੁਕਮੁ ਅਫਾਰਾ ॥*
*ਸੇਜ ਸੋਹਨੀ ਚੰਦਨੁ ਚੋਆ*
*ਨਰਕ ਘੋਰ ਕਾ ਦੁਆਰਾ ॥ ਅੰਗ - ੬੪੨*

ਫੇਰ ਹੁਣ ਕਰਿਆ ਕੀ ਜਾਵੇ? ਮਹਾਰਾਜ ਕਹਿੰਦੇ ਜੇ ਕਰਨਾ ਹੈ ਨਾ ਤਾਂ –

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*

***ਜਿਸੁ ਪੂਰਬ ਲਿਖੇ ਕਾ ਲਹਨਾ ॥ ਅੰਗ - ੬੪੨***

ਹਰੀ ਦਾ ਕੀਰਤਨ ਦਿਲ ਤੋਂ ਕਰਨਾ ਤੇ ਜਾਗੀ ਹੋਈ ਰੂਹ ਜਿਹਨੂੰ ਸਾਧੂ ਕਹਿੰਦੇ ਨੇ ਉਹਦੀ ਸੰਗਤ ਕਰਨੀ, ਇਹ ਸਾਰੇ ਕਰਮਾਂ ਦਾ ਸ਼੍ਰੋਮਣੀ ਕਰਮ ਹੈ। ਲੇਕਿਨ ਇਹ ਮਿਲਦੀ ਨਹੀਂ। ਸੋ ਭੇਖ ਭੇਖ ਦੇ ਬਾਰੇ ਆਸਾ ਜੀ ਦੀ ਵਾਰ ਦੇ ਵਿੱਚ ਅਸੀਂ ਬਾਰ-ਬਾਰ ਪੜ੍ਹਦੇ ਹਾਂ। ਕਰਮ-ਕਾਂਡ ਬਾਰੇ ਗੁਰੂ ਮਹਾਰਾਜ ਨੇ ਏਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ ਪੜ੍ਹੋ ਪਿਆਰ ਨਾਲ -

***ਧਾਰਨਾ -ਬਿਨਾਂ ਨਾਮ ਤੋਂ ਕਿਛੁ ਥਾਂਇ ਨਾ ਪੈਣਾ।***

***ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥***
***ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥***
***ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥***
***ਸਹੁ ਵੇ ਜੀਆ ਅਪਣਾ ਕੀਆ ॥***
***ਅੰਨੁ ਨ ਖਾਇਆ ਸਾਦੁ ਗਵਾਇਆ ॥***
***ਬਹੁ ਦੁਖੁ ਪਾਇਆ ਦੂਜਾ ਭਾਇਆ ॥***
***ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥***
***ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥***
***ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥***
***ਅਲੁ ਮਲੁ ਖਾਈ ਸਿਰਿ ਛਾਈ ਪਾਈ ॥***
***ਮੂਰਖਿ ਅੰਧੈ ਪਤਿ ਗਵਾਈ ॥***
***ਵਿਣੁ ਨਾਵੈ ਕਿਛੁ ਥਾਇ ਨ ਪਾਈ ॥***
***ਰਹੈ ਬੇਬਾਣੀ ਮੜੀ ਮਸਾਣੀ ॥***
***ਅੰਧੁ ਨ ਜਾਣੈ ਫਿਰਿ ਪਛੁਤਾਣੀ ॥***
***ਸਤਿਗੁਰੁ ਭੇਟੇ ਸੋ ਸੁਖੁ ਪਾਏ ॥***
***ਹਰਿ ਕਾ ਨਾਮੁ ਮੰਨਿ ਵਸਾਏ ॥***
***ਨਾਨਕ ਨਦਰਿ ਕਰੇ ਸੋ ਪਾਏ ॥***
***ਆਸ ਅੰਦੇਸੇ ਤੇ ਨਿਹਕੇਵਲੁ***
***ਹਉਮੈ ਸਬਦਿ ਜਲਾਏ ॥ ਅੰਗ - ੪੬੮***

ਸਾਰੇ ਹੀ ਕਰਮਕਾਂਡ ਮਹਾਰਾਜ ਨੇ ਇਹਦੇ 'ਚ ਗਿਣ ਕੇ ਫੈਸਲਾ ਕੀਤਾ ਹੈ ਕਿ -

***ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਅੰਗ -੬੭***

ਸੋ ਐਸੇ ਬਚਨ ਜਦੋਂ ਉਸ ਕਰਮਕਾਂਡੀ ਨੇ ਕ੍ਰਿਸ਼ਨ ਮਹਾਰਾਜ ਦਾ ਉਪਾਸ਼ਕ ਸੀ ਉਹ, ਆਪਣੀ ਜਾਨ 'ਚ ਇਹ ਸੀ ਕਿ ਮੇਰੇ ਨਾਲੋਂ ਜਿੰਨਾਂ ਆਲਾ ਦੁਆਲਾ ਹੈ ਸਭ ਗਾਫਲ ਹੈ। ਇਹ ਭੁੱਲਿਆ ਹੋਇਆ ਹੈ ਸਾਰਾ ਹੀ ਕਿਉਂਕਿ ਕਰਮਕਾਂਡੀ ਨਹੀਂ ਹੈ, ਕੋਈ ਮਰਿਯਾਦਾ ਨਹੀਂ, ਸੁੱਚ ਜੂਠ ਦਾ ਇਨ੍ਹਾਂ ਨੂੰ ਵਿਚਾਰ ਨਹੀਂ ਹੈ। ਲੇਕਿਨ ਜਦੋਂ ਬਾਣੀ ਸਰਵਣ ਕਰੀ ਤਾਂ ਐਉਂ ਹੋ ਗਿਆ ਜਿਵੇਂ ਕਿਸੇ ਕਿਲ੍ਹੇ ਦੀ ਕੰਧ ਦੇ ਵਿੱਚ ਵੱਡੇ-ਵੱਡੇ ਗੋਲੇ ਲਗਦੇ ਹੋਣ। ਹਿੱਲ ਗਿਆ ਅੰਦਰੋਂ। ਫੇਰ ਵਿਚਾਰ ਕਰੀ, ਸ਼ਬਦ ਸੁਰਤ ਦੇ ਮਾਰਗ ਦੀ ਵਿਚਾਰ ਕਰੀ। ਗੁਰੂ ਦੇ ਅੰਦਰ ਭਗਤ ਯੋਗ ਦੀ ਵਿਚਾਰ ਕਰੀ, ਗੁਰੂ ਭਗਤੀ ਬਾਰੇ ਵਿਚਾਰ ਕਰੀ। ਆਹ ਸੁਣ ਕੇ ਉਹਦੇ ਮਨ ਵਿੱਚ ਉਤਸ਼ਾਹ ਜਾਗ ਪਿਆ ਕਿ ਐਸੇ ਗੁਰੂ ਤੋਂ ਜੇ ਮੈਂ ਵਾਂਝਾ ਰਹਿ ਗਿਆ ਤਾਂ ਹੋਵੇ ਨਾ ਕਿਤੇ ਮੇਰਾ ਜਨਮ ਨਾ ਕਿਤੇ ਗਵਾਇਆ ਜਾਵੇ। ਕਿਉਂਕਿ ਅਜੇ ਤੱਕ ਮੈਨੂੰ ਇਹ ਅਵਸਥਾ ਪ੍ਰਾਪਤ ਨਹੀਂ ਹੋਈ, ਜਿਹੜੀ ਇਹ ਗੁਰਸਿੱਖ ਸਹਿਜ ਸੁਭਾਅ ਦੱਸੀ ਜਾਂਦੇ ਨੇ। ਉਸ ਵੇਲੇ ਸ਼ੌਕ ਜਾਗ ਪਿਆ ਕਿ ਮੈਂ ਵੀ ਗੁਰੂ ਦਾ ਦਰਸ਼ਨ ਕਰਾਂ। ਸੋ ਬੜੇ ਪਿਆਰ ਤੇ ਸ਼ਰਧਾਂ ਨਾਲ ਆਪਣੇ ਪਿੰਡ ਤੋਂ ਚੱਲਿਆ, ਨੇੜੇ ਹੀ ਸੀ ਪਿੰਡ ਅੰਮ੍ਰਿਤਸਰ 'ਚ, ਚਲਦਾ-ਚਲਦਾ ਜਦੋਂ ਉਥੇ ਆਇਆ ਤੇ ਇਹਨੇ ਬੇਨਤੀ ਕਰੀ ਕਿ ਮੈਂ ਮਹਾਰਾਜ ਜੀ ਦੇ ਦਰਸ਼ਨ ਕਰਨੇ ਨੇ ਮੈਂ ਕੁਛ ਬਚਨ ਕਰਨੇ ਚਾਹੁੰਦਾ ਹਾਂ, ਗੁਰੂ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਨਾਲ। ਤਾਂ ਉਸ ਵੇਲੇ ਜਿਹੜੇ ਸੇਵਾਦਾਰ ਸੀ ਉਨ੍ਹਾਂ ਨੇ ਹੁਕਮ ਦੱਸਿਆ ਕਿ ਪ੍ਰੇਮੀਆਂ! ਗੁਰੂ ਮਹਾਰਾਜ ਮਿਲ ਤਾਂ ਲੈਂਦੇ ਨੇ ਸਾਰਿਆਂ ਨੂੰ, ਪਰ ਉਨ੍ਹਾਂ ਦਾ ਇੱਕ ਬਚਨ ਹੈ, ਇੱਕ ਹੁਕਮ ਹੈ ਜਿੰਨੀ ਦੇਰ ਤੱਕ ਉਸ ਹੁਕਮ ਦੀ ਪਾਲਣਾ ਨਹੀਂ ਕੀਤੀ ਜਾਂਦੀ, ਓਨੀਂ ਦੇਰ ਤੱਕ ਬੰਦਾ ਉਨ੍ਹਾਂ ਤਕ ਜਾ ਨਹੀਂ ਸਕਦਾ, ਚਾਹੇ ਵੱਡੇ ਤੋਂ ਵੱਡਾ ਕਿੰਨਾ ਹੀ ਆ ਜਾਏ। ਇੱਥੇ ਤੱਕ ਕਿ ਜਦੋਂ ਅਕਬਰ ਬਾਦਸ਼ਾਹ ਦਰਸ਼ਨ ਕਰਨ ਵਾਸਤੇ ਆਇਆ ਤਾਂ ਪਹਿਲਾ ਫੁਰਮਾਨ ਸੀ ਕਿ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕੋ। ਹੁਣ ਅਕਬਰ ਬਾਦਸ਼ਾਹ, ਬਾਦਸ਼ਾਹ ਦੇ ਕੋਲ ਤਾਂ ਬੇਅੰਤ ਅਖਤਿਆਰ ਹੁੰਦੇ ਨੇ। ਕੋਈ ਕਾਨੂੰਨ ਤਾਂ ਹੁੰਦਾ ਹੀ ਨਹੀਂ, ਉਹਦੀ ਜ਼ੁਬਾਨ 'ਚੋਂ ਨਿਕਲ ਗਿਆ ਓਹੀ ਬਹੁਤ ਹੈ। eg ਐਡੀ ਵੱਡੀ ਹੁੰਦੀ ਹੈ ਕਿ ਬਾਦਸ਼ਾਹ ਨੂੰ ਝੁਕਣ ਦਾ ਤਾਂ ਪਤਾ ਹੀ ਨਹੀਂ ਹੁੰਦਾ ਕਿ ਕਿਸੇ ਮੂਹਰੇ ਹੱਥ ਵੀ ਬੰਨ੍ਹੀਦੇ ਨੇ। ਪਹਿਲੀ ਵਾਰੀ ਸੁਣਿਆ ਉਸ ਨੇ। ਲੇਕਿਨ ਅੰਦਰ ਜਗਿਆਸਾ ਸੀ, ਪੰਗਤ 'ਚ ਬੈਠ ਗਿਆ, ਹੱਥਾਂ ਦੇ ਉੱਤੇ ਪ੍ਰਸ਼ਾਦਾ ਲੈ ਲਿਆ, ਪ੍ਰਸ਼ਾਦਾ ਵੀ ਕਿਹੜਾ ਲਿਆ ਜਿਹੜਾ ਗੁਰੂ ਮਹਾਰਾਜ ਖਾਂਦੇ ਸੀ, ਅਲੂਣਾ। ਕਹਿ ਕੇ ਲਿਆ ਕਿ ਜੋ ਗੁਰੂ ਮਹਾਰਾਜ ਖਾਂਦੇ ਨੇ ਉਹ ਦਿਓ ਮੈਨੂੰ। ਖਿਆਲ ਹੋਣਾ ਇਹਦਾ ਕਿ ਗੁਰੂ ਮਹਾਰਾਜ ਨੂੰ ਕੋਈ ਸਪੈਸ਼ਲ ਥਾਲ ਜਾਂਦਾ ਹੋਣਾ ਤੇ ਪੰਗਤਾਂ ਦੇ ਵਿੱਚ ਕੁਛ ਹੋਰ ਹੋਣਾ, ਸੰਗਤਾਂ ਦੇ ਵਿੱਚ ਤਾਂ ਬਹੁਤ ਸੋਹਣੇ ਬਣਦੇ ਸੀ। ਇੱਕ ਵਾਰੀ ਸੰਗਤਾਂ ਨੇ ਬੇਨਤੀ ਕਰੀ ਕਿ ਪਾਤਸ਼ਾਹ! ਛੱਤੀ ਪ੍ਰਕਾਰ ਦੇ ਭੋਜਨ ਤੁਹਾਡੇ ਲੰਗਰ ਵਿੱਚ ਬਣਦੇ ਨੇ, ਪਰ ਤੁਸੀਂ ਕਦੇ ਛਕਦੇ ਹੀ ਨਹੀਂ ਓ, ਛਕਦੇ ਕੀ ਓਂ, ਅਲੂਣਾ ਪ੍ਰਸ਼ਾਦਾ ਛਕਦੇ ਓਂ, ਲੂਣ ਵੀ ਨਹੀਂ ਵਿੱਚ ਪਾਉਂਦੇ। ਉਬਲਿਆ ਹੋਇਆ ਬਾਜਰਾ ਹੁੰਦਾ ਹੈ ਤੇ ਜਦੋਂ ਸੰਗਤਾਂ ਸੋਹਣੇ ਪਦਾਰਥ ਛਕਦੀਆਂ ਨੇ ਤਾਂ ਸਾਰਿਆਂ ਦੇ ਮਨ ਵਿੱਚ ਆਉਂਦਾ ਹੈ ਕਿ ਗੁਰੂ ਮਹਾਰਾਜ ਤਾਂ ਛਕਦੇ ਨਹੀਂ ਸਾਨੂੰ ਛਕਾਈ ਜਾਂਦੇ ਨੇ, ਮਹਾਰਾਜ ਕਹਿੰਦੇ ਪ੍ਰੇਮੀਓ! ਸਾਨੂੰ ਸਾਰਾ ਹੀ ਪਹੁੰਚ ਜਾਂਦਾ ਹੈ, ਜਦੋਂ ਤੁਸੀਂ ਅਰਦਾਸ ਕਰਦੇ ਓਂ ਨਾ ਭੋਗ ਲਾਉਣ ਦੀ, ਕਹਿੰਦੇ ਸਾਨੂੰ ਗਰਾਹੀ-ਗਰਾਹੀ ਸਾਰਿਆਂ ਦੀ ਪਹੁੰਚ ਜਾਂਦੀ ਹੈ, ਅਸੀਂ ਇਹਦੇ ਨਾਲ ਹੀ ਰੱਜੇ ਰਹਿੰਦੇ ਹਾਂ। ਲੰਗਰ ਵਰਤ ਹਟੇਗਾ ਉਸ ਵੇਲੇ ਸਾਡੇ ਨਾਲ ਗੱਲ ਕਰਿਓ। ਮਹਾਰਾਜ ਦੇ ਕੋਲ ਜਾਂਦੇ ਨੇ, ਮਹਾਰਾਜ ਕਹਿੰਦੇ ਇੱਕ ਦਾਤਨ ਲਿਆਓ, ਜਦੋਂ ਦਾਤਣ ਕਰੀ ਤਾਂ ਦੰਦਾਂ ਦੇ ਨਾਲੋਂ ਜੋ ਚੀਜ਼ਾਂ ਲੰਗਰ 'ਚ ਬਣੀਆਂ ਹੋਈਆਂ ਸੀ, ਉਹਦੇ ਅੰਸ ਲਹਿ ਰਹੇ ਨੇ, ਮਹਾਰਾਜ ਕਹਿੰਦੇ ਆ ਰਿਹਾ ਹੈ ਨਾ ਸਾਡੇ ਕੋਲ। ਲੇਕਿਨ ਆਪ ਅਲੂਣਾ ਖਾਂਦੇ ਸੀ। ਇਹਨੇ ਸਿਫਾਰਸ਼ ਕਰੀ ਕਿ ਜੋ ਗੁਰੂ ਸਾਹਿਬ ਖਾਂਦੇ ਨੇ ਉਹ ਮੈਨੂੰ ਦਿਓ। ਉਸ ਵੇਲੇ ਓਗਰਾ ਆ ਗਿਆ, ਹੈਰਾਨ ਹੋ ਗਿਆ, ਕੋਈ ਚੀਜ਼ ਇਹੋ ਜਿਹੀ ਖਾ ਕੇ ਹੀ ਨਹੀਂ ਸੀ ਦੇਖੀ, ਕੁਛ ਨਹੀਂ ਪਤਾ ਲਗਦਾ ਕਿ ਇਹ ਕੀ ਹੋਇਆ। ਦੇਣ ਵਾਲਿਆਂ ਦੇ ਮਨ ਵਿੱਚ ਵੀ ਸੀ ਕਿ ਇਹਦੇ

ਵਿੱਚ ਤਾਂ ਨਾ ਲੂਣ ਹੈ ਨਾ ਮਿਰਚ ਹੈ, ਕੇਵਲ ਉਬਾਲਿਆ ਹੋਇਆ ਹੈ। ਮਹਾਰਾਜ ਦੀ ਹਜ਼ੂਰੀ ਹੈ, ਜਦੋਂ ਇੱਕ ਬੁਰਕੀ ਪਾਉਂਦਾ ਹੈ ਮੂੰਹ, ਅੰਦਾਜ਼ੇ ਲਾਉਂਦਾ ਹੈ ਕਿ ਕਿੰਨੇ ਸਵਾਦ ਨੇ ਇਹਦੇ ਵਿੱਚ, ਦੂਜੀ ਪਾਈ ਸਵਾਦ ਸਾਰਾ ਹੀ ਬਦਲ ਲਿਆ, ਤੀਜੀ ਪਾਈ ਹੋਰ ਸਵਾਦ ਆ ਗਿਆ, ਉਥੇ ਹੀ ਵਿਸਮਾਦ 'ਚ ਆ ਗਿਆ, ਕਹਿਣ ਲੱਗਿਆ ਕਮਾਲ ਹੈ, ਗੁਰੂ ਪੀਰਾਂ ਦੀ ਜੋ ਖੁਰਾਕ ਹੁੰਦੀ ਹੈ, ਦੇਖਣ ਨੂੰ ਕੁਛ ਵੀ ਨਹੀਂ ਹੈ, ਇਹ ਹੈ ਕੀ, ਇਹਦੇ 'ਚ ਤਾਂ ਸਾਰੇ ਰਸ ਨੇ। ਸੋ ਉਹ ਵੀ ਜਿਸ ਵਕਤ ਦਰਸ਼ਨ ਕਰਦਾ ਹੈ ਤਾਂ ਲੰਗਰ 'ਚੋਂ ਪ੍ਰਸ਼ਾਦਾ ਛਕ ਕੇ ਪੰਗਤ 'ਚ ਬੈਠ ਕੇ ਉਹਨੇ ਪ੍ਰਸ਼ਾਦਾ ਛਕਿਆ। ਜਦੋਂ ਮਾਈਦਾਸ ਗਿਆ, ਉਸ ਵੇਲੇ ਹੁਕਮ ਹੋਇਆ ਕਿ ਪਹਿਲਾ ਲੰਗਰ 'ਚ ਪ੍ਰਸ਼ਾਦਾ ਛਕ ਕੇ ਆਓ, ਫੇਰ ਤੁਹਾਨੂੰ ਦਰਸ਼ਨ ਹੋਣਗੇ। ਜਦੋਂ ਉਸ ਥਾਂ 'ਤੇ ਗਿਆ, ਉਥੇ ਕੀ ਦੇਖਦਾ ਹੈ, ਇੱਕ ਦੋ ਨੂੰ ਪੁਛਿਆ ਕਿ ਤੇਰੀ ਜ਼ਾਤ ਕੀ ਹੈ, ਉਹ ਕਹਿਣ ਲੱਗਿਆ ਕਿ ਮੈਂ ਤਾਂ ਫਲਾਣਾ ਹਾਂ, ਮੇਰੀ ਜਾਤ ਫਲਾਣੀ ਹੈ, ਜਿਨ੍ਹਾਂ ਨੂੰ ਛੋਟੀਆਂ ਜਾਤਾਂ ਕਹਿੰਦੇ ਉਹ ਉਨ੍ਹਾਂ ਦੇ ਬੰਦੇ ਸੀ। ਉਹ ਕਹਿਣ ਲੱਗੇ ਕਿ ਇਨ੍ਹਾਂ ਨੇ ਤਾਂ ਚੌਂਕਾ ਵੀ ਨਹੀਂ ਦਿੱਤਾ ਹੋਇਆ, ਇੱਥੇ ਸੁੱਚ ਤਾਂ ਰਹੀ ਹੀ ਨਹੀਂ ਹੈ ਇਸ ਥਾਂ ਦੇ ਉੱਤੇ। ਕਹਿਣ ਲੱਗਿਆ, ਮੈਂ ਨਹੀਂ ਪ੍ਰਸ਼ਾਦਾ ਛਕਦਾ। ਜਿਹੜੇ ਧਰਮ ਦੇ ਆਦਿ ਵਿੱਚ ਹੀ ਗਿਰਾਵਟ ਹੋਵੇ, ਉਹ ਧਰਮ ਧਾਰਨ ਨਾਲੋਂ ਨਾ ਧਾਰਨਾ ਚੰਗਾ ਹੈ। ਇਹ ਤਾਂ ਮੇਰੇ ਸਾਰੇ ਨਿਸ਼ਚੇ ਹਿਲਦੇ ਨੇ, ਕਿਉਂਕਿ ਉਹਨੂੰ ਸੁੱਚ ਦਾ ਤੇ ਜੂਠ ਦਾ ਪਤਾ ਨਹੀਂ ਸੀ। ਸੁੱਚਾ ਇਹ ਨਹੀਂ ਹੁੰਦਾ ਜਿਹੜਾ ਨਹਾ ਧੋ ਕੇ ਬੈਠ ਜਾਏ, ਮਹਾਰਾਜ ਕਹਿੰਦੇ, ਸੁੱਚਾ ਤਾਂ ਹੋਰ ਹੁੰਦਾ ਹੈ, ਐਉਂ ਪੜ੍ਹ ਲਓ –

**ਧਾਰਨਾ – ਸੁੱਚਾ ਤਾਂ ਓਹੀਓ ਹੈ**
**ਜਿਸਦੇ ਮਨ ਵਸ ਜਾਏ ਵਾਹਿਗੁਰੂ।**

***ਸੂਚੇ ਏਹਿ ਨ ਆਖੀਅਹਿ ਬਹਨਿ***
***ਜਿ ਪਿੰਡਾ ਧੋਇ ॥***
***ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥***
***ਅੰਗ – ੪੭੨***

ਸੁੱਚਾ ਕੌਣ ਹੈ, ਜੂਠਾ ਕੌਣ ਹੈ, ਜੋ ਵਾਹਿਗੁਰੂ ਨੂੰ ਭੁੱਲਿਆ ਹੋਇਆ ਹੈ ਚਾਹੇ ਵੱਡੇ ਤੋਂ ਵੱਡੇ ਤੀਰਥ 'ਚ ਇਸ਼ਨਾਨ ਕਰ ਲਏ, ਸੋਹਣੇ ਤੋਂ ਸੋਹਣੇ ਕਪੜੇ ਪਾ ਲਏ, ਮਹਾਰਾਜ ਕਹਿੰਦੇ ਉਹ ਜੂਠਾ ਹੀ ਰਹੇਗਾ। ਸੁੱਚਾ ਉਹ –

***ਤਨੁ ਸੂਚਾ ਸੋ ਆਖੀਐ***
***ਜਿਸੁ ਮਹਿ ਸਾਚਾ ਨਾਉ ॥ ਅੰਗ – ੧੯***

ਜਿਹਦੇ 'ਚ ਨਾਉਂ ਪ੍ਰਗਟ ਹੋ ਗਿਆ –

***ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥***
***ਅੰਗ – ੧੯***

***ਮੈਲੈ ਸੂਚਾ ਕਿਉ ਹੋਇ ॥ ਅੰਗ – ੬੮੬***

ਮਹਾਰਾਜ ਕਹਿੰਦੇ, ਮਨ ਤਾਂ ਮੈਲ ਨਾਲ ਭਰਿਆ ਪਿਆ ਹੈ, ਈਰਖਾ, ਨਿੰਦਿਆ, ਚੁਗਲੀ, ਬੇਅੰਤ ਚੀਜ਼ਾਂ ਮਨ ਦੇ ਅੰਦਰ ਮੈਲਾਂ ਲਈ ਫਿਰਦਾ ਹੈ। ਕਹਿੰਦੇ, ਉਹਨੂੰ ਸੁੱਚਾ ਕਿਵੇਂ ਕਹਿ ਦਿਓਂਗੇ।

***ਮਨਿ ਮੈਲੈ ਸੂਚਾ ਕਿਉ ਹੋਇ ॥***

***ਸਾਚਿ ਮਿਲੈ ਪਾਵੈ ਪਤਿ ਸੋਇ ॥ ਅੰਗ – ੬੮੬***

ਸੱਚ ਮਿਲ ਜਾਵੇ ਤਾਂ ਤਾਂ ਸੁੱਚਾ ਹੁੰਦਾ ਹੈ। ਸੋ ਇਸਨੂੰ ਭੁਲੇਖਾ ਲਗ ਗਿਆ। ਕਿ ਚੌਂਕੇ ਵੀ ਨਹੀਂ ਇਨ੍ਹਾਂ ਨੇ ਕਰੇ ਹੋਏ, ਸਹਿਜ ਸੁਭਾਅ ਲੰਗਰ ਲਿਆਈ ਜਾਂਦੇ ਨੇ, ਚੀਜ਼ਾਂ ਲਿਆਈ ਜਾਂਦੇ ਨੇ, ਵਿੱਚ ਰੱਖੀ ਜਾਂਦੇ ਨੇ ਜਿਹਦਾ ਜੀਅ ਕਰਦਾ ਹੈ ਵੜ ਜਾਂਦਾ ਹੈ। ਫੇਰ ਜਾਤ ਪੁੱਛਣ ਲਗ ਗਿਆ ਕਿ ਤੇਰੀ ਜਾਤ ਕੀ ਹੈ? ਤੇਰੀ ਕੀ ਹੈ? ਜਦੋਂ ਜਾਤਾਂ ਪੁੱਛੀਆਂ ਕਿ ਇਹ ਤਾਂ ਬ੍ਰਾਹਮਣ ਨਹੀਂ ਇੱਥੇ ਤਾਂ ਰਸੋਈ ਬਣਾਉਂਦੇ, ਇਥੇ ਤਾਂ ਜਿਹਦਾ ਜੀਅ ਕਰਦਾ ਹੈ ਜਾ ਕੇ ਲੰਗਰ 'ਚ ਕੰਮ ਕਰਨ ਲਗ ਜਾਂਦਾ ਹੈ। ਕਹਿੰਦਾ, ਓ ਮਨਾਂ! ਆਹ ਧਰਮ ਨਹੀਂ ਧਾਰਨਾ, ਕਿਉਂਕਿ ਜਿਹਦੇ ਵਿੱਚ ਬੁਨਿਆਦੀ ਨੁਕਸ ਹੋਵੇ, ਉਹਦੇ ਨਾਲੋਂ ਤਾਂ ਨਾ ਧਾਰਨਾ ਚੰਗਾ ਹੁੰਦਾ ਹੈ, ਕਿਉਂਕਿ ਭੁਲੇਖਾ ਪੈ ਗਿਆ ਜਾਤ ਪਾਤ ਦਾ। ਮਹਾਰਾਜ ਕਹਿੰਦੇ, ਕਿਉਂ ਜਾਤਾਂ ਪਾਤਾਂ 'ਚ ਪੈਂਦੇ ਓਂ ਭਾਈ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਕਾਹਨੂੰ ਜਾਤ ਦਾ ਗੁਮਾਨ ਕਰੇਂ***
***ਮੂਰਖਾ, ਸਭਨਾਂ ਅੰਦਰ ਇੱਕੋ ਜੋਤ ਹੈ।***

***ਅਵਲਿ ਅਲਹ ਨੂਰੁ ਉਪਾਇਆ***
***ਕੁਦਰਤਿ ਕੇ ਸਭ ਬੰਦੇ ॥***
***ਏਕ ਨੂਰ ਤੇ ਸਭੁ ਜਗੁ ਉਪਜਿਆ***
***ਕਉਨ ਭਲੇ ਕੋ ਮੰਦੇ ॥***
***ਲੋਗਾ ਭਰਮਿ ਨ ਭੂਲਹੁ ਭਾਈ ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ***
***ਪੂਰਿ ਰਹਿਓ ਸ੍ਰਬ ਠਾਂਈ ॥ ਅੰਗ – ੧੩੫੦***

***ਕੋਊ ਭਇਓ ਮੁੰਡੀਆ ਸੰਨਿਆਸੀ***
***ਕੋਊ ਜੋਗੀ ਭਇਓ,***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ ਸਬੈ ਏਕ ਜੋਤ ਜਾਨਬੋ॥***
***ਅਕਾਲ ਉਸਤਤਿ***

ਇੱਕੋ ਸਰੀਰ ਪੰਜ ਤੱਤ ਦਾ ਬਣਿਆ ਹੋਇਆ –

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥***
***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ– ੩੦੯***

ਸੋ ਜਾਤ ਪਾਤ ਕਾਹਦੀ ਹੋਈ, ਕਹਿੰਦੇ ਇਹ ਤਾਂ ਵੱਡਾ ਭੁਲੇਖਾ ਪਿਆ ਹੋਇਆ ਹੈ।

***ਧਾਰਨਾ – ਪੰਜਾਂ ਤੱਤਾਂ ਦੇ ਸਰੀਰ ਨੇ ਸਾਰੇ,***
***ਸਾਰਿਆਂ ਦਾ ਰੱਬ ਇੱਕੋ ਹੈ।***

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ, ਏਕੈ ਦੇ ਏਕੈ ਬਾਨ,*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ ਪੁਰਾਨ ਐ ਕੁਰਾਨ ਓਈ,*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥*
*ਅਕਾਲ ਉਸਤਤਿ*

ਮਹਾਰਾਜ ਕਹਿੰਦੇ ਕਿੰਨੇ ਭੁਲੇਖਿਆਂ 'ਚ ਸੰਸਾਰ ਪੈ ਗਿਆ। ਕਿਸੇ ਨੇ ਮਸਜਿਦ ਬਣਾ ਲਈ, ਕਿਸੇ ਨੇ ਮੰਦਰ ਬਣਾ ਲਿਆ, ਉਥੇ ਕੀ ਨਾਚ ਗਾਉਣੇ ਕਰਦੇ ਨੇ, ਉਹ ਵੀ ਨਮਾਜ਼ ਪੜ੍ਹਦੇ ਨੇ, ਉਹ ਵੀ ਭਜਨ ਕਰਦੇ ਨੇ। ਜਿਸ ਦੇਸ਼ 'ਚ ਕੋਈ ਰਹਿੰਦਾ ਹੈ, ਓਹੋ ਜਿਹਾ ਉਹਦਾ ਪਹਿਰਾਵਾ ਹੋ ਗਿਆ। ਉਹੋ ਜਿਹੇ ਬੰਦਿਆਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ, ਲੇਕਿਨ ਜਿਹੜੀ ਬੇਸਿਕ ਚੀਜ਼ ਹੈ ਕਿ ਦੱਸੋ ਉਨ੍ਹਾਂ ਦੀ ਅੱਖਾਂ ਕੀ ਹੋਰ ਤਰ੍ਹਾਂ ਦੀਆਂ ਨੇ? ਜਿਨ੍ਹਾਂ ਨੂੰ ਸ਼ੂਦਰ ਕਹਿੰਦੇ ਓਂ, ਮਾੜੇ ਕਹਿੰਦੇ ਓਂ ਉਨ੍ਹਾਂ ਦੀਆਂ ਅੱਖਾਂ ਕੀ ਕੰਨਾਂ ਦੇ ਪਿਛਲੇ ਪਾਸੇ ਲੱਗੀਆਂ ਹੋਈਆਂ ਨੇ? ਕਿ ਉਚੀ ਜਾਤ ਵਾਲਿਆਂ ਦੀਆਂ ਅੱਖਾਂ ਬਹੁਤ ਸੋਹਣੀਆਂ ਨੇ? ਇੱਕੋ ਜਿਹੀ ਬੋਲੀ ਹੈ, ਇੱਕੋ ਜਿਹੀ ਦੇਹ ਹੈ, ਪੁਰਾਨ ਵੀ ਰੱਬ ਵਲ ਨੂੰ ਤੋਰਦਾ ਹੈ, ਕੁਰਾਨ ਵੀ ਰੱਬ ਵਲ ਨੂੰ ਤੋਰਦਾ ਹੈ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥*
*ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥ ਅੰਗ- ੧੧੨੭*

ਜਿਹੜਾ ਬ੍ਰਹਮ ਨੂੰ ਬਿੰਦਦਾ ਹੈ ਨਾ, ਸਾਰੇ ਸੰਸਾਰ ਦੇ ਅੰਦਰ ਬ੍ਰਹਮ ਦਾ ਦਰਸ਼ਨ ਕਰਦਾ ਹੈ, ਕਹਿੰਦੇ ਉਹ ਬ੍ਰਾਹਮਣ ਹੁੰਦਾ ਹੈ, ਜਾਤ ਤੋਂ ਬ੍ਰਾਹਮਣ ਨਹੀਂ ਹੁੰਦਾ -

*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥*
*ਅੰਗ - ੪੬੯*

ਜਿਹੜੇ ਸ਼ੁਭ ਕਰਮ ਕਰਕੇ ਗਏ ਨੇ ਕਹਿੰਦੇ ਉਨ੍ਹਾਂ ਦੀ ਜਾਤ ਤਾਂ ਉੱਤਮ ਹੈ -

*ਆਗੈ ਜਾਤਿ ਰੂਪੁ ਨ ਜਾਇ ॥*
*ਤੇਹਾ ਹੋਵੈ ਜੇਹੇ ਕਰਮ ਕਮਾਇ ॥ ਅੰਗ- ੩੬੩*

*ਕਾਇਆ ਨਗਰਿ ਬਸਤ ਹਰਿ ਸੁਆਮੀ*
*ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥*
*ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ*
*ਹਰਿ ਲਾਧਾ ਗੁਰ ਵੀਚਾਰਾ ॥ ਅੰਗ - ੭੨੦*
*ਕਾਇਆ ਕੁਸੁਧ ਹਉਮੈ ਮਲੁ ਲਾਈ ॥*
*ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥*
*ਸਬਦਿ ਧੋਪੈ ਤਾ ਹਛੀ ਹੋਵੈ*
*ਫਿਰਿ ਮੈਲੀ ਮੂਲਿ ਨ ਹੋਈ ਹੇ ॥ ਅੰਗ- ੧੦੪੫*

ਸੋ ਇਸਨੂੰ ਭੁਲੇਖਾ ਪੈ ਗਿਆ, ਕਹਿਣ ਲੱਗਿਆ ਮਨਾਂ! ਇੱਥੇ ਤਾਂ ਕੁਛ ਨਹੀਂ ਹੈ, ਚਲੋ ਦੁਆਰਕਾ ਚਲਦੇ ਹਾਂ, ਉਥੇ ਕ੍ਰਿਸ਼ਨ ਮਹਾਰਾਜ ਦੇ ਦਰਸ਼ਨ ਕਰਾਂਗੇ। ਦ੍ਰਿੜ੍ਹ ਨਿਹਚਾ ਹੋ ਗਿਆ, ਪੱਕਾ ਜਗਿਆਸੂ ਸੀ, ਇਹ ਨਹੀਂ ਸੀ ਕਿ ਉਹਦੇ ਜੀਵਨ 'ਚ ਕੋਈ ਕਮੀ ਸੀ। ਵੈਰਾਗੀ ਹੋ ਗਿਆ, ਸੱਟ ਖਾਧੀ ਕਿ ਆਇਆ ਤਾਂ ਮੈਂ ਸੀਗਾ, ਹੋਣਾ ਇੱਥੇ ਸੁੱਚ ਸੰਜਮ ਹੋਣੀ ਹੈ, ਉੱਚੀਆਂ ਜਾਤਾਂ ਦੇ ਪ੍ਰਸ਼ਾਦੇ ਬਣਾਉਂਦੇ ਹੋਣੇ ਨੇ, ਚੌਂਕੇ ਲਿਪਦੇ ਹੋਣੇ ਨੇ, ਲੱਕੜੀਆਂ ਧੋਂਦੇ ਹੋਣੇ ਨੇ, ਕਣਕ ਨੂੰ ਧੋ ਕੇ ਸੁਕਾਉਂਦੇ ਹੋਣੇ ਨੇ, ਥੱਲੇ ਧਰਤੀ ਪੁੱਟ-ਪੁੱਟ ਕੇ ਚੁੱਲ੍ਹੇ ਬਣਾਉਂਦੇ ਹੋਣੇ ਨੇ।

ਗੁਰੂ ਤੀਸਰੇ ਪਾਤਸ਼ਾਹ ਦੇ ਪਾਸ ਇੱਕ ਸੰਤਾਂ ਦੀ ਮੰਡਲੀ ਆਈ। ਜਿਹੜੇ ਆਪਣਾ-ਆਪਣਾ ਖਾਣਾ ਆਪ ਬਣਾਉਂਦੇ ਸੀ। ਦੂਜਿਆਂ ਦੇ ਹੱਥ ਦਾ ਨਹੀਂ ਸੀ ਖਾਂਦੇ, ਇਹ ਪੁਰਾਣਿਆਂ ਜ਼ਮਾਨਿਆਂ ਦੀਆ ਰੀਤਾਂ ਸਿੰਘਾਂ 'ਚ ਵੀ ਆ ਵੜੀਆਂ। ਮਹਾਰਾਜ ਨੇ ਕੁਛ ਹੋਰ ਬਣਾਇਆ ਸੀ, ਸਾਡੇ ਰਹੁ-ਰੀਤਾਂ ਬਦਲ ਗਈਆਂ, ਫੇਰ ਅਸੀਂ ਜਿੱਥੋਂ ਕੱਢੇ ਸੀ ਉਥੇ ਹੀ ਜਾ ਗਿਰੇ। ਉਹ ਕਹਿੰਦੇ, ਜੀ ਅਸੀਂ ਲੰਗਰ 'ਚ ਤਾਂ ਪ੍ਰਸ਼ਾਦਾ ਛਕਣਾ ਨਹੀਂ, ਸਵੈ-ਪਾਕੀ ਹਾਂ। ਮਹਾਰਾਜ ਕਹਿੰਦੇ, ਭਾਈ! ਇਨ੍ਹਾਂ ਨੂੰ ਰਾਸ਼ਨ ਦੇ ਦਿਓ, ਜੋ ਮੰਗਦੇ ਨੇ ਦੇ ਦਿਓ। ਰਸਦਾਂ ਦੇ ਦਿੱਤੀਆਂ ਗਈਆਂ ਤੇ ਜਦੋਂ ਚੁੱਲਾਂ ਪੁੱਟਣ ਲੱਗੇ ਧਰਤੀ 'ਤੇ, ਉਥੇ ਗਊ ਦੀਆਂ ਹੱਡੀਆਂ ਨਿਕਲ ਆਈਆਂ। ਉਥੋਂ ਤੁਰ ਗਏ। ਦੂਰ ਜਾ ਕੇ ਫੇਰ ਪੁੱਟਿਆ ਉਥੇ ਕੁੱਤੇ ਦੀਆਂ ਹੱਡੀਆਂ ਨਿਕਲ ਆਈਆਂ। ਅਗਾਹਾਂ ਜਾ ਕੇ ਫੇਰ ਪੁਟਿਆ, ਉਥੇ ਮਨੁੱਖ ਦੀਆਂ ਹੱਡੀਆਂ ਨਿਕਲ ਆਈਆਂ। ਪੁੱਟਦੇ-ਪੁੱਟਦੇ ਕੋਈ ਥਾਂ ਨਾ ਲੱਭਿਆ, ਅਖੀਰ ਬਿਆਸਾ ਦਰਿਆ ਦੇ ਕੰਢੇ ਬਰੇਤੀ 'ਤੇ ਜਾ ਕੇ, ਉਨ੍ਹਾਂ ਨੇ ਲੰਗਰ ਤਿਆਰ ਕਰਿਆ ਤੇ ਮਹਾਰਾਜ ਤੋਂ ਇਜਾਜ਼ਤ ਮੰਗੀ ਕਿ ਸਾਨੂੰ ਦਰਸ਼ਨਾਂ ਦੀ ਇਜਾਜ਼ਤ ਦਿਓ, ਮਹਾਰਾਜ ਨੇ ਕਿਹਾ ਕਿ ਆ ਜਾਣ।

ਜਦੋਂ ਆਏ, ਕਹਿੰਦੇ ਸੰਤ ਜੀ! ਇੱਕ ਬਚਨ ਤੁਹਾਡੇ ਨਾਲ ਕਰਨਾ ਹੈ।

ਕਹਿੰਦੇ ਦੱਸੋ, ਮਹਾਰਾਜ।

ਕਹਿੰਦੇ, ਇੱਥੇ ਇੱਕ ਮਹਾਤਮਾ ਆਏ, ਉਹ ਕਹਿੰਦੇ ਅਸੀਂ ਹੱਥ ਨਾਲ ਬਣਾ ਕੇ ਰੋਟੀ ਖਾਂਦੇ ਹਾਂ। ਕਹਿੰਦੇ, ਅਸੀਂ ਉਨ੍ਹਾਂ ਰਸਦ ਦੇ ਦਿੱਤੀ। ਉਨ੍ਹਾਂ ਨੇ ਬੜੀ ਸੋਧ ਦੇ ਨਾਲ ਬਣਾਈ, ਕਿਤੋਂ ਕੁਛ ਨਿਕਲ ਆਵੇ, ਕਿਤੋਂ ਕੁਛ। ਸੋਚਣ ਲੱਗ ਗਿਆ ਕਿ ਸਾਨੂੰ ਵੀ ਇਵੇਂ ਜਿਵੇਂ ਨਿਕਲਦਾ ਰਿਹਾ ਹੈ। ਕਹਿੰਦੇ ਜਦੋਂ ਉਨ੍ਹਾਂ ਨੇ ਛੱਤੀ ਪ੍ਰਕਾਰ ਦੇ ਭੋਜਨ ਬਣਾਏ ਨਾ, ਬੜੇ ਹੀ ਸੁਆਦੂ ਭੋਜਨ। ਕਹਿੰਦੇ ਇੱਕ ਵਿਸ਼ਟਾ ਦਾ ਥੈਲਾ ਸੀ ਉਹਦੇ ਵਿਚ ਪਾ ਦਿੱਤੇ ਸਾਰੇ। ਐਨੀ ਗੱਲ ਕਹਿ ਕੇ ਮਹਾਰਾਜ ਚੁੱਪ ਹੋ ਗਏ ਤੇ ਹੁਣ ਸੰਤ ਕਹਿਣ ਲੱਗੇ, ਮਹਾਰਾਜ! ਇਹਦੇ ਨਾਲੋਂ ਤਾਂ ਮਹਾਂਮੂਰਖ ਕੋਈ ਵੀ ਨਹੀਂ ਹੋਣਾ। ਐਨੀ ਸੋਚ ਕਰੀ, ਐਨੀ ਸੁੱਚ ਭਾਲੀ, ਐਨੇ ਥਾਵਾਂ 'ਤੇ ਗਏ, ਫੇਰ ਵਿਸ਼ਟਾ ਦੇ ਥੈਲੇ 'ਚ ਪਾ ਦਿੱਤੇ? ਬੇਅਦਵੀ ਕਰ ਦਿੱਤੀ। ਮਹਾਰਾਜ ਕਹਿੰਦੇ ਨਾਲੇ ਇਹ ਦੇਵਤੇ ਕਹਾਉਂਦੇ ਨੇ ਪੰਜੋ ਹੀ।

*ਅੰਨੁ ਦੇਵਤਾ ਪਾਨੀ ਦੇਵਤਾ*
*ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥*

***ਤਾ ਹੋਆ ਪਾਕੁ ਪਵਿਤੁ ॥ ਅੰਗ - ੪੭੩***

ਐਹੋ ਜਿਹੀ ਪਵਿੱਤਰ ਚੀਜ਼ ਮਹਾਰਾਜ! ਵਿਸ਼ਟਾ ਦੇ ਥੈਲੇ 'ਚ ਪਾ ਦਿੱਤੀ? ਮਹਾਰਾਜ ਕਹਿੰਦੇ, ਉਹ ਕਿਹੜਾ ਸੰਤ ਹੈ? ਜਿਹੜਾ ਮੁੱਖੀ ਸੰਤ ਸੀ ਉਹ ਕਹਿਣ ਲੱਗਿਆ ਕਿ ਮੈਨੂੰ ਤਾਂ ਦੱਸੋ ਕਿ ਉਸ ਸੰਤ ਨਾਲ ਦੋ ਬਚਨ ਤਾਂ ਕਰੀਏ ਕਿ ਐਨਾ ਸੋਹਣਾ ਭੋਜਨ ਬਣਾ ਕੇ, ਐਨਾ ਵਿਸ਼ਟਾ ਬਣਾ ਕੇ ਵਿਸ਼ਟਾ ਦੇ ਥੈਲੇ 'ਚ ਪਾ ਦਿੱਤਾ? ਮਹਾਰਾਜ ਨੇ ਉਹਦਾ ਹੀ ਨਾਉਂ ਲੈ ਦਿੱਤਾ, ਕਹਿੰਦੇ ਉਹਦਾ ਨਾਉਂ ਆਹ ਸੀਗਾ। ਕਹਿੰਦਾ, ਮਹਾਰਾਜ! ਮੈਂ ਤਾਂ ਵਿਸ਼ਟਾ ਦੇ ਥੈਲੇ 'ਚ ਨਹੀਂ ਪਾਇਆ? ਮਹਾਰਾਜ ਕਹਿੰਦੇ, ਮੂੰਹ ਤੋਂ ਅੱਗੇ ਕੀ ਹੈ?

***ਬਿਸਟਾ ਅਸਤ ਰਕਤੁ ਪਰੇਟੇ ਚਾਮ ॥***
***ਇਸੁ ਊਪਰਿ ਲੇ ਰਾਖਿਓ ਗੁਮਾਨ ॥ ਅੰਗ- ੩੭੪***

ਇਹ ਦੇਹੀ ਕੀ ਹੈ, ਗੰਦ-ਮੰਦ ਦਾ ਥੈਲਾ ਹੈ।

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥***
***ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ - ੩੭੪***

ਕਿੱਡਾ ਹੀ ਵਧੀਆ ਤੋਂ ਵਧੀਆ ਭੋਜਨ ਪਾ ਲੈ, ਆਦਮੀ ਦੀ ਸੰਗਤ 'ਚ ਦੋ ਘੜੀ ਰਹਿ ਜਾਵੇ। ਜੇ ਪੁੱਠਾ ਨਿਕਲ ਆਵੇ ਦਸ ਮਿੰਟ ਤੋਂ ਬਾਅਦ ਉਹਨੂੰ ਵੀ ਅਸੀਂ ਨਹੀਂ ਦੇਖ ਸਕਦੇ, ਜੇ ਮਲਮੂਤਰ ਦੇ ਨਾਲ ਨਿਕਲ ਜਾਵੇ ਤਾਂ ਵੀ ਅਸੀਂ ਨਹੀਂ ਦੇਖ ਸਕਦੇ। ਹੋਰ ਕਹਿੰਦੇ ਹੈ ਕੀ, ਗੰਦ-ਮੰਦ ਦਾ ਥੈਲਾ ਹੈ। ਇਹਦੇ ਵਾਸਤੇ ਐਨੀ ਸੁੱਚ, ਦੱਸੋ ਇਹ ਕਿਸੇ ਕੰਮ ਆਏਗੀ?

ਸੋ ਇਸ ਤਰ੍ਹਾਂ ਦੇ ਨਾਲ ਇਹ ਪ੍ਰੇਮੀ ਮਾਈਦਾਸ ਉਦਾਸ ਹੋ ਗਿਆ ਲੇਕਿਨ ਬੇਸਮਝੀ ਸੀ ਗੱਲ ਸਮਝ ਨਾ ਸਕਿਆ। ਕਰਮਕਾਂਡ ਦਾ ਪੱਕਾ ਸੀ। ਸੋ ਦੁਆਰਕਾ ਦੇ ਰਸਤੇ ਪੈ ਗਿਆ। ਬਹੁਤ ਵੈਰਾਗ ਦੇ ਵਿੱਚ ਤੁਰਿਆ ਜਾਂਦਾ ਹੈ। ਪੈਦਲ ਜਾ ਰਿਹਾ ਹੈ, ਰਾਜਸਥਾਨ ਲੰਘ ਗਿਆ। ਅੱਗੇ ਗੁਜਰਾਤ ਚਲਿਆ ਗਿਆ ਤੇ ਦੁਆਰਕਾ ਵਲ ਨੂੰ ਜਾ ਰਿਹਾ ਹੈ ਤੇ ਅੱਗੇ ਬੜੇ ਸੰਘਣੇ ਜੰਗਲ ਆ ਗਏ ਤੇ ਉਹਦੀ ਮਨ ਦੀ ਅਵਸਥਾ ਜੋ ਹੈ, ਉਹਦਾ ਕੁਛ ਕੁ ਵਰਣਨ ਇਸ ਤਰ੍ਹਾਂ ਹੋ ਸਕਦਾ ਹੈ? -

***ਧਾਰਨਾ - ਤੈਨੂੰ ਖੋਜਦੀ ਬੈਰਾਗਣ ਹੋਈ,***
***ਦਰਸ਼ਨ ਦੇ ਦੇ ਮੇਰੇ ਮਾਲਕਾ।***

***ਖੋਜਤ ਖੋਜਤ ਭਈ ਬੈਰਾਗਨਿ***
***ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥***
***ਅੰਗ - ੨੦੪***

ਹੇ ਪ੍ਰਭੂ ਮੈਨੂੰ ਦਰਸ਼ਨ ਦੇ, ਕਿੱਡੀ ਦੂਰੋਂ ਮੈਂ ਚੱਲ ਕੇ ਆਇਆ ਹਾਂ, ਕ੍ਰਿਪਾ ਕਰ ਮੇਰੀ ਆਸ ਨੂੰ ਫਲ ਲਾ। ਕਮਜ਼ੋਰ ਹੋ ਗਿਆ ਚਲਦਾ-ਚਲਦਾ। ਸਰੀਰ ਕ੍ਰਿਸ਼ ਹੋ ਗਿਆ। ਲੇਕਿਨ ਜਿਹੜੇ ਪ੍ਰਮੇਸ਼ਰ ਦੇ ਦਰਸ਼ਨਾਂ ਦੇ ਜਗਿਆਸੂ ਹੁੰਦੇ ਨੇ, ਪਿਆਰੇ ਹੁੰਦੇ ਨੇ ਉਹ ਇਨ੍ਹਾਂ ਤਕਲੀਫਾਂ ਦੀ ਪ੍ਰਵਾਹ ਨਹੀਂ ਕਰਿਆ ਕਰਦੇ। ਬਾਬਾ ਫਰੀਦ ਨੂੰ ਜਦੋਂ ਦਰਸ਼ਨਾਂ ਦੀ ਸਿੱਕ ਲੱਗੀ, ਉਸ ਵੇਲੇ ਜੋ ਹਾਲਤ ਹੋਈ, ਉਨ੍ਹਾਂ ਨੇ ਆਪਣੀ ਹਾਲਤ ਨੂੰ ਦਸਦਿਆਂ ਹੋਇਆਂ ਇਸ ਤਰ੍ਹਾਂ ਫੁਰਮਾਨ ਕੀਤਾ -

***ਧਾਰਨਾ - ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ,ਅਜੇ ਵੀ ਨਾ ਰੱਬ ਬਹੁੜਿਆ।***

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥***
***ਅੰਗ - ੧੩੮੨***

***ਕਾਗਾ ਕਰੰਗ ਢਢੋਲਿਆ***
***ਸਗਲਾ ਖਾਇਆ ਮਾਸੁ ॥***
***ਏ ਦੁਇ ਨੈਨਾ ਮਤਿ ਛੁਹਉ***
***ਪਿਰ ਦੇਖਨ ਕੀ ਆਸ ॥ ਅੰਗ - ੧੩੮੨***

ਆਸ ਦੇ ਉਤੇ ਜੰਗਲ ਦੇ ਅੰਦਰ ਚੌਵੀ ਸਾਲ ਤਪ ਕਰਦੇ ਨੂੰ ਲੰਘ ਗਏ। ਤਨ ਸੁੱਕ ਗਿਆ, ਕਾਵਾਂ ਨੇ ਕੇ ਮੁਰਦਾ ਸਮਝ ਕੇ ਖਾਣਾ ਸ਼ੁਰੂ ਕਰ ਦਿੱਤਾ। ਕਹਿਣ ਲੱਗਿਆ, ਐ ਕਾਵੋ! ਮਾਸ ਮੇਰਾ ਬੇਸ਼ੱਕ ਸਾਰਾ ਖਾ ਲਓ, ਪਰ ਮੇਰੀਆਂ ਅੱਖਾਂ 'ਤੇ ਠੂੰਗ ਨਾ ਮਾਰਿਓ, ਕਿਉਂਕਿ ਅਜੇ ਵੀ ਮੈਂ ਉਸਦੇ ਦਰਸ਼ਨ ਦੀ ਆਸ ਨਹੀਂ ਛੱਡੀ। ਸੋ ਜਿਸਨੂੰ ਇਹ ਲਗ ਜਾਂਦੀ ਹੈ, ਉਹ ਇਸ ਗੱਲ ਨੂੰ ਸਮਝਦਾ ਹੈ, ਦੂਜਿਆਂ ਨੂੰ ਨਹੀਂ ਇਸ ਗੱਲ ਦਾ ਪਤਾ ਲਗਦਾ।

***ਧਾਰਨਾ - ਜਿਸ ਤਨ ਲੱਗੀਆਂ,***
***ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦਾ।***

***ਜਿਉ ਮਛੁਲੀ ਬਿਨੁ ਪਾਣੀਐ***
***ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ***
***ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ ॥ ਅੰਗ - ੭੦੮***

***ਲਾਗੀ ਹੋਇ ਸੁ ਜਾਨੈ ਪੀਰ ॥***
***ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭***

ਮਛਲੀ ਜਾਣਦੀ ਹੈ ਕਿ ਪਾਣੀ ਤੋਂ ਬਗੈਰ ਜਿਉਂ ਨਹੀਂ ਸਕਦੀ, ਹੋਰ ਕੋਈ ਨਹੀਂ ਜਾਣਦਾ ਜਿਹਨੂੰ ਇਹ ਪ੍ਰਾਪਤ ਨਾ ਹੋਏ ਚੀਜ਼, ਉਹ ਕੀ ਜਾਣਦਾ ਹੈ ਮਛਲੀ ਦੇ ਮਨ ਦੀ ਹਾਲਤ। ਸੋ ਐਸੀ ਹਾਲਤ ਵੈਰਾਗ ਦੀ ਤੇ ਪ੍ਰੇਮ ਦੀ, ਉਹਨੂੰ ਦੁਆਰਕਾ ਵਲ ਨੂੰ ਖਿਚੀ ਲਈ ਜਾ ਰਹੀ ਹੈ। ਘੋਰ ਜੰਗਲ ਆ ਗਿਆ। ਅੱਗੇ ਕੋਈ ਰਾਹ ਨਹੀਂ ਨਜ਼ਰ ਆਉਂਦਾ, ਉਤੋਂ ਬਾਰਿਸ਼ ਹੋਣ ਲਗ ਗਈ। ਕੋਈ ਕਪੜਾ ਨਹੀਂ ਹੈ, ਸਰਦੀ ਲੱਗਣ ਲੱਗ ਗਈ, ਉਸ ਵੇਲੇ ਇੱਕ ਦਰਖਤ ਦੀ ਖੋੜ ਵਿੱਚ, ਦਰਖਤ ਦੇ ਖੱਡ ਸੀ। ਖੜ੍ਹਨ ਜੋਗਾ ਥਾਂ ਸੀ, ਉਥੇ ਖੜ੍ਹ ਗਿਆ ਜਾ ਕੇ। ਉਧਰਲੇ ਪਾਸੇ ਕਾਦਸ਼ੀ ਦਾ ਵਰਤ ਰੱਖ ਲਿਆ ਉਹਨੇ ਤੇ ਓਧਰ ਬਾਰਸ਼ਿ ਹੋਣੀ ਸ਼ੁਰੂ ਹੋ ਗਈ। ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਦਰਸ਼ਨ ਦੇ ਮੈਨੂੰ, ਐਸੀ ਅਵਸਥਾ ਦੇ ਵਿੱਚ ਜੋ ਹੁੰਦਾ ਹੈ,

ਮਹਾਰਾਜ ਕਹਿੰਦੇ ਉਹਨੂੰ ਸੰਸਾਰ 'ਤੇ ਰਹਿਣਾ ਔਖਾ ਹੁੰਦਾ ਹੈ –

***ਧਾਰਨਾ – ਰਹਿਣਾ ਜਗ ਔਖਾ ਹੈ,***
***ਦਰਸ਼ਨ ਤੋਂ ਬਾਝ ਪਿਆਰੇ।***

ਜਿਨ੍ਹਾਂ ਨੂੰ ਪਿਆਰ ਲਗ ਜਾਂਦਾ ਹੈ, ਉਨ੍ਹਾਂ ਨੂੰ ਪੁੱਛ ਕੇ ਦੇਖੋ ਕਿ ਦਿਨ ਵੀ ਨਹੀਂ ਲੰਘਦਾ, ਇੱਕ ਘੜੀ ਚਾਰ ਜੁਗ ਦੇ ਸਮਾਨ ਪ੍ਰਤੀਤ ਦਿੰਦੀ ਹੈ। ਨੀਂਦ ਨਹੀਂ ਆਉਂਦੀ, ਭੁੱਖ ਨਹੀਂ ਲਗਦੀ।

***ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥***
***ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥***
***ਅੰਗ – ੯੪***

ਕੋਈ ਮਿਲਾ ਦੇਵੇ ਤਾਂ ਮੇਰੇ ਪ੍ਰਾਣਾਂ ਦੇ ਅੰਦਰ ਜ਼ਿੰਦਗੀ ਆ ਜਾਵੇ।

***ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ***
***ਮੈ ਨੀਰੁ ਵਹੇ ਵਹਿ ਚਲੈ ਜੀਉ ॥ ਅੰਗ – ੯੪***

ਕਦੇ ਵੈਰਾਗ ਦੇ ਵਿਚੀਂ ਬੰਦਾ ਲੰਘਿਆ ਹੋਵੇ, ਉਹ ਏਸ ਰਮਜ਼ ਨੂੰ ਸਮਝ ਸਕਦਾ ਹੈ।

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ***
***ਸੋ ਤਨੁ ਜਾਣੁ ਮਸਾਨੁ ॥ ਅੰਗ – ੧੩੭੯***

ਜਿਹਨੂੰ ਪ੍ਰਮੇਸ਼ਰ ਦੀ ਖਿੱਚ ਹੀ ਨਹੀਂ ਪਈ, ਉਹ ਮੁਰਦੇ ਨੇ।

***ਅਤਿ ਸੁੰਦਰ ਕੁਲੀਨ ਚਤੁਰ***
***ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ – ੨੫੩***

ਜੇ ਪਿਆਰ ਹੀ ਨਹੀਂ ਆਇਆ ਕਹਿੰਦਾ ਉਹ ਤਾਂ ਬੰਦਾ ਜੀਉਂਦਾ ਹੀ ਮੁਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦਿਨ ਲੰਘ ਗਿਆ, ਰਾਤ ਲੰਘ ਗਈ। ਦੂਜੇ ਦਿਨ ਦੁਆਰਸੀ ਸੀ, ਵਰਤ ਉਪਾਰਨਾ ਸੀ ਨਾ ਪਾਣੀ ਪੀਣਾ ਸੀ, ਨਾ ਰੋਟੀ ਖਾਣੀ ਸੀ, ਨਿਰਜਲ ਤੇ ਨਿਰਅੰਨ੍ਹ ਵਰਤ ਰੱਖਿਆ ਹੋਇਆ ਸੀ ਕਿਉਂਕਿ ਕਰਮਕਾਂਡੀ ਸੀ। ਦੁਆਰਸੀ ਲੰਘ ਗਈ ਉਥੇ ਖੜ੍ਹੇ ਨੂੰ। ਬਾਰਿਸ਼ ਨਹੀਂ ਹਟੀ, ਭੁੱਖ ਲੱਗੀ ਹੋਈ ਹੈ, ਪ੍ਰਾਣ ਖੁਸ਼ਕ ਹੋ ਰਹੇ ਨੇ। ਪਿਆਸ ਲੱਗੀ ਹੋਈ ਹੈ, ਪਾਣੀ ਪੀਣਾ ਨਹੀਂ। ਉਸ ਵੇਲੇ ਐਸੀ ਹਾਲਤ ਜੋ ਪ੍ਰਮੇਸ਼ਰ ਦਾ ਪਿਆਰਾ ਹੈ, ਉਥੇ ਵਾਹਿਗੁਰੂ ਆਪ ਜਾਇਆ ਕਰਦਾ ਹੈ ਪ੍ਰਸ਼ਾਦਾ ਦੇਣ। ਇੱਕ ਥਾਂ ਨਹੀਂ ਹਜ਼ਾਰਾਂ ਮਿਸਾਲਾਂ ਨੇ, ਦੁਨੀਆਂ ਦੇ ਅੰਦਰ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ, ਹਜ਼ੂਰ ਸਾਹਿਬ ਸਵਾ ਲੱਖ ਪਾਠ ਜਪੁਜੀ ਸਾਹਿਬ ਦਾ ਕਰ ਰਹੇ ਸੀ। ਦਿਨ ਰਾਤ ਪਾਠ ਕਰਦੇ ਸੀ ਤੇ ਆਪ ਦੇ ਮਨ 'ਚ ਆਇਆ ਕਿ ਦਰਿਆ ਵਿੱਚ ਬੈਠ ਕੇ ਪਾਠ ਕਰੀਓ। ਐਵੇਂ ਨਹੀਂ ਸਾਧੂ-ਸੰਤ ਐਡੀਆਂ-ਐਡੀਆਂ ਪਦਵੀਆਂ ਪ੍ਰਾਪਤ ਕਰ ਲੈਂਦੇ। ਬੜਾ ਕੁਛ ਉਨ੍ਹਾਂ ਨੇ ਘਾਲਣਾ ਘਾਲੀਆਂ ਹੁੰਦੀਆਂ ਨੇ, ਜ਼ੁਬਾਨੀ-ਰਸਾਨੀ ਬਾਤਾਂ ਨਹੀਂ ਚਲਿਆ ਕਰਦੀਆਂ।

ਸੋ ਆਪ ਚਾਰ ਮੀਲ ਹਜ਼ੂਰ ਸਾਹਿਬ ਤੋਂ ਹੇਠਲੇ ਪਾਸੇ ਜਾ ਕੇ ਬੈਠ ਗਏ, ਦੂਸਰੇ ਦਿਨ ਹੈੱਡ ਗ੍ਰੰਥੀ ਨੂੰ ਸੁਪਨਾ ਆਉਂਦਾ ਹੈ ਕਿ ਮੇਰਾ ਪਿਆਰਾ ਚਾਰ ਮੀਲ 'ਤੇ ਬੈਠਾ ਹੈ, ਪ੍ਰਸ਼ਾਦਾ ਦੇ ਕੇ ਆ। ਸੁਪਨਾ ਜਾਣ ਕੇ ਉਸਨੇ ਪ੍ਰਸ਼ਾਦਾ ਨਾ ਦਿੱਤਾ। ਦੂਜੇ ਦਿਨ ਫੇਰ ਸੁਪਨਾ ਆਇਆ ਕਿ ਤੈਨੂੰ ਮੈਂ ਕੱਲ੍ਹ ਵੀ ਕਿਹਾ ਹੈ? ਘਰਵਾਲੀ ਨਾਲ ਗੱਲ ਕਰੀ। ਕਹਿੰਦੀ ਸਾਰਾ ਦਿਨ ਇੱਥੇ ਲੰਗਰ ਚਲਦਾ ਹੈ, ਉਹ ਖਿਆਲ ਤੇਰੇ ਮਨ 'ਚ ਰਹਿ ਜਾਂਦਾ ਹੈ। ਤਿੰਨ ਦਿਨ ਲੰਘ ਗਏ ਪ੍ਰਸ਼ਾਦਾ ਨਹੀਂ ਪਹੁੰਚਿਆ। ਚੌਥੇ ਦਿਨ ਫੇਰ ਆਇਆ, ਚੌਥੇ ਦਿਨ ਬੇਦਿਲੀ ਜਿਹੀ ਨਾਲ ਲੈ ਕੇ ਨੇੜੇ-ਨੇੜੇ ਘੁੰਮ ਆਇਆ। ਕੋਈ ਨਾ ਮਿਲਿਆ, ਨਾਲੇ ਆਪਣੇ ਆਪ 'ਤੇ ਹਸੇ ਕਿ ਮੈਂ ਐਵੇਂ ਕਮਲਾ ਹਾਂ। ਸੁਪਨੇ 'ਤੇ ਵੀ ਕੋਈ ਇਤਬਾਰ ਕਰੀਦਾ ਹੈ? ਪੰਜਵੇਂ ਦਿਨ ਫੇਰ ਆਇਆ ਕਿ ਅਸੀਂ ਰੋਜ਼ ਕਹਿੰਦੇ ਹਾਂ ਤੂੰ ਪ੍ਰਸ਼ਾਦਾ ਕਿਉਂ ਨਹੀਂ ਲੈ ਕੇ ਜਾਂਦਾ? ਤਾੜਨਾ ਨਾਲ ਜਦੋਂ ਮਹਾਰਾਜ ਨੇ ਕਿਹਾ, ਪ੍ਰਸ਼ਾਦਾ ਲੈ ਕੇ ਚਲਿਆ ਗਿਆ, ਓਧਰ ਸੰਤ ਮਹਾਰਾਜ ਉਥੋਂ ਉਠੇ ਪਰਲੇ ਪਾਸੇ ਹੋਰ ਚਾਰ ਮੀਲ ਲੰਘ ਗਏ। ਉਥੇ ਦੇਖ ਕੇ ਫੇਰ ਮੁੜ ਆਇਆ। ਫੇਰ ਅਗਲੇ ਦਿਨ ਆਇਆ ਕਿ ਉਹ ਤਾਂ ਹੋਰ ਅੱਗੇ ਚਾਰ ਮੀਲ ਲੰਘ ਗਏ। ਫੇਰ ਪ੍ਰਸ਼ਾਦਾ ਲੈ ਕੇ ਗਿਆ ਤੇ ਜਾ ਕੇ ਦੇਖਿਆ ਪਾਣੀ 'ਚ ਬੈਠੇ ਨੇ, ਆਵਾਜ਼ਾਂ ਦਿੱਤੀਆਂ, ਸਾਰੀ ਵਾਰਤਾ ਦੱਸੀ ਕਿ ਮੈਨੂੰ ਤਾਂ ਅੱਜ ਛੇ ਦਿਨ ਤੋਂ ਬਾਰ-ਬਾਰ ਗੁਰੂ ਕਲਗੀਧਰ ਪਾਤਸ਼ਾਹ ਕਹਿੰਦੇ ਨੇ ਕਿ ਪ੍ਰਸ਼ਾਦਾ ਲੈ ਕੇ ਜਾਹ। ਸੋ ਇਹ ਪ੍ਰਭੂ ਦਾ ਨਿਯਮ ਹੈ, ਆਪਣੇ ਪਿਆਰਿਆਂ! ਨੂੰ, ਕਿਉਂਕਿ ਰਿਜ਼ਕ ਦੇਣ ਦਾ ਪ੍ਰਬੰਧ ਜੋ ਹੈ ਉਹ ਮਹਾਰਾਜ ਨੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ –

***ਧਾਰਨਾ – ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਬੰਦਿਆ।***

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥***
***ਅੰਗ – ੧੦***

ਰਿਜ਼ਕ ਤਾਂ ਉਹਨੇ ਦੇਣਾ ਹੀ ਦੇਣਾ ਹੈ। ਸੋ ਇਹ ਮਾਈਦਾਸ ਖੋਲ੍ਹ 'ਚੋਂ ਨਿਕਲ ਕੇ ਬੇਸੁਧ ਜਿਹਾ ਹੋ ਕੇ ਧਰਤੀ 'ਤੇ ਲਿਟ ਗਿਆ, ਤਿੰਨ ਦਿਨ ਹੋ ਗਏ ਕੁਛ ਖਾਣ ਨੂੰ ਨਹੀਂ ਮਿਲਿਆ ਤੇ ਵਰਤ ਖੋਲ੍ਹਿਆ, ਖਾਣ ਦਾ ਇਹਦਾ ਆਪਣਾ ਨਿਯਮ ਸੀ, ਉਹ ਨਿਯਮ ਜਿੰਨਾਂ ਚਿਰ ਪੂਰਾ ਨਹੀਂ ਹੁੰਦਾ ਓਨਾਂ ਚਿਰ ਇਹਨੇ ਖਾਣਾ ਨਹੀਂ। ਸੋ ਪ੍ਰਭੂ ਨੇ ਦੇਖਿਆਂ ਕਿ ਮੇਰਾ ਭਗਤ ਭਾਵੇਂ ਭੁੱਲਿਆ ਹੋਇਆ ਹੈ ਰਿਜ਼ਕ ਦੇਣਾ ਤਾਂ ਮੇਰੀ ਡਿਊਟੀ ਹੈ, ਰਾਜ਼ਕ ਰਹੀਮ ਹੈ। ਕਿਉਂਕਿ ਰਾਜ਼ਕ ਹੈ ਬਿਸ਼ੰਭਰ ਹੈ ਉਸਦਾ ਨਾਉਂ, ਸਾਰਿਆਂ ਨੂੰ। ਸੋ ਇੱਕ ਗਰੀਬ ਜਿਹਾ ਬੰਦਾ ਬਣ ਕੇ ਪ੍ਰਸ਼ਾਦਾ ਲਿਆ ਕੇ ਰੱਖ ਦਿੱਤਾ ਕੋਲ ਤੇ ਆਵਾਜ਼ ਦਿੱਤੀ ਭਗਤਾ! ਪ੍ਰਸ਼ਾਦਾ ਪਿਆ ਹੈ ਛਕ ਲੈ। ਭੁੱਖਾ ਹੈਂ ਤੂੰ ਦੋ ਤਿੰਨ ਦਿਨ ਤੋਂ। ਉਸ ਵੇਲੇ ਆਵਾਜ਼ ਆਈ, ਨੇਤਰ ਖੋਲ੍ਹੇ ਕੀ ਦੇਖਦਾ ਹੈ ਕਿ ਕੋਲ ਪ੍ਰਸ਼ਾਦਾ ਪਿਆ ਹੈ। ਬਰਤਨ 'ਚ ਪਾਇਆ ਹੋਇਆ ਹੈ, ਦਾਲਾ ਵੀ ਪਾਇਆ ਹੋਇਆ ਹੈ ਤੇ ਪ੍ਰਸ਼ਾਦੇ ਪਕਾ ਕੇ ਰੋਟੀਆਂ ਵੀ ਪਕਾਈਆਂ ਹੋਈਆਂ ਨੇ। ਹੋਰ ਵੀ

ਚੀਜ਼ਾਂ ਰੱਖੀਆਂ ਹੋਈਆਂ ਨੇ, ਮਨ ਵਿੱਚ ਸੋਚਿਆ ਕਿ ਮਨਾਂ! ਪਤਾ ਨਹੀਂ ਕੀਹਨੇ ਲਾਹਿਆ ਇਹ, ਕੀ ਜਾਤ ਹੈ ਉਹਦੀ ਤੇ ਕਿਸ ਕਰਮ ਧਰਮ ਦਾ ਮਾਲਕ ਹੈ, ਪ੍ਰਸ਼ਾਦਾ ਮੈਂ ਕਿਵੇਂ ਛਕ ਲਵਾਂ? ਪੱਕਾ ਭੋਜਨ ਹੁੰਦਾ ਤਾਂ ਮੈਂ ਛਕ ਵੀ ਲੈਂਦਾ। ਪੱਕਾ ਭੋਜਨ ਕਹਿੰਦੇ ਨੇ ਜਿਹੜਾ ਉਬਾਲ ਕੇ, ਤਲ ਕੇ ਬਣਾਇਆ ਜਾਂਦਾ ਹੈ, ਆਹ ਫੁਰਨਾ ਆਇਆ ਖਾਧਾ ਨਹੀਂ, ਪਰ੍ਹੇ ਨੂੰ ਕਰ ਦਿੱਤਾ। ਥੋੜ੍ਹੀ ਦੇਰ ਤੋਂ ਆਵਾਜ਼ ਆਈ ਕਿ ਭਗਤ ਜੀ! ਲਓ ਪੱਕਾ ਭੋਜਨ ਖਾ ਲਓ। ਦੇਖੇ, ਨੇਤਰ ਖੋਲ੍ਹ ਕੇ ਤਾਂ ਪੱਕਾ ਭੋਜਨ ਪਿਆ ਹੈ, ਆਲੇ-ਦੁਆਲੇ ਦੇਖਿਆ ਕਿ ਕੌਣ ਦੇ ਕੇ ਗਿਆ, ਬੰਦਾ ਤਾਂ ਕੋਈ ਨਜ਼ਰ ਨਹੀਂ ਆ ਰਿਹਾ। ਉਸ ਵੇਲੇ ਮਨ ਵਿੱਚ ਵਿਚਾਰ ਆਈ ਕਿ ਮੇਰੇ ਵਿੱਚ ਕੋਈ ਦੋਸ਼ ਹੈ, ਭੋਜਨ ਤਾਂ ਆ ਰਿਹਾ ਹੈ, ਪਰ ਮੈਨੂੰ ਦਰਸ਼ਨ ਨਹੀਂ ਉਸਦੇ ਹੋ ਰਹੇ। ਭੁੱਖਾ ਹੈ, ਲੇਕਿਨ ਜੀਅ ਨਹੀਂ ਕਰਦਾ। ਉਸ ਵੇਲੇ ਹਿਰਦੇ ਤੋਂ ਇਸ ਤਰ੍ਹਾਂ ਆਵਾਜ਼ ਉਠਦੀ ਹੈ -

***ਧਾਰਨਾ - ਅੰਨ੍ਹ ਪਾਣੀ ਨਾ ਭਾਵੇਂ ਹੁਣ ਮੈਨੂੰ,***
***ਮਿਲ ਮੇਰੇ ਪ੍ਰੀਤਮ ਪਿਆਰਿਆ।***

ਅਰਦਾਸ ਆਉਂਦੀ ਹੈ, ਕਿ ਹੇ ਪ੍ਰਭੂ! ਰਿਜ਼ਕ ਤੂੰ ਦੇ ਗਿਆ, ਕੱਚਾ ਭੋਜਨ ਵੀ ਦੇ ਗਿਆ, ਪੱਕਾ ਵੀ ਦੇ ਗਿਆ ਤੇ ਦਰਸ਼ਨ ਨਹੀਂ ਦੇਣੇ? ਇਹ ਹੁਣ ਮੈਨੂੰ ਨਹੀਂ ਭਾਉਂਦਾ -

***ਮਿਲੁ ਮੇਰੇ ਪ੍ਰੀਤਮਾ ਜੀਉ***
***ਤੁਧੁ ਬਿਨੁ ਖਰੀ ਨਿਮਾਣੀ ॥***
***ਮੈ ਨੈਣੀ ਨੀਦ ਨ ਆਵੈ ਜੀਉ ਭਾਵੈ***
***ਅੰਨੁ ਨ ਪਾਣੀ ॥***
***ਪਾਣੀ ਅੰਨੁ ਨ ਭਾਵੈ ਮਰੀਐ ਹਾਵੈ***
***ਬਿਨੁ ਪਿਰ ਕਿਉ ਸੁਖੁ ਪਾਈਐ ॥ ਅੰਗ - ੨੪੫***

ਉੱਚੀ-ਉੱਚੀ ਆਵਾਜ਼ਾਂ ਦੇ ਰਿਹਾ ਹੈ ਹਰੇ ਕ੍ਰਿਸ਼ਨ-ਹਰੇ ਕ੍ਰਿਸ਼ਨ। ਨੈਣਾਂ 'ਚੋਂ ਨੀਰ ਜਾ ਰਿਹਾ ਹੈ, ਉੱਚੀ-ਉੱਚੀ ਰੋ-ਰੋ ਕੇ ਆਵਾਜ਼ਾਂ ਦੇ ਰਿਹਾ ਕਿ ਹੇ ਪ੍ਰਭੂ! ਤੂੰ ਲੰਗਰ ਤਾਂ ਦੇ ਗਿਆ, ਭੋਜਨ ਤਾਂ ਦੇ ਗਿਆ ਤੇ ਦਰਸ਼ਨ ਨਹੀਂ ਦਿਖਾਉਣਾ? ਮੇਰੇ 'ਚ ਕਿਹੜੀ ਕਮੀ ਹੈ, ਮੈਨੂੰ ਬੋਲ ਕੇ ਤਾਂ ਦਸ ਦੇ। ਆਵਾਜ਼ ਤਾਂ ਦੇ ਮੈਨੂੰ, ਕਿ ਕਿਵੇਂ ਮੈਨੂੰ ਦਰਸ਼ਨ ਹੋਣਗੇ ਤੇਰੇ। ਘੜੀਆਂ ਬੀਤ ਗਈਆਂ, ਪਹਿਰ ਬੀਤ ਗਏ, ਦਿਨ ਬੀਤ ਗਿਆ, ਹਟਿਆ ਨਹੀਂ ਹੈ, ਆਵਾਜ਼ ਵਧਦੀ ਹੀ ਜਾਂਦੀ ਹੈ। ਹਉਕੇ ਲੈਂਦਾ ਹੈ, ਉੱਚੀ-ਉੱਚੀ ਰੋਣ ਲਗ ਗਿਆ। ਸਾਧਸੰਗਤ ਜੀ! ਐਸੀ ਅਵਸਥਾ ਕਿਸੇ ਨੂੰ ਲੱਗੀ ਹੋਵੇ, ਉਸ ਨੂੰ ਪਤਾ ਹੋਇਆ ਕਰਦਾ ਹੈ, ਦੂਜਾ ਨਹੀਂ ਸਾਧਸੰਗਤ ਜੀ! ਜਾਣਦਾ। ਸੋ ਉਸ ਵੇਲੇ ਵੱਡੀ ਗਰਜ਼ ਹੋਈ, ਉਸਤੋਂ ਬਾਅਦ ਆਵਾਜ਼ ਆਈ, ਧਿਆਨ ਦੇ ਨਾਲ ਸੁਣੀ, ਕਹਿਣ ਲੱਗੇ, ਮਾਈਦਾਸ! ਪ੍ਰੇਮ ਤੇ ਨੇਮ ਦੋ ਚੀਜ਼ਾਂ ਨੇ ਜ਼ਿੰਦਗੀ ਦੇ ਅੰਦਰ, ਨੇਮ ਉਸ ਵੇਲੇ ਨਿਭਦਾ ਹੈ ਜਿਸ ਵਕਤ ਪ੍ਰੇਮ ਨਹੀਂ ਹੁੰਦਾ, ਜਦੋਂ ਪ੍ਰੇਮ ਆ ਗਿਆ ਫੇਰ ਨੇਮ ਨਹੀਂ ਰਿਹਾ ਕਰਦਾ। ਫੇਰ ਨੇਮ ਪਿੱਛੇ ਪੈ ਜਾਂਦਾ ਹੈ, ਪ੍ਰੇਮ ਅੱਗੇ ਆ ਜਾਇਆ ਕਰਦਾ ਹੈ। ਸੋ ਤੂੰ ਭੁਲੇਖਾ ਖਾਧਾ, ਦਰਸ਼ਨ ਤਾਂ ਤੈਨੂੰ ਮੈਂ ਦੇ ਰਿਹਾ ਸੀ, ਲੇਕਿਨ ਤੂੰ ਤਰਕ ਖਾਧੀ, ਉਥੇ ਨੇਮ ਵਿੱਚ ਆ ਗਿਆ ਤੂੰ -

***ਧਾਰਨਾ - ਤੈਨੂੰ ਪੈ ਗਿਆ ਭੁਲੇਖਾ ਰੂਪ ਦੇਖ ਕੇ,***
***ਸਤਿਗੁਰੂ ਮੇਰਾ ਰੂਪ ਆਪਣਾ।***

ਮਾਈਦਾਸ! ਤੂੰ ਗੀਤਾ ਨਹੀਂ ਪੜ੍ਹੀ, ਗੀਤਾ 'ਚ ਮੈਂ ਦੱਸਿਆ ਸੀ ਕਿ ਮੈਂ ਜਿੰਨਾਂ ਚਿਰ ਏਸ ਸਰੀਰ ਵਿੱਚ ਹਾਂ ਉਸ ਤੋਂ ਬਾਅਦ ਮੈਂ ਅਵਿਅਕਤ ਰੂਪ ਪ੍ਰਗਟ ਹੋਵਾਂਗਾ, ਸਮੇਂ-ਸਮੇਂ ਸਿਰ ਤੇ ਤੂੰ ਉਥੇ ਗਿਆ ਜਿੱਥੇ ਮੇਰਾ ਰੂਪ ਸੀ। ਰੂਪ ਬਦਲਿਆ ਹੋਇਆ ਸੀ, ਲੇਕਿਨ ਤੂੰ ਪਛਾਣ ਨਾ ਸਕਿਆ, ਤੈਨੂੰ ਭੁਲੇਖਾ ਪੈ ਗਿਆ, ਸ਼ੰਕੇ 'ਚ ਆ ਗਿਆ, ਪਿਆਰ ਦੇ ਅੰਦਰ ਪ੍ਰੇਮੀਆਂ! ਨੇਮ ਨਹੀਂ ਹੋਇਆ ਕਰਦਾ। ਤੇ ਉਹ ਮੈਂ ਹੀ ਸੀ ਜਿਹਦੇ ਕੋਲੋਂ ਤੂੰ ਦਰਸ਼ਨ ਕਰਦਾ-ਕਰਦਾ ਮੁੜ ਆਇਆ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***

***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - ੪੪੨***

***ਪਾਰਬ੍ਰਹਮੁ ਪਰਮੇਸਰੁ ਅਨੂਪੁ ॥***
***ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥***
***ਅੰਗ - ੧੧੫੨***

ਜੋ ਗੁਰੂ ਹੁੰਦਾ ਹੈ ਉਹ ਪ੍ਰਮੇਸ਼ਰ ਦਾ ਸਫਲ ਰੂਪ ਹੋਇਆ ਕਰਦਾ ਹੈ -

***ਸਤਿਗੁਰ ਜੇਵਡੁ ਅਵਰੁ ਨ ਕੋਇ ॥***
***ਗੁਰ ਪਾਰਬ੍ਰਹਮੁ ਪਰਮੇਸਰੁ ਸੋਇ ॥ ਅੰਗ- ੧੨੭੧***

ਗੁਰੂ ਤੇ ਪ੍ਰਮੇਸ਼ਰ ਇੱਕ ਹੋਇਆ ਕਰਦੇ ਨੇ, ਕਹਿੰਦੇ ਮੇਰੇ ਦਰਸ਼ਨ ਉਥੇ ਹੀ ਹੋਣੇ ਸੀ ਤੈਨੂੰ। ਜਾਹ ਗੋਇੰਦਵਾਲ ਸਾਹਿਬ ਨੂੰ ਜਾਹ। ਉਥੇ ਜਾ ਕੇ ਮੇਰੇ ਦਰਸ਼ਨ ਕਰ। ਐਵੇਂ ਨਾ ਖੱਪ। ਆਕਾਸ਼ਬਾਣੀ ਹੋਈ, ਉਸ ਵੇਲੇ ਭੁੱਖਾ ਸੀ ਕਹਿੰਦੇ ਛਕ ਲੈ ਭੋਜਨ। ਭਰਮਾਂ 'ਚ ਨਾ ਪੈ। ਉਸ ਵੇਲੇ ਪੱਕਿਆ ਹੋਇਆ ਨਹੀਂ ਖਾਂਦਾ, ਜਿਹੜਾ ਦੂਸਰਾ ਆਇਆ ਸੀ ਕਿ ਇਹ ਵੀ ਮੈਨੂੰ ਪ੍ਰਭੂ ਨੇ ਭੇਜਿਆ ਹੈ, ਮੈਂ ਦੂਜਾ ਹੀ ਖਾਵਾਂਗਾ ਹੁਣ ਕੱਚਾ ਭੋਜਨ। ਸੋ ਦਾਲ ਫੁਲਕਾ ਜੋ ਸੀ ਉਹ ਛਕਿਆ, ਸਰੀਰ ਨੂੰ ਤਾਕਤ ਆਈ, ਉਸ ਤੋਂ ਬਾਅਦ ਮੁੜਿਆ, ਕਾਹਲੀ-ਕਾਹਲੀ ਇੱਥੇ ਆ ਗਿਆ ਤੇ ਮਨ ਵਿਚ ਖਿਆਲ ਹੈ ਕਿ ਜੇ ਮੈਨੂੰ ਇੱਕ ਵਾਰੀ ਉਸੇ ਤਰ੍ਹਾਂ ਸੁਦਰਸਨ ਚੱਕਰ ਹੋਵੇ, ਉਸੇ ਤਰ੍ਹਾਂ ਮੁਰਲੀ ਮਨੋਹਰ ਹੋਵੇ, ਉਸੇ ਮੋਰ ਮੁਕਟ ਹੋਵੇ, ਪਿਤੰਬਰ ਵਸਤਰ ਹੋਣ ਤੇ ਇੱਕ ਵਾਰੀ ਮੈਨੂੰ ਦਰਸ਼ਨ ਹੋ ਜਾਣ, ਸਾਰੀ ਜ਼ਿੰਦਗੀ ਵਾਸਤੇ ਮੈਂ ਇੱਥੇ ਹੋ ਜਾਵਾਂਗਾ ਤੇ ਮੇਰੇ ਭਰਮਾਂ ਦਾ ਨਾਸ਼ ਹੋ ਜਾਵੇਗਾ ਤੇ ਜਦੋਂ ਉਥੇ ਆਉਂਦਾ ਹੈ, ਆਉਂਦਾ ਹੀ ਲੰਗਰ 'ਚ ਪ੍ਰਸ਼ਾਦਾ ਛਕਦਾ ਹੈ। ਵਹਿਮ ਹਟ ਗਏ, ਭਰਮ ਖਤਮ ਹੋ ਗਏ, ਗੁਰੂ ਮਹਾਰਾਜ ਦੇ ਦਰਸ਼ਨ ਨੂੰ ਜਦ ਜਾ ਰਿਹਾ ਹੈ, ਕੀ ਦੇਖਦਾ ਹੈ, ਤਖਤ ਦੇ ਉਤੇ ਮੂਰਤੀ ਬੈਠੀ ਹੈ, ਪਿਤੰਬਰ ਵਸਤਰ ਪਹਿਨੇ ਹੋਏ, ਉਂਗਲੀ ਦੇ ਉਤੇ ਸੁਦਰਸ਼ਨ ਚੱਕਰ ਹੈ, ਇੱਕ ਪਾਸੇ ਮੁਰਲੀ ਹੈ ਤੇ ਕ੍ਰਿਸ਼ਨ ਮਹਾਰਾਜ ਦਾ ਸਰੂਪ ਨਜ਼ਰ ਆ ਰਿਹਾ ਹੈ। ਬਾਰ-ਬਾਰ ਨਮਸ਼ਕਾਰਾਂ ਕਰੀ ਜਾਂਦਾ ਹੈ। ਅੱਖਾਂ ਝਮਕਦਾ ਹੈ ਫੇਰ ਦੇਖਦਾ ਹੈ, ਅੱਖਾਂ ਝਮਕਦਾ ਹੈ ਫੇਰ ਦੇਖਦਾ ਹੈ। ਚੰਗੀ ਤਰ੍ਹਾਂ ਦੇ ਨਾਲ ਨਿਰਣਾ ਹੋ ਗਿਆ ਕਿ ਇਹ ਤਾਂ ਓਹੀ ਬੈਠੇ ਨੇ, ਜੀਅ ਭਰ ਗਿਆ ਦੇਖਦੇ-ਦੇਖਦੇ, ਉਸ ਤੋਂ ਬਾਅਦ ਨੇਤਰ ਬੰਦ ਕਰੇ, ਫੇਰ ਕੀ ਦੇਖਦਾ ਹੈ ਗੁਰੂ ਅਮਰਦਾਸ ਮਹਾਰਾਜ

ਨਜ਼ਰ ਆਉਂਦੇ ਨੇ। ਜਾ ਕੇ ਧਾਈ ਕਰਕੇ ਚਰਨਾਂ 'ਤੇ ਢਹਿ ਪਿਆ ਤੇ ਨਾਲ ਦੀ ਨਾਲ ਐਸਾ ਭਾਵ ਪ੍ਰਗਟ ਕੀਤਾ -

***ਧਾਰਨਾ - ਸੰਸਾ ਮੇਰਾ ਓ ਉਤਰ ਗਿਆ,***
***ਪਿਆਰੇ ਜਬ 'ਤੇ ਦਰਸ਼ਨ ਪਾਇਆ।***

***ਉਤਰਿ ਗਇਓ ਮੇਰੇ ਮਨ ਕਾ ਸੰਸਾ***
***ਜਬ ਤੇ ਦਰਸਨੁ ਪਾਇਆ ॥ ਅੰਗ - ੧੨੧੮***

ਪਾਤਸ਼ਾਹ! ਸੰਸਾ ਸੀ, ਬਹੁਤ ਦੂਰ ਭਟਕ ਕੇ ਆਇਆ, ਦੁਆਰਕਾ ਤੋਂ ਜਾ ਕੇ ਮੁੜਿਆ। ਮੈਨੂੰ ਕੀ ਪਤਾ ਸੀ ਕਿ ਮੇਰਾ ਇਸ਼ਟ ਇੱਥੇ ਹੀ ਬੈਠਾ ਹੈ। ਗੋਇੰਦਵਾਲ ਸਾਹਿਬ ਦੇ ਅੰਦਰ ਤੇ ਨਾਉਂ ਗੁਰੂ ਅਕਰਦਾਸ ਧਰਾਇਆ ਹੋਇਆਂ ਹੈ। ਪੂਰੇ ਦਿਲ ਨਾਲ ਗੁਰੂ ਦਾ ਹੋ ਗਿਆ। ਮਹਾਰਾਜ ਕਹਿਣ ਲੱਗੇ, ਆਓ! ਭਾਈ ਮਾਈਦਾਸ! ਕੀ ਫੁਰਨਾ ਹੈ ਹੁਣ ਤੁਹਾਡਾ? ਉਸ ਵੇਲੇ ਉਹਨੇ ਇਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ -

***ਧਾਰਨਾ - ਇਹੋ ਮੇਰੀ ਓ ਬੇਨਤੀ ਗੁਰਾਂ,***
***ਮੈਨੂੰ ਮਿਲ ਜਾਏ ਨਾਮ ਆਧਾਰਾ।***

***ਸਤਿਗੁਰ ਪਾਸਿ ਬੇਨੰਤੀਆ***
***ਮਿਲੈ ਨਾਮੁ ਆਧਾਰਾ ॥ ਅੰਗ - ੭੪੬***

ਬੇਨਤੀ ਕਰਦਾ ਹੈ ਕਿ ਸੱਚੇ ਪਾਤਸ਼ਾਹ! ਜਿਸ ਨਾਮ ਦੇ ਬਾਰੇ ਮੈਂ ਆਪ ਦੇ ਗੁਰਸਿੱਖਾਂ ਤੋਂ ਸੁਣਿਆ ਸੀ ਕਿ ਗੁਰੂ ਦੇ ਪਾਸ ਨਾਮ ਹੋਇਆ ਕਰਦਾ ਹੈ। ਕ੍ਰਿਪਾ ਕਰੋ, ਮੈਨੂੰ ਉਹ ਨਾਮ ਦੀ ਦਾਤ ਦਿਓ। ਮਹਾਰਾਜ ਕਹਿਣ ਲੱਗੇ, ਮਾਈਦਾਸ! ਇੱਕ ਹਫਤਾ ਸਾਡੇ ਕੋਲ ਠਹਿਰ। ਰਹੁ-ਰੀਤ ਦੇ ਵਿੱਚ ਆ, ਰਹਿਤਾਂ ਦੇਖ। ਆਪਣਾ ਥਕੇਵਾਂ ਦੂਰ ਕਰ, ਤੇਰਾ ਗੁਰੂ ਇੱਕ ਹਫਤੇ ਨੂੰ ਪ੍ਰਗਟ ਹੋਏਗਾ। ਬਚਨ ਮੰਨ ਲਿਆ, ਇੱਕ ਹਫਤਾ ਜਦੋਂ ਲੰਘਣ ਲੱਗਿਆ ਉਸ ਵੇਲੇ ਸੇਵਾ ਕਰ ਰਿਹਾ ਹੈ ਦਿਨ ਰਾਤ, ਕਿਉਂਕਿ ਗੋਇੰਦਵਾਲ ਸਾਹਿਬ ਦੀ ਜਿਹੜੀ ਬਉਲੀ ਸੀ ਉਹਦੀ ਸੇਵਾ ਹੋ ਰਹੀ ਸੀ। ਟੋਕਰੀਆਂ ਚੁਕਦਾ ਹੈ, ਕਦੇ ਚੂਨਾ ਦਿੰਦਾ ਹੈ, ਕਦੇ ਕੁਛ ਕਰਦਾ ਹੈ, ਦਿਨ ਰਾਤ ਸੇਵਾ ਕਰਦਾ ਹੈ। ਜਿਸ ਤਰ੍ਹਾਂ ਦਾ ਪ੍ਰਸ਼ਾਦਾ ਮਿਲਦਾ ਹੈ, ਛਕ ਲੈਂਦਾ ਹੈ ਲੰਗਰ 'ਚ ਬੈਠ ਕੇ। ਵੈਰਾਗ ਹੈ ਅੰਦਰ, ਜਗਿਆਸਾ ਹੈ ਅੰਦਰ ਬੜੀ ਜ਼ਬਰਦਸਤ। ਉਸ ਦਿਨ ਮਹਾਰਾਜ ਜੀ ਕਹਿਣ ਲੱਗੇ, ਕਿਉਂ ਬਈ ਪ੍ਰੇਮੀਓਂ! ਕੜ ਨਹੀਂ ਟੁੱਟ ਰਿਹਾ? ਕਹਿੰਦੇ ਮਹਾਰਾਜ! ਰੋੜਾਂ ਦਾ ਕੜ ਆ ਗਿਆ, ਬੜਾ ਹੀ ਕਰੜਾ ਹੈ। ਕਹਿੰਦੇ, ਭਾਈ ਮਣਕ ਚੰਦ ਨੂੰ ਬੁਲਾਓ। ਮਾਣਕ ਚੰਦ! ਤੂੰ ਸਵਾਸ ਸਾਧੇ ਹੋਏ ਨੇ, ਤੂੰ ਵੜ ਜਾ ਪਾਣੀ ਦੇ ਅੰਦਰ। ਸਵਾਸਾਂ ਨੂੰ ਚਾੜ੍ਹ ਲੈ, ਲੰਮਾ ਸਵਾਸ ਹੈ ਤੇਰਾ, ਕਈ-ਕਈ ਮਿੰਟ ਦਾ, ਤੇ ਤੂੰ ਬਦਾਣ ਲੈ ਜਾ ਵੱਡਾ, ਪੂਰੇ ਜ਼ੋਰ ਨਾਲ ਮਾਰ ਕੜ ਟੁੱਟ ਜਾਵੇ। ਉਸ ਵੇਲੇ ਭਾਈ ਮਾਣਕ ਚੰਦ ਪਾਣੀ ਵੜਦਾ, ਚੁੱਭੀ ਮਾਰਦਾ, ਉਸ ਵੇਲੇ ਜ਼ੋਰ-ਜ਼ੋਰ ਦੀ ਬਦਾਣ ਮਾਰਦਾ ਹੈ, ਉਹ ਕੜ ਟੁੱਟ ਕੇ ਪਾਣੀ ਐਨੇ ਜ਼ੋਰ ਦੀ ਉਪਰ ਆਇਆ ਕਿ ਮਾਣਕ ਚੰਦ ਪਾਣੀ ਦੇ ਅੰਦਰ ਹੀ ਡੁੱਬ ਗਿਆ, ਛੇਤੀ ਦੇ ਕੇ ਸਰੀਰ ਬਾਹਰ ਕੱਢਿਆ, ਦੇਖਿਆ ਤਾਂ ਅੰਦਰ ਜਾਨ ਨਹੀਂ ਹੈ, ਮਹਾਰਾਜ ਜੀ ਦੇ ਕੋਲ ਖਬਰ ਪਹੁੰਚਾਈ ਕਿ ਸੱਚੇ ਪਾਤਸ਼ਾਹ! ਮਾਣਕ ਚੰਦ ਚੜ੍ਹਾਈ ਕਰ ਗਿਆ, ਪਾਣੀ 'ਚ ਡੁੱਬ ਗਿਆ ਤੇ ਬੜੀ ਮੁਸ਼ਕਲ ਦੇ ਨਾਲ ਕੱਢਿਆ ਹੈ। ਮਹਾਰਾਜ ਕਹਿੰਦੇ, ਇਹ ਤਾਂ ਜੀਉੜਾ ਹੈ ਜੀਉੜੇ ਵੀ ਕਦੇ ਮਰਦੇ ਹੁੰਦੇ ਨੇ। ਜੀਉੜੇ ਨਹੀਂ ਮਰਿਆ ਕਰਦੇ, ਮੁਰਦੇ ਮਰਿਆ ਕਰਦੇ ਨੇ। ਸਾਡੇ ਕੋਲ ਲਿਆ। ਉਸ ਵੇਲੇ ਜਦੋਂ ਲਿਆਂਦਾ ਮਹਾਰਾਜ ਜੀ ਨੇ, ਕਹਿਣ ਲੱਗੇ, ਮਾਣਕ ਚੰਦ! ਤੂੰ ਤਾਂ ਜੀਉੜਾ ਹੈਂ ਉਠ ਖੜ੍ਹਾ ਹੋ। ਚਰਨ ਲਾ ਦਿਤਾ, ਉਸੇ ਵੇਲੇ ਵਾਹਿਗੁਰੂ-ਵਾਹਿਗੁਰੂ ਕਰਦਾ ਉਠ ਕੇ ਬਹਿ ਗਿਆ। ਉਸ ਵੇਲੇ ਮਹਾਰਾਜ ਨੇ ਦੱਸਿਆ ਕਿ ਭਾਈ! ਇਹ ਗੁਰਸਿੱਖ ਜਿਹੜਾ ਹੈ-

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੇ ਭਰਮ ਭਉ ਖੋਵਣਾ।***
***ਭਾਈ ਗੁਰਦਾਸ ਜੀ, ਵਾਰ ੧੮/ ੩***

ਇਸ ਅਵਸਥਾ ਦਾ ਗੁਰਸਿੱਖ ਹੈ ਇਹ। ਉਸ ਵੇਲੇ ਮਹਾਰਾਜ ਨੇ ਕ੍ਰਿਪਾ ਕਰੀ, ਸਿਰ 'ਤੇ ਹੱਥ ਰੱਖਿਆ, ਸਾਰੀਆਂ ਰਿੱਧੀਆਂ ਸ਼ਕਤੀਆਂ ਬ੍ਰਹਮਗਿਆਨ ਦੇ ਭੰਡਾਰੇ ਉਸ ਨੂੰ ਬਖਸ਼ ਦਿੱਤੇ। ਤੇ ਉਸ ਵੇਲੇ ਸਮਰਥਾ ਦੇ ਦਿੱਤੀ ਤੇ ਕਿਹਾ ਕਿ ਜਾਓ ਤੁਸੀਂ ਹੁਣ ਸਿੱਖੀ ਦਾ ਪ੍ਰਚਾਰ ਕਰੋ, ਆਪ ਨਾਮ ਜਪੋ ਤੇ ਸੰਸਾਰ ਦੇ ਅੰਦਰ ਨਾਮ ਦੀ ਲਹਿਰ ਚਲਾਓ ਤੇ ਆਹ ਭਾਈ ਮਾਈਦਾਸ ਅਸੀਂ ਤੇਰੀ ਸੇਵਾ 'ਚ ਹਾਜ਼ਰ ਕਰਦੇ ਹਾਂ। ਕਿਉਂਕਿ ਜੋ ਗੁਰਸਿੱਖ ਹੈ, ਜਿਸਨੇ ਆਪਣਾ ਆਪਾ, ਗਰੂਰ ਸਾਰਾ ਵਾਰ ਦਿੱਤਾ। ਮਹਾਰਾਜ ਕਹਿੰਦੇ ਉਹਦੇ ਵਿੱਚ ਤੇ ਗੁਰੂ ਵਿੱਚ ਕੋਈ ਭੇਤ ਨਹੀਂ ਹੋਇਆ ਕਰਦਾ, ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

***ਧਾਰਨਾ - ਮੇਰਾ ਹੀ ਰੂਪ ਹੈ,***
***ਮੇਰੇ ਹੀ ਬਣ ਗਏ ਜਿਹੜੇ।***

***ਦਾਸ ਅਨਿੰਨ ਮੇਰੋ ਨਿਜ ਰੂਪ ॥***
***ਦਰਸਨ ਨਿਮਖ ਤਾਪ ਤ੍ਰਈ ਮੋਚਨ***
***ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥ ਰਹਾਉ ॥***
***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ੧ ॥***
***ਮੈ ਗੁਨ ਬੰਧ ਸਗਲ ਕੀ ਜੀਵਨਿ***
***ਮੇਰੀ ਜੀਵਨਿ ਮੇਰੇ ਦਾਸ ॥***
***ਨਾਮਦੇਵ ਜਾ ਕੇ ਜੀਅ ਐਸੀ***
***ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥ ਅੰਗ - ੧੨੫੨***

ਕਹਿੰਦੇ ਮਾਣਕ ਚੰਦ! ਤੇਰੇ ਤੇ ਮੇਰੇ ਵਿੱਚ ਕੋਈ ਭੇਦ ਨਹੀਂ, ਜਾਹ, ਹੁਣ ਸਿੱਖੀ ਦਾ ਪ੍ਰਚਾਰ ਕਰ। ਨਾਮ ਦੀ ਦਾਤ ਦੇਹ, ਬ੍ਰਹਮਗਿਆਨ ਦੀ ਦਾਤ ਦੇਹ। ਸਾਰੀਆਂ ਬਰਕਤਾਂ ਦੇ ਦਿੱਤੀਆਂ ਮਹਾਰਾਜ ਜੀ ਨੇ ਤੇ ਨਾਲ ਮਾਈਦਾਸ ਜੀ ਨੂੰ ਭੇਜ ਦਿੱਤਾ। ਇੱਥੇ

ਕਈ ਪ੍ਰੇਮੀਆਂ ਦੇ ਮਨ ਵਿਚ ਖਿਆਲ ਆਉਂਦਾ ਹੈ ਕਿ ਗੁਰੂ ਮਹਾਰਾਜ ਨੇ ਆਪ ਨਾਮ ਕਿਉ ਨਹੀਂ ਦਿੱਤਾ ਤੇ ਮਾਣਕ ਚੰਦ ਦੇ ਪਿੱਛੇ ਕਿਉਂ ਲਾਇਆ ਜਦੋਂ ਕਿ ਆਪ ਹਾਜ਼ਰ ਹਜ਼ੂਰ ਸੀ। ਉਹ ਇਹ ਸੀ ਕਿ ਮਾਈਦਾਸ! ਸਰਗੁਣ ਦਾ ਉਪਾਸ਼ਕ ਸੀ ਤੇ ਉਹਨੂੰ ਸੰਗਤ ਦੀ ਅਜੇ ਬੜੀ ਲੋੜ ਸੀ। ਗੁਰਸਿੱਖਾਂ ਦੇ ਜੀਵਨ ਦੇ ਵਿੱਚ ਕਿ ਕਿਵੇਂ ਜੀਉਂਦੇ ਨੇ, ਕਿਵੇਂ ਰਹਿੰਦੇ ਨੇ, ਕਿਵੇਂ ਭਜਨ ਬੰਦਗੀ ਕਰਦੇ ਨੇ। ਸੇਵਾ ਦੀ ਅਜੇ ਲੋੜ ਸੀ, ਜੀਵਨ ਪਕਿਆਉਣਾ ਸੀ। ਉਹ ਭਾਈ ਮਾਣਕ ਚੰਦ ਦੇ ਨਾਲ ਰਿਹਾ ਤੇ ਥੋੜ੍ਹੇ ਸਮੇਂ ਤੋਂ ਬਾਅਦ ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਕਰਕੇ ਜਨਮ ਮਰਨ ਤੋਂ ਮੁਕਤ ਹੋ ਗਿਆ।

ਸੋ ਇਹ ਆਪਾਂ ਵਿਚਾਰ ਕਰੀ ਹੈ, ਇਹਦੇ ਅੰਦਰ ਇੱਕ ਪਾਸੇ ਕਰਮਕਾਂਡ ਹੈ, ਇੱਕ ਪਾਸੇ 'ਨਾਮ' ਹੈ। ਇੱਕ ਪਾਸੇ ਸਤਿਗੁਰੂ ਹੈ, ਸੋ ਇਹ ਸਾਰੀਆਂ ਚੀਜ਼ਾਂ ਦੀ ਵਿਚਾਰ ਸਾਡੇ ਜੀਵਨ 'ਤੇ, ਜਿੱਥੇ-ਜਿੱਥੇ ਸਾਡੇ ਜੀਵਨ 'ਚ ਤਰੁੱਟੀਆਂ ਨੇ, ਉਸ ਥਾਂ ਤੇ ਸਾਧਸੰਗਤ ਜੀ, ਪਹਿਰਾ ਦੇਵੋ, ਗੁਰੂ ਦੇ ਪਿਆਰ ਵਿੱਚ ਆਓ, ਗੁਰੂ ਕਦੇ ਜਾਂਦਾ ਨਹੀਂ ਹੈ। ਉਹ ਸਦਾ ਰਹਿੰਦਾ, ਅਵਿਅਕਤ ਹੋ ਜਾਂਦਾ ਹੈ, ਲੇਕਿਨ ਗੁਰੂ ਗ੍ਰੰਥ ਸਾਹਿਬ ਦੇ ਰੂਪ ਦੇ ਅੰਦਰ ਬੋਲ ਰਹੇ ਨੇ। ਸਾਨੂੰ ਗਾਈਡ ਕਰ ਰਹੇ ਨੇ, ਸਭ ਕੁਛ ਸਾਨੂੰ ਦਸ ਰਹੇ ਨੇ। ਸੋ ਅਸੀਂ ਨਿਰਗੁਣ ਦੇ ਉਪਾਸਕ ਹਾਂ, ਸਾਡੀ ਖੁਲ੍ਹਣੀ ਹੈ, ਅੱਖ ਖੁਲ੍ਹਣ ਦੇ ਨਾਲ ਕੀ ਹੋਣਾ ਹੈ, ਆਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਹੋ ਕੇ ਸੱਚਮੁੱਚ ਦਿਸਣ ਲਗ ਜਾਣਾ ਹੈ, ਇਹ ਜੋ ਤ੍ਰਿਗੁਣ ਮਾਇਆ ਹੈ, ਇਹਦੇ ਉਹਲੇ ਪ੍ਰਮੇਸ਼ਰ ਦੀ ਜੋਤ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ***
***ਘਾਟਿ ਬਾਢਿ ਹੋਤ ਹੈ॥ ਅਕਾਲ ਉਸਤਤਿ***

ਸੋ ਨਿਰਗੁਣ ਦੇ ਉਪਾਸ਼ਕ ਹਾਂ ਆਪਾਂ ਸਾਰੇ ਹੀ ਤੇ ਨਾਮ ਦੇ ਨਾਲ ਇਸ ਰਸਤੇ 'ਤੇ ਪਹੁੰਚਦੇ ਹਾਂ। ਮੈਂ ਕਈ ਵਾਰੀ ਬੇਨਤੀ ਕਰੀ ਹੈ ਕਿ ਆਹ ਰੂਹ ਐਨੀ ਥੱਲੇ ਆ ਗਈ ਹੈ ਕਿ ਇਹਨੂੰ ਵਾਪਸ ਮੁੜਨ ਵਾਸਤੇ ਬੜੀ ਸਹਾਇਤਾ ਦੀ ਲੋੜ ਹੈ। ਬੜੇ ਉਦਮ ਤੇ ਮਿਹਨਤ ਦੀ ਲੋੜ ਹੈ। ਬੜੀ ਸਾਧਨਾ ਦੀ ਲੋੜ ਹੈ, ਬੜੀ ਕੁਰਬਾਨੀ ਦੀ ਲੋੜ ਹੈ। ਜੀਵਨ ਦੀ ਪਵਿੱਤਰਤਾ ਦੀ ਲੋੜ ਹੈ। ਸਦਗੁਣਾਂ ਦੀ ਲੋੜ ਤੇ ਜਿਉਂ-ਜਿਉਂ ਅਵਸਥਾ ਆਉਂਦੀ ਹੈ, ਹੇਠਾਂ ਉਤਰੀ ਹੈ ਰੂਹ, ਉਸੇ ਤਰ੍ਹਾਂ ਦੇ ਸਾਧਨ ਗੁਰੂ ਗ੍ਰੰਥ ਸਾਹਿਬ 'ਚ ਫੁਰਮਾਨ ਕੀਤੇ ਹੋਏ ਨੇ ਤੇ ਉਨ੍ਹਾਂ ਦੇ ਸਾਧਨਾਂ ਦੇ ਅੰਦਰ, ਮਹਾਰਾਜ ਦੀ ਮਰਜ਼ੀ ਦੇ ਨਾਲ, ਸਤਿਸੰਗ ਦੇ ਸਹਿਯੋਗ ਦੇ ਨਾਲ, ਅਸੀਂ ਹੌਲੀ-ਹੌਲੀ ਜਿੱਥੋਂ ਹੇਠਾਂ ਨੂੰ ਉਤਰੇ ਸੀ, ਉਸੇ ਥਾਂ 'ਤੇ ਪਹੁੰਚੀਏ। ਸੋ ਇਸ ਤੋਂ ਉਤਸ਼ਾਹ ਪ੍ਰਾਪਤ ਕਰੋ, ਆਪਣੇ ਜੀਵਨ ਨੂੰ ਸੇਧ ਦੇਵੋ, ਅੰਮ੍ਰਿਤ ਵੇਲੇ ਜਾਗੋ, ਬੰਦਗੀ ਕਰੋ, ਮਨ ਦੇ ਅੰਦਰ ਦ੍ਰਿੜ੍ਹਤਾ ਲਿਆਓ ਕਿ ਇਸੇ ਜੀਵਨ ਦੇ ਅੰਦਰ, ਇਸੇ ਜਾਮੇ ਦੇ ਅੰਦਰ ਪ੍ਰਮੇਸ਼ਰ ਦੇ ਦਰਸ਼ਨ ਕਰਨੇ ਨੇ, ਬਾਕੀ ਜਿਹੜੀਆਂ ਚੀਜ਼ਾਂ ਨੇ ਸੰਸਾਰਕ ਲੋੜਾਂ ਇਹ ਜੇ ਵਾਹਿਗੁਰੂ ਦੇ ਨਾਲ ਵਲ ਲਗ ਜਾਓ ਨਾ ਤਾਂ ਸਭ ਕੁਛ ਛੱਡ ਕੇ ਫੇਰ ਕੀ ਹੁੰਦਾ ਹੈ -

***ਨਵ ਨਿਧੀ ਅਠਾਰਹ ਸਿਧੀ***
***ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯***

ਜੇ ਵਾਹਿਗੁਰੂ ਦਾ ਨਾਉਂ ਵਰਤੋ ਕਿ ਮੇਰੇ ਪੁੱਤਰ ਹੋ ਜਾਏ, ਮੇਰੀ ਬੀਮਾਰੀ ਠੀਕ ਹੋ ਜਾਏ, ਮੇਰੇ ਕੋਲ ਧਨ ਆ ਜਾਏ, ਆ ਤਾਂ ਜਾਂਦਾ ਹੈ ਪਰ ਉਹ ਗੱਲਾਂ ਹੋਰ ਨੇ, ਇਹ ਭਜਨ ਬੰਦਗੀ ਨਹੀਂ ਹੈ, ਇਹ ਤਾਂ ਇੱਕ ਗਰਜ਼ ਦੀ ਮਿਤਰਤਾ ਹੈ। ਗਰਜ਼ ਪੂਰੀ ਹੋਈ-

***ਨੈਂ ਲੰਘੀ ਖੁਆਜਾ ਵਿਸਰਿਆ।***

ਨਾ ਕਿਤੇ ਰੱਬ, ਨਾ ਕਿਤੇ ਗੁਰੂ, ਮੁੜ ਕੇ ਮੈਂ ਦੇਖੇ ਨਹੀਂ, ਰਾਜ਼ੀ ਹੋਏ-ਹੋਏ, ਕੰਮ ਬਣੇ ਹੋਏ, ਪੁੱਛੋ ਜੇ ਕਿ ਤੇਰਾ ਨਿਤਨੇਮ ਕੀ ਹੈ, ਕਹਿੰਦਾ ਹੈ ਜੀ ਹੁਣ ਤਾਂ ਉੱਠ ਨਹੀਂ ਹੁੰਦਾ। ਓਦੋਂ ਤਾਂ ਤੂੰ ਦੋ ਵਜੇ ਉਠ ਕੇ ਬੈਠਦਾ ਸੀ, ਜਦ ਲੋੜ ਸੀ।

ਸਾਧਸੰਗਤ ਜੀ! ਆਪਣੇ ਜੀਅ ਦਾ ਕਲਿਆਣ ਕਰੋ, ਜੀਅ ਦੇ ਉਤੇ ਦਇਆ ਕਰੋ।

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ ॥ ਅੰਗ - ੧੩੬***

ਇਹਦੇ ਉੱਤੇ ਦਇਆ ਕਰਕੇ, ਇਸੇ ਜਨਮ ਦੇ ਅੰਦਰ; ਸੋਚ ਲਓ ਕਿ ਇਹ ਵਾਰੀ ਜੋ ਹੈ ਇਹ ਬਾਰ-ਬਾਰ ਨਹੀਂ ਮਿਲਣੀ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥***
***ਅੰਗ - ੧੨***

ਸਰੰਜਾਮਿ ਲੱਗ ਕਿ ਭਵਜਲ ਤਰਨ ਜਾਣਾ ਹੈ। ਮਾਇਆ ਦੇ ਪਿਆਰ 'ਚ, ਪੁੱਤਾਂ, ਧੀਆਂ, ਕੋਠੀਆਂ ਦੇ, ਗੱਪ-ਸੱਪ ਦੇ ਵਿੱਚ ਤੇਰਾ ਜਨਮ ਬਿਰਥਾ ਜਾ ਰਿਹਾ ਹੈ। ਇਹਨੂੰ ਸੰਭਾਲ ਲੈ, ਜਿੰਨੀ ਛੇਤੀ ਸੰਭਾਲ ਲਏਂਗਾ, ਜਿਹੜਾ ਵਕਤ ਲੰਘ ਗਿਆ, ਉਹ ਮੁੜ ਕੇ ਹੱਥ ਨਹੀਂ ਆਉਣਾ।

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ***
***ਅਬ ਕਿਉ ਰੋਵਤ ਅੰਧ॥ ਅੰਗ - ੧੪੨੮***

ਹੁਣ ਕੀ ਰੋਣ ਦਾ ਫਾਇਦਾ। ਸੋ ਸਾਰੇ ਪ੍ਰੇਮੀ ਹੁਣ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ

(------)

# ਮਾਰਗ ਚੋਣ
# (Choosing A Path)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ ਸੱਤਵਾਂ

### ਕੁੰਡਲਨੀ ਯੋਗ - ਮੂਲ ਸ਼ਕਤੀ ਮਾਰਗ

**ਕੁੰਡਲਨੀ** ਯੋਗ ਸਭ ਤੋਂ ਵੱਧ ਤਕਨੀਕੀ, ਉਨਤ ਮਾਰਗ ਹੈ ਇਹ ਇਕ ਖਾਸ ਤਰੀਕਾ ਬੜੀ ਹੀ ਇਕ ਖਾਸ ਵਿਧੀ ਨਾਲ ਨਿਯਮ ਨਾਲ ਇਸ ਦਾ ਅਨੁਕਰਣ ਕੀਤਾ ਜਾਂਦਾ ਹੈ। ਕੁੰਡਲਨੀ ਸ਼ਬਦ ਕੁੰਡਲ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਗੋਲ ਲਪੇਟਿਆ। ਇਕ ਹੋਰ ਸ਼ਬਦ ਹੈ ਕੁੰਡਾ (ਖੁਨਦਸ) ਜਿਸ ਦੇ ਅਰਥ ਹਨ ਕਟੋਰਾ, ਇਸ ਸ਼ਬਦ, ਪਵਿੱਤਰ ਅਗਨੀ ਲਈ ਵੀ ਵਰਤਿਆ ਜਾਂਦਾ ਹੈ ਕੁੰਡਾ ਦੇ ਅੰਦਰ ਮੂਲ ਸ਼ਕਤੀ ਦਾ ਨਿਵਾਸ ਹੈ ਜਿਸ ਨੂੰ ਕੁੰਡਲਨੀ ਕਹਿੰਦੇ ਹਨ। ਇਹ ਇਕ ਸੱਪ ਦੀ ਤਰ੍ਹਾਂ ਹੈ, ਸੱਪ ਦੀ ਅਗਨੀ ਤਰ੍ਹਾਂ ਰੀੜ੍ਹ ਦੀ ਹੱਡੀ ਦੇ ਬਿਲਕੁਲ ਹੇਠਾਂ ਹੈ ਇਸੇ ਨੂੰ ਕੁੰਡਲਨੀ ਦਸਦੇ ਹਨ। ਇਹ ਮੂਲ ਸ਼ਕਤੀ ਕੁੰਡਲ ਮਾਰ ਕੇ ਭਾਵ ਗੋਲ ਲਿਪਟਿਆ ਮਨੁੱਖ ਦੇ ਸਰੀਰ ਵਿਚ ਮੂਲਾਧਾਰ ਤੇ ਪਿਆ ਹੈ।

ਕੁੰਡਲਨੀ ਬਹੁਤ ਹੀ ਸਹਿਜ ਨਾਲ ਚਮਕਦੀ ਹੈ ਇਸਦੇ ਚਾਰੋਂ ਪਾਸੇ ਸੁਨਿਹਰੀ ਰੋਸ਼ਨੀ ਹੈ ਇਹ ਆਪਣੇ ਆਪ ਵਿਚ ਹੀ ਪ੍ਰਕਾਸ਼ਮਈ ਹੈ ਇਕ ਮਦਹੋਸ਼ੀ ਦੀ ਹਾਲਤ ਵਿਚ ਪਈ ਹੈ, ਇਸ ਦੇ ਸਾਢੇ ਤਿੰਨ ਵਲ ਪਏ ਹੋਏ ਹਨ, ਇਸ ਦੀ ਪੂਛ ਇਸ ਦੇ ਮੂੰਹ ਵਿੱਚ ਹੈ? ਮੂੰਹ ਢਕਿਆ ਹੋਇਆ ਹੈ ਜਿਸ ਨੂੰ ਬ੍ਰਹਮਰੰਦਰ (brahmarandhra) ਕਹਿੰਦੇ ਹਨ। ਇਸੇ ਕਰਕੇ ਹੀ ਇਸਨੂੰ ਸੱਪ ਦੀ ਅਗਨੀ ਦਾ ਚਿੰਨ ਮੰਨਦੇ ਹਨ। ਯੋਗ ਦੇ ਸਾਰੇ ਮਾਰਗਾਂ ਦਾ ਉਦੇਸ਼ ਇਕ ਹੀ ਹੁੰਦਾ ਹੈ ਉਹ ਹੈ ਕੁੰਡਲਨੀ ਜਾਗਰਨ ਕਰਨੀ।

ਯੋਗ ਦਾ ਯੋਗਾ ਅਭਿਆਸ ਦਾ ਉਦੇਸ਼ ਹੈ ਕੁੰਡਲਨੀ ਜਾਗਰਨ ਕਰਕੇ ਮੂਲ ਸ਼ਕਤੀ ਜਾਗਰਣ ਕਰਨੀ ਉਸ ਨੂੰ ਸੁਸ਼ਮਨਾ ਨਾੜੀ ਰਾਹੀ ਉਪਰ ਲੈ ਕੇ ਜਾਣਾ। ਕੁੰਡਲਨੀ ਜਾਗਰਨ ਕਰਨ ਦੇ ਹੋਰ ਵੀ ਤਰੀਕੇ ਹਨ ਜਿਵੇਂ (ਪੂਰਨ ਸ਼ਰਧਾ, ਆਤਮ ਸਮਰਪਣ, ਪੂਰਨ ਲਗਨ ਨਿਸ਼ਾਨਾ) ਇਹ ਸਾਰੇ ਵੀ ਕੁੰਡਲਨੀ ਜਾਗਰਨ ਕਰਦੇ ਹਨ ਜੋ ਇਕ ਸਿਲਸਿਲੇਵਾਰ ਤਰੀਕਾ ਤਾਂਤਰਿਕ ਸਾਹਿਤ ਦਸਦਾ ਹੈ ਉਹ ਆਪਣੇ ਆਪ ਵਿਚ ਪੂਰਨ ਵਿਗਿਆਨਕ ਤਰੀਕਾ ਹੈ। ਗਿਆਨ ਯੋਗ ਦੇ ਮਾਰਗ ਨਾਲ ਵੀ ਜਦੋਂ ਚਿੰਤਨ ਬਹੁਤ ਹੀ ਤੀਬਰਤਾ ਨਾਲ ਕੀਤਾ ਜਾਵੇ ਉਹ ਵੀ ਕੁੰਡਲਨੀ ਜਾਗਰਨ ਕਰਦਾ ਹੈ ਸ਼ਰਤ ਇਹ ਹੈ ਕਿ ਇਕ ਪੂਰਨ ਗੁਰੂ ਦੀ ਦੇਖ ਰੇਖ ਹੇਠ ਕੀਤਾ ਜਾਵੇ। ਵਾਸਤਵ ਵਿਚ ਕੋਈ ਅਧਿਆਤਮਕ ਅਭਿਆਸ ਜਿਹੜਾ ਅਨੁਭਵ ਭਰਪੂਰ ਹੋਵੇਗਾ ਅਨੁਭਵ ਅਤੀਤ ਹੋਵੇਗਾ ਜਿਸ ਵਿਚ ਚੇਤਨਤਾ ਵੀ ਹੋਵੇਗੀ, ਉਸ ਨਾਲ ਕੁੰਡਲਨੀ ਜਾਗਰਣ ਹੋਵੇਗੀ ਹੀ।

ਅੱਜ ਦੇ ਲੇਖਕਾਂ ਲਈ ਕੁੰਡਲਨੀ ਇਕ ਬਹੁਤ ਹੀ ਮਹੱਤਵਪੂਰਣ ਵਿਸ਼ਾ ਹੈ, ਪਰ ਜੋ ਕੁਝ ਵੀ ਉਹ ਲਿਖ ਰਹੇ ਹਨ ਉਹ ਬਿਲਕੁਲ ਹੀ ਗੁਮਰਾਹ ਕਰਨ ਵਾਲਾ ਹੈ ਕੁਰਾਹੇ ਪਾਉਣ ਵਾਲਾ ਹੈ। ਜੋ ਵੀ ਅੱਜ ਦਾ ਸਾਹਿਤ ਕੁੰਡਲਨੀ ਤੇ ਮਿਲਦਾ ਹੈ ਭਾਵੇਂ ਉਸ ਦੇ ਕਿੰਨੇ ਵੀ ਹਵਾਲੇ ਮਿਲਦੇ ਹਨ, ਕਿੰਨੀਆਂ ਵੀ ਉਦਾਹਰਣ ਪ੍ਰਮਾਣ ਮਿਲਦੇ ਹੋਣ, ਪਰ ਇੰਨਾਂ ਸਭ ਕੁਝ ਉਚਿਤ ਨਹੀਂ ਕਿਉਂਕਿ ਇਸ ਦਾ ਕੋਈ ਅਭਿਆਸ ਦਾ ਪ੍ਰੈਕਟੀਕਲ ਦਾ ਕੋਈ ਭਾਗ ਹੀ ਨਹੀਂ ਹੈ। ਇਨ੍ਹਾਂ ਹੀ ਕਾਰਣਾਂ ਕਰਕੇ ਕੁੰਡਲਨੀ ਜਾਗਰਣ ਕਰਨੀ ਅਤਿ ਅਸੰਭਵ ਕਾਰਜ ਹੈ, ਖਾਸ ਕਰਕੇ ਜੇ ਤੁਹਾਡਾ ਕੋਈ ਪੂਰਣ ਸੰਪੰਨ ਗੁਰੂ ਨਾ ਹੋਵੇ ਜਿਸ ਦੀ ਦੇਖ ਰੇਖ ਹੇਠਾਂ ਤੁਸੀਂ ਕੁੰਡਲਨੀ ਜਾਗਰਣ ਦਾ ਪੂਰਾ-ਪੂਰਾ ਨਿਯਤ ਤਰੀਕਾ ਸਿਲਸਿਲੇਵਾਰ ਕਰ ਸਕੋ। ਇਸ ਸੰਪੰਨ ਅਧਿਆਪਕ ਗੁਰੂ ਇਸ ਤਰੀਕੇ ਨੂੰ ਛੋਟਾ ਵੀ ਕਰ ਸਕਦਾ ਹੈ, ਨਹੀਂ ਤਾਂ ਬਹੁਤ ਵਾਰੀ ਇਹ ਬਹੁਤ ਹੀ ਲੰਮਾ ਹੋ ਜਾਂਦਾ ਹੈ, ਬਹੁਤ ਸਮਾਂ ਲਗ ਜਾਂਦਾ ਹੈ, ਇਸ ਤੋਂ ਪਹਿਲਾਂ ਕਿ ਕੋਈ ਵੀ ਯੋਗ ਦਾ ਜਗਿਆਸੂ ਕੁੰਡਲਨੀ ਯੋਗ ਦਾ ਅਭਿਆਸ ਸ਼ੁਰੂ ਕਰਦਾ ਹੈ ਉਸਨੂੰ ਆਪਣੇ ਅਧਿਆਪਕ ਗੁਰੂ ਬਾਰੇ ਜਾਂਚ ਲੈਣਾ ਚਾਹੀਦਾ ਹੈ ਆਪ ਨੂੰ ਇਸ ਗੱਲ ਨੂੰ ਦੇਖ ਲੈਣਾ ਚਾਹੀਦਾ ਹੈ ਕਿ ਕੀ ਉਹ ਯੋਗ ਵਿਗਿਆਨ ਦਾ ਗਿਆਤਾ ਹੈ ਕੁੰਡਲਨੀ ਯੋਗ ਵਿੱਚ ਸੰਪੰਨ ਹੈ? ਜਾ ਕੇ ਉਹ ਕੇਵਲ ਕਿਤਾਬਾਂ ਪੜ੍ਹ ਕੇ ਹੀ ਦਸ ਰਿਹਾ ਹੈ, ਕਰਾ ਰਿਹਾ ਹੈ ਜਾਂ ਦੂਸਰਿਆਂ ਤੋਂ ਸਿੱਖ ਕੇ ਕਰਾ ਰਿਹਾ ਹੈ। ਵਾਸਤਵ ਵਿਚ ਅਧਿਆਤਮਕ ਮਸ਼ਕਰੀ, ਠੱਠਾ ਬਹੁਤ ਹੀ ਖਤਰਨਾਕ ਹੋ ਸਕਦਾ ਹੈ ਬਹੁਤ ਹੀ ਵੱਧ ਹਾਨੀਕਾਰਕ ਸਿੱਧ ਹੋ ਸਕਦਾ ਹੈ।

ਜਿਹੜੇ ਵਾਅਦੇ ਕੀਤੇ ਜਾਂਦੇ ਹਨ ਕਿ ਸਿਰ ਤੇ ਹੱਥ ਰੱਖ ਕੇ, ਨਿਗ੍ਹਾ ਭਰ ਕੇ ਦੇਖਣ ਨਾਲ, ਜਾਂ ਪਿੱਠ 'ਤੇ ਹੱਥ ਰਖ ਕੇ ਕੁੰਡਲਨੀ ਜਾਗਰਣ ਕੀਤੀ ਜਾ ਸਕਦੀ ਹੈ ਇਹ ਸਭ ਗੁਮਰਾਹ ਕਰਨ ਦੇ ਤਰੀਕੇ ਹੀ ਹਨ। ਜਿਹੜਾ ਜਗਿਆਸੂ ਨਵਾਂ ਹੈ ਬਿਲਕੁਲ ਕੁਝ ਨਹੀਂ ਜਾਣਦਾ ਉਹ ਕੋਈ ਇਹੋ ਜਿਹਾ ਗੁਰੂ ਭਾਲਦਾ ਹੈ ਜਿਹੜਾ ਕੋਈ ਜਾਦੂ ਦੀ ਤਰ੍ਹਾਂ ਉਸ ਦੀ ਕੁੰਡਲਨੀ ਜਾਗਰਣ ਕਰ ਦੇਵੇ। ਅੱਜ ਦੇ ਜਗਿਆਸੂ ਜਿਹੜੇ ਕਾਹਲੇ ਹਨ, ਉਤਾਵਲੇ ਹਨ ਨਾ ਤਾਂ ਉਹ ਸਿੱਖਣਾ ਚਾਹੁੰਦੇ ਹਨ, ਨਾ ਉਹ ਪੜ੍ਹਨਾ ਚਾਹੁੰਦੇ ਹਨ, ਨਾ ਹੀ ਅਭਿਆਸ ਕਰਕੇ ਸਮਝਣਾ ਚਾਹੁੰਦੇ ਹਨ। ਇਹੋ ਜਿਹਾ ਜਗਿਆਸੂ ਜੋ ਪ੍ਰਾਪਤ ਕਰਦਾ ਹੈ ਉਹ ਕੇਵਲ ਇਕ ਭਰਮ ਹੁੰਦਾ, ਆਪਣੇ ਅੰਦਰ ਦੀ ਇਕ ਗਲਤ, ਝੂਠੀ ਸ਼ਕਤੀ ਦਾ ਭਰਮ, ਉਹ ਕਦੀ ਵੀ ਪੂਰਣ ਅਨੁਭਵ ਅਨੰਦ, ਵਿਸਮਾਦ ਕ੍ਰਿਪਾ ਨਹੀਂ ਹੁੰਦੀ, ਸੱਚੇ ਸੁੱਚੇ ਅਭਿਆਸ ਤੋਂ ਬਿਨਾਂ, ਸ਼ੁਧਤਾ ਤੋਂ ਬਿਨਾਂ ਆਪਣੀ ਸਮਰੱਥਾ ਨੂੰ ਵਿਸਤ੍ਰਿਤ ਕੀਤੇ ਬਿਨਾਂ, ਸ਼ਕਤੀ ਦਾ ਪ੍ਰਵਾਹ ਜਗਿਆਸੂ ਨੂੰ ਉਪਰਾਮ ਕਰਦਾ ਹੈ, ਪਰੇਸ਼ਾਨ ਕਰ ਸਕਦਾ ਹੈ। ਸਰੀਰਕ ਪੱਖੋਂ ਵੀ ਇਹ ਸ਼ਕਤੀ ਸਰੀਰ ਨੂੰ ਪਰੇਸ਼ਾਨ ਕਰ

ਸਕਦੀ ਹੈ ਸਰੀਰ ਦੀ ਤੰਦਰੁਸਤੀ ਖਤਮ ਕਰ ਸਕਦੀ ਹੈ। ਪਰ ਚੰਗੀ ਸੰਭਾਲ ਨਾਲ ਠੀਕ ਟਰੇਨਿੰਗ ਨਾਲ ਜਗਿਆਸੂ ਆਪਣੀਆਂ ਆਦਤਾਂ ਤੇ ਕਾਬੂ ਪਾ ਲੈਂਦਾ ਹੈ, ਤੇ ਸ਼ਕਤੀ ਦੇ ਜਾਗਰਣ ਹੋਣ ਨੂੰ ਉਡੀਕ ਕੇ ਉਸ 'ਤੇ ਕਾਬੂ ਪਾਉਣ ਲਈ ਤਿਆਰ ਹੋ ਜਾਂਦਾ ਹੈ ਉਹ ਸ਼ਕਤੀ ਜਿਹੜੀ ਉਸ ਦੀ ਰੀੜ੍ਹ ਦੀ ਹੱਡੀ ਦੇ ਥੱਲੇ ਸੁੱਤੀ ਪਈ ਹੈ।

ਸੰਸਾਰ ਦੀਆਂ ਸਾਰੀਆਂ ਰਹੱਸਈ ਪਰਪਾਟੀਆਂ ਵਿਚ ਸ਼ਕਤੀ ਜਾਗਰਣ ਕਰਨ ਦੀ ਪ੍ਰਥਾ ਹੈ ਮੋਜ਼ਿਜ਼ (Muses) ਨੇ ਵੀ ਇਸ ਸ਼ਕਤੀ ਦਾ ਦੱਸਿਆ ਹੈ ਜਦੋਂ ਉਸ ਨੇ ਝਾੜੀ ਨੂੰ ਅੱਗ ਲਗਾਈ ਹੈ। ਮੁਹੰਮਦ ਸਾਹਿਬ ਵੀ ਇਸ ਬਾਰੇ ਦਸਦੇ ਹਨ ਜਦੋਂ ਉਨ੍ਹਾਂ ਨੂੰ ਕੁਰਾਨ ਦੀ ਬਾਣੀ ਉਤਰੀ ਸੀ। ਜੁਡਾਇਜ਼ਮ (ਝੁਦਓ-ਸਿਮ) ਦੀ ਪੁਸਤਕ The book of Revelation ਤੇ ਇਸਾਈਆਂ ਦੇ ਮਜ਼ਹਬ ਅੰਦਰ ਬਹੁਤ ਸਾਰੇ ਇਹੋ ਅਨੁਭਵ ਦਿਤੇ ਮਿਲਦੇ ਹਨ। ਹਿੰਦੂ ਤੇ ਬੁੱਧ ਧਰਮ ਦੀਆਂ ਪੁਰਾਤਨ ਪੁਸਤਕਾਂ ਵਿਚ ਭਾਵ ਧਰਮ ਗ੍ਰੰਥਾਂ ਵਿਚ ਬਹੁਤ ਹੀ ਵਿਸ਼ਾਲ ਸਾਹਿਤ ਤਾਂਤਰਿਕ ਫਿਲੋਸਫੀ ਤੇ ਮਿਲਦਾ ਹੈ ਉਸ ਦੇ ਨਾਲ ਇਸ ਮੁਢਲੀ ਸ਼ਕਤੀ ਨੂੰ ਜਾਗਰਣ ਕਰਨ ਲਈ ਅਭਿਆਸ ਦੱਸੇ ਗਏ ਹਨ। ਇਸ ਇਤਿਹਾਸ ਵਿਚ ਬਾਰ-ਬਾਰ ਜਗ੍ਹਾ-ਜਗ੍ਹਾ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਜਗਿਆਸੂ ਕੁੰਡਲਨੀ ਜਾਗਰਣ ਦਾ ਅਭਿਆਸ ਜਿਸ ਸੰਪੰਨ, ਨਿਪੁੰਨ ਗੁਰੂ ਦੀ ਦੇਖ ਰੇਖ ਹੇਠ ਹੀ ਕਰੇ ਆਪਣੇ ਆਪ ਹੀ ਇਹ ਕਰਨ ਦੀ ਕੋਸ਼ਿਸ਼ ਨਾ ਕਰੇ।

ਹਠ ਯੋਗ ਰਾਹੀ ਕੁੰਡਲਨੀ ਜਾਗਰਣ ਕਰਨੀ

ਹਠ ਯੋਗ ਅਨੁਸਾਰ ਕੁੰਡਲਨੀ ਜਾਗਰਣ ਕਰਨ ਲਈ ਯੋਗ ਤਕਨੀਕ ਦੀਆਂ ਉਨਤ ਵਿਧੀਆਂ ਦੇ ਅਭਿਆਸ ਦੀ ਲੋੜ ਹੇ। ਜਦੋਂ ਤਕ ਮਨੁੱਖ ਦਾ ਮਨ ਸੰਸਾਰਕ ਵਸਤੂਆਂ ਵਿਚ ਭਟਕਦਾ ਰਹੇਗਾ ਜਗਿਆਸੂ ਲਈ ਮਨੁੱਖ ਚੇਤਨਤਾ ਦੇ ਵੱਖ-ਵੱਖ ਪੱਧਰਾਂ ਨੂੰ ਸਮਝਣਾ ਔਖਾ ਹੈ। ਜਿਹੜਾ ਕੁੰਡਲਨੀ ਜਾਗਰਣ ਕਰਕੇ ਮੁੱਢਲੀ ਸ਼ਕਤੀ ਨੂੰ ਜਗਾ ਲੈਂਦਾ ਹੈ।

ਸਭ ਤੋਂ ਉੱਨਤ ਹਠ ਯੋਗ ਪ੍ਰਣਾਲੀ ਦਸਦੀ ਹੈ ਕਿ ਨਾੜੀ ਪ੍ਰਬੰਧ, ਤੰਤੂ ਪ੍ਰਬੰਧ ਸਾਨੂੰ ਯੋਗ ਦੇ ਇਸ ਦਾ ਗਿਆਨ ਦਿੰਦਾ ਹੈ ਇਸ ਤੋਂ ਬਾਂਝ ਰਹਿ ਕੇ ਇਸ ਸੁੱਤੀ ਹੋਈ ਸ਼ਕਤੀ ਨੂੰ ਨਹੀਂ ਜਗਾਇਆ ਜਾ ਸਕਦਾ।

ਜਦੋਂ ਕੁੰਡਲਨੀ ਜਾਗਰਣ ਹੁੰਦੀ ਹੈ ਇਹ ਇਕ ਨਿਯਮਤ ਢੰਗ ਨਾਲ ਵੱਖ-ਵੱਖ ਚੱਕਰਾਂ ਵਿਚ ਜਾਂਦੀ ਹੈ, ਬੜੇ ਹੀ ਸੂਖਮ ਢੰਗ ਨਾਲ ਇਹ ਸ਼ਕਤੀ ਉਨ੍ਹਾਂ ਚੱਕਰਾਂ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੂੰ ਗਤੀਸ਼ੀਲ ਕਰਦੀ ਹੈ ਉਨ੍ਹਾਂ ਨੂੰ ਕ੍ਰਿਆਸ਼ੀਲ ਕਰਦੀ ਹੈ, ਇਹ ਸਾਰੇ ਚੱਕਰ ਰੀੜ ਦੀ ਹੱਡੀ ਵਿਚ ਹੀ ਹਨ, ਇਹ ਸਾਰੇ ਸੂਖਮ ਸਥਿਤੀ ਵਿਚ ਹੀ ਰਹਿੰਦੇ ਹਨ। ਇਹ ਚੱਕਰ ਕੋਈ ਸਰੀਰਕ ਪੱਖੋਂ ਵਾਸਤਵਿਕ ਨਹੀਂ ਹਨ ਇਹ ਤਾਂ ਇੱਕ ਸੂਖਮ ਸਥਿਤੀ ਹੈ ਭਾਵੇਂ ਇਹ ਨਾੜੀਆਂ ਦੇ ਜਾਲਾ ਅਨੁਸਾਰ ਹਨ। ਕੇਵਲ ਕੁੰਡਲਨੀ ਦੀ ਸ਼ਕਤੀ ਹੀ ਇਨ੍ਹਾਂ ਚੱਕਰਾਂ ਨੂੰ ਜਾਗਰਣ ਕਰ ਸਕਦੀ ਹੈ, ਜਾਗਰਣ ਕਰਨ ਤੋਂ ਬਾਅਦ ਇਹ ਬ੍ਰਹਮਾਰੰਦਰਾ (brahmrarandhra) ਤਕ ਪਹੁੰਚਦੀ ਹੈ। ਜਿਹੜੇ ਜਗਿਆਸੂ ਕੁੰਡਲਨੀ ਜਾਗਰਣ ਕਰ ਲੈਂਦੇ ਹਨ ਉਹ ਅਤਿ ਸਿਰਜਨਾਤਮਕ ਤੇ ਗਤੀਸ਼ੀਲ ਹੋ ਜਾਂਦੇ ਹਨ।

ਵਾਸਤਵ ਵਿਚ ਕੁੰਡਲਨੀ ਚੇਤਨਤਾ ਦੀ ਪ੍ਰਤੀਕ ਹੈ ਸਿਰਜਨਾਤਮਕ ਹੋਣ ਦਾ ਸਰੋਤ ਹੈ, ਮਨੁੱਖ ਵਿਚ ਵੀ, ਵਿਸ਼ਵ ਵਿਚ ਵੀ। ਆਮ ਤੌਰ ਤੇ ਸਿਰਜਨਾ ਆਤਮਾ ਤੋਂ ਭੌਤਿਕ ਤੱਤ ਤਕ ਹੈ ਪਰ ਯੋਗ ਅਭਿਆਸ ਨਾਲ ਯੋਗ ਇਸ ਨੂੰ ਪੁੱਠਾ ਭਾਂਵ ਦੂਸਰੀ ਤਰ੍ਹਾਂ ਵੀ ਕਰ ਸਕਦਾ ਹੈ, ਤੱਤ ਤੋਂ ਆਤਮਾ ਤਕ ਲੈ ਜਾ ਸਕਦਾ ਹੈ, ਬਾਹਰੀ ਹਲਚਲ ਤੋਂ ਭਾਵ ਕੁਦਰਤ ਤੋਂ ਬਾਹਰ ਤੇ ਮੁੜ ਕੇ ਕੁਦਰਤ ਵਿਚ ਇਸ ਦੇ ਸਰੋਤ ਤੋ। ਇਹ ਮੁਢਲੀ ਸ਼ਕਤੀ ਬਹੁਤ ਵੱਡਾ ਪੁਟੇਨਸ਼ਲ ਹੈ ਸੰਭਾਵਨਾ ਹੈ ਤੱਤ ਹੈ। ਇਸ ਸ਼ਕਤੀ ਅੰਦਰ ਸਾਰੀਆਂ ਸ਼ਕਤੀਆਂ ਹਨ ਇਹ ਸ਼ਕਤੀ ਕੋਈ ਵੀ ਰੂਪ ਧਾਰਨ ਕਰ ਸਕਦੀ ਹੈ। ਇਸੇ ਕਰਕੇ ਇਹ ਸਾਰੀ ਸਰੀਰਕ ਤੇ ਮਾਨਸਿਕ ਕਰਮ ਦਾ ਸਰੋਤ ਹੈ ਮੁੱਢ ਹੈ।

ਪ੍ਰਾਣ ਸ਼ਕਤੀਆਂ ਵਾਸਤਵ ਵਿਚ ਕੁੰਡਲਨੀ ਦੀਆਂ ਹੀ ਪ੍ਰਤੀਕ ਹਨ, ਕੁੰਡਲਨੀ ਜਿਹੜੀ ਸਰੀਰ ਦੀ ਸਥਿਰ ਸ਼ਕਤੀ ਹੈ। ਸਭ ਤੋਂ ਪਹਿਲਾਂ ਤਾਂ ਸ਼ਕਤੀ ਦੇ ਪ੍ਰਤੀਕ ਲਈ ਇਕ ਨਿਰਪੇਖ ਤਟਅਸਤ ਕੇਂਦਰ ਹੋਣਾ ਚਾਹੀਦਾ ਹੈ। ਜਿਹੜੀਆਂ ਵੀ ਸ਼ਕਤੀਆਂ ਨਿਰਪੇਖ ਕੇਂਦਰ ਵਿਚੋਂ ਨਿਕਲਦੀਆਂ ਹਨ ਉਹ ਸਾਰੇ ਸਰੀਰ ਵਿਚੋਂ ਲੰਘਦੀਆਂ ਹਨ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਬਿਜਲੀ ਦੀ ਸ਼ਕਤੀ ਇਕ positive ਖੰਭੇ ਤੋਂ Negative ਖੰਭੇ ਤਕ ਜਾਂਦੀ ਹੈ। ਸਰੀਰ ਦੇ ਇਸ ਕੇਂਦਰ ਨੂੰ ਨਿਰਪੇਖਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਇਸ ਵਿਚੋਂ ਸਾਰੀਆਂ ਸ਼ਕਤੀਆਂ ਦਿਮਾਗ ਵਿਚੋਂ ਲੰਘ ਕੇ ਸਰੀਰ ਵਿਚ ਜਾਂਦੀਆ ਹਨ ਜਿਸ ਤਰ੍ਹਾਂ ਸੁਮਬਕ ਕੇਂਦਰ ਵਿਚ ਛੁਪਿਆ ਹੁੰਦਾ ਹੈ ਇਸੇ ਤਰ੍ਹਾਂ ਇਹ ਸ਼ਕਤੀ ਵੀ ਸਰੀਰ ਦੇ ਕੇਂਦਰ ਵਿਚ ਪਈ ਹੁੰਦੀ ਹੈ।

ਜੀਵਨ ਦੇ ਚੱਕਰ ਅੰਦਰ ਕੁੰਡਲਨੀ ਨੂੰ ਇਕ ਅਪ੍ਰਤੱਖ ਇਕ ਸੂਖਮ ਸ਼ਕਤੀ ਜਿਹੜੀ ਸੁਆਸਾਂ ਦੇ ਧੁਰੇ ਦੇ ਇਰਦ ਗਿਰਦ ਘੁੰਮਦੀ ਹੈ। ਜਿਹੜੀ ਸ਼ਕਤੀ ਸੁਆਸਾਂ ਤੋਂ ਆਉਂਦੀ ਹੈ ਉਹ ਤਿੰਨ ਪ੍ਰਕਾਰ ਦੀ ਹੈ ਨਿਰਪੇਖ, ਕੇਂਦਰ ਮੁਖੀ ਕਰੰਟ ਨੂੰ afferent ਕਰੰਟ ਕਹਿੰਦੇ ਹਨ ਜਿਸ ਤੋਂ ਭਾਵ ਹੈ ਇਹ ਉਹ ਨਾੜੀਆਂ ਹਨ ਜਿਹੜੀਆਂ ਕੇਂਦਰ ਨਾੜੀ ਤੰਤੂ ਨੂੰ ਸੁਨੇਹਾ ਲੈ ਕੇ ਜਾਂਦੀਆਂ ਹਨ ਕੇਂਦਰ ਤੋਂ ਪਸਾਰਾ ਕਰਦੀਆਂ ਨਾੜੀਆਂ ਨੂੰ efferent ਕਰੰਟ ਕਹਿੰਦੇ ਹਨ ਜਿਸ ਤੋਂ ਭਾਵ ਹੈ ਇਹ ਨਾੜੀਆਂ ਸਾਡੇ ਸੁਨੇਹਾ ਕੇਂਦਰ ਨਾੜੀ ਤੰਤੂ ਤਕ ਲੈ ਕੇ ਜਾਂਦੀਆਂ ਹਨ। ਇਹ ਨਿਰਪੇਖ ਕੇਂਦਰ ਮੂਲਾਧਾਰ ਚੱਕਰ ਵਿਚ ਹੈ ਏਥੇ ਹੀ ਕੁੰਡਲਨੀ ਬਿਲਕੁਲ ਸਿਥਿਲ ਪਈ ਹੈ, ਸੁੱਤੀ ਪਈ ਹੈ ਜਿਹੜੇ ਕਰੰਟ ਨਾੜੀਆਂ ਕੇਂਦਰ ਤੋਂ ਆਉਂਦੇ ਹਨ ਭਾਵ ਕੇਂਦਰ ਤੋਂ ਬਾਹਰ ਆਉਂਦਾ ਹੈ ਉਨ੍ਹਾਂ ਰਾਹੀ ਆਕਸੀਜਨ ਤੇ ਹੋਰ ਪੌਸ਼ਟਿਕਤਾ ਅੰਦਰ ਜਾਂਦੀ ਹੈ, ਕੇਂਦਰ ਮੁਖੀ ਨਾੜੀਆਂ ਰਾਹੀਂ ਸਰੀਰ ਦਾ ਗੰਦ ਬਾਹਰ ਨਿਕਲਦਾ ਹੈ। ਜਿਹੜੀ ਵੀ ਸਾਰੀ ਸ਼ਕਤੀ ਪ੍ਰਤੱਖ ਰੂਪ ਵਿਚ ਵਿਚਰ ਰਹੀ ਹੈ, ਪ੍ਰਤੱਖ ਹੈ ਜਿਹੜੀ ਕੇਂਦਰ ਨਾੜੀ ਤੰਤੂ ਦੀ ਸ਼ਕਤੀ ਹੈ ਉਸਨੂੰ ਹਿਰਦੇ ਸ਼ਕਤੀ ਜਾਂ ਦਿਮਾਗੀ ਸ਼ਕਤੀ ਦਾ ਪ੍ਰਤੀਕ ਨਹੀਂ ਮੰਨਣਾ ਚਾਹੀਦਾ, ਇਹ ਭੁਲੇਖਾ ਮਨ ਵਿਚੋਂ ਕੱਢ ਦੇਣਾ ਚਾਹੀਦਾ ਹੈ। ਸਾਡੇ ਧਰਮ ਗ੍ਰੰਥ ਦਸਦੇ ਹਨ ਕਿ ਕੁੰਡਲਨੀ ਦਾ ਵਾਸ ਇੱਕ ਤਿਕੋਨ

ਹੱਡੀ ਦੇ ਉਪਰ ਹੈ ਇਹ ਹੱਡੀ ਰੀੜ ਦੀ ਹੱਡੀ ਦੇ ਹੇਠਲੇ ਮਣਕੇ ਤੇ ਕੁੱਲੇ, ਚੂਲੇ ਦੀ ਹੱਡੀ ਇਨ੍ਹਾਂ ਦੋਨਾਂ ਦੇ ਵਿਚਕਾਰ ਹੈ ਜਿਸ ਨੂੰ ਪੇਡੂ ਦੇ ਪਿਛੇ ਦੀ ਹੱਡੀ ਭਾਵ sacrum ਕਹਿੰਦੇ ਹਨ। ਇਹ ਨਾਭੀ ਦੇ sex organ ਦੇ ਵਿਚਕਾਰ ਹੈ ਭਾਵ ਲਿੰਗ ਨਾਭੀ ਦੇ ਵਿਚਕਾਰ ਹੈ, ਗੁਦੇ ਦੇ ਉਪਰ ਹੈ perincum ਦੇ ਉਪਰ ਹੈ, ਮੂਲਾਧਾਰ ਚੱਕਰ ਵਿਚ ਹੈ ਇਹ ਕੋਈ ਚਾਰ ਉਂਗਲ ਚੌੜੀ ਹੈ, ਚੌਰਸ ਹੈ ਇਸਦਾ ਮੂੰਹ ਬਾਹਰਲੇ ਪਾਸੇ ਹੈ। ਯੋਗ ਅਨੁਸਾਰ ਯੋਗ ਗ੍ਰੰਥਾਂ ਅਨੁਸਾਰ ਇਸ ਥਾਂ ਤੋਂ 72000 ਨਾੜੀਆਂ ਦਾ ਨਿਕਾਸ ਹੁੰਦਾ ਹੈ ਇਹ 72000 ਨਾੜੀਆਂ ਦਾ ਸਰੋਤ ਹੈ ਇਹ ਸਭ ਸ਼ਕਤੀ ਦੀਆਂ ਹੀ ਨਾੜੀਆਂ ਦਾ ਸਰੋਤ ਹੈ ਇਹ ਸਭ ਸ਼ਕਤੀ ਦੀਆਂ ਹੀ ਨਾੜੀਆਂ ਹਨ।

ਕੁੰਡਲਨੀ ਤਿੰਨਾਂ ਗੁਣਾਂ ਦੀ ਜਨਮਦਾਤਾ ਹੈ ਭਾਵ ਸਤੋ ਗੁਣ, ਰਜੋ ਗੁਣ, ਤਮੋ ਗੁਣ। ਸਾਤਵਿਕ ਤੋਂ ਭਾਵ ਹੈ ਸਵੈ-ਅਸਤਿਤਵ ਮਾਨ, ਚਾਨਣ, ਚਾਨਣ ਦੇਣ ਵਾਲਾ, ਸ਼ਾਂਤੀ ਤੇ ਅਨੰਦ ਦਾ ਸਰੋਤ। ਰਜੋ ਗੁਣ ਉਹ ਗੁਣ ਹੈ ਜਿਹੜਾ ਤੁਹਾਨੂੰ ਉਦਮ ਦਿੰਦਾ ਹੈ, ਸ਼ਕਤੀ ਦਿੰਦਾ ਹੈ, ਉਤਸ਼ਾਹਿਤ ਕਰਦਾ ਹੈ, ਕ੍ਰਿਆਂਸ਼ੀਲ ਕਰਦਾ ਹੈ। ਤਮੋ ਗੁਣ ਤੋਂ ਭਾਵ ਹੈ ਹਨ੍ਹੇਰਾ, ਆਲਸ, ਸੁਸਤੀ ਦਿੰਦਾ ਹੈ, ਅਗਿਆਨ ਵਿਚ ਰਖਦਾ ਹੈ। ਤਮੋ ਗੁਣ ਮਨੁੱਖ ਲਈ ਬਹੁਤ ਹੀ ਅੜਚਣਾ ਪਾਉਣ ਵਾਲਾ ਹੈ, ਮਨੁੱਖ ਦੇ ਵਿਅਕਤੀਤਿਤਵ ਦਾ ਵਿਕਾਸ ਨਹੀਂ ਹੋਣ ਦਿੰਦਾ, ਪੂਰਾ ਪ੍ਰਗਟਾਵਾ ਨਹੀਂ ਹੋਣ ਦਿੰਦਾ। ਇਹ ਸਿਰਜਨਾਆਤਮਕ ਗੁਣ, ਨਿਯਮ ਬੱਧ ਗੁਣ, ਵਿਨਾਸ਼ਕਾਰੀ ਤੱਤ ਇਹ ਸਾਤਵਿਕ ਗੁਣ ਰਜੋ ਗੁਣ ਤੇ ਤਮੋ ਗੁਣ ਹਨ। ਇਹ ਗੁਣ ਇਹ ਸ਼ਕਤੀ ਹੀ ਸਰੀਰ ਦੀ ਸ਼ਕਤੀ ਦਾ ਸਰੋਤ ਹੈ, ਗਿਆਨ ਦਾ ਸਰੋਤ ਹੈ, ਇਹ ਹੀ ਸਰੀਰ ਨੂੰ ਚਲਾਉਣ ਵਾਲਾ ਹੈ, ਇਸੇ ਤੋਂ ਹੀ ਮਨ ਦੀ ਉਤਪਤੀ ਹੁੰਦੀ ਹੈ। ਕੁੰਡਲਨੀ ਤੋਂ ਹੀ 'ਅਗਨੀ' ਜੀਵਨ ਦੀ ਸ਼ੁਰੂਵਾਤ ਹੈ। ਕੁੰਡਲਨੀ ਤੋਂ ਹੀ ਸਰੀਰਕ ਸ਼ਕਤੀ ਦਾ ਆਰੰਭ ਹੈ 'ਬਿੰਦੂ' ਹੈ ਜੀਵਨ ਦਾ ਬੀਜ ਹੈ, ਨਾਦ ਦੀ ਧੁਨ ਹੈ, ਆਵਾਜ਼ ਦਾ, ਬੋਲਾਂ ਦਾ ਸਰੋਤ ਹੈ।

ਕੁੰਡਲਨੀ ਦਾ ਕੋਈ ਸਰੀਰਕ ਪ੍ਰਗਟਾਵਾ ਦਿਖਾਵਾ ਨਹੀਂ ਹੈ, ਨਾ ਹੀ ਕੋਈ ਆਵਾਜ਼ ਹੈ ਇਹ ਇਕ ਅਤਿ ਸੂਖਮ ਰੂਪ ਦਾ ਅਧਿਆਤਮਕ ਚਾਨਣ ਹੈ ਸਾਰੇ ਪ੍ਰਗਟਾਵੇ ਦਾ ਸਰੋਤ ਹੈ। ਇਹ ਸਭ ਤੋਂ ਉਤਮ ਸ਼ਕਤੀ ਹੈ ਜਿਸ ਤਰ੍ਹਾਂ ਨਾਲ ਸਾਰੇ ਵਿਸ਼ਵ ਦੀਆਂ ਸ਼ਕਤੀਆਂ ਕੁੰਡਲਨੀ ਵਿਚ ਹਨ। ਇਸੇ ਸ਼ਕਤੀ ਦੇ ਨਾਲ ਯੋਗੀ ਕਮਾਲ ਦੇ ਕਰਤਬ ਕਰਦੇ ਹਨ। ਹੱਠ ਯੋਗ ਦਾ ਅਭਿਆਸ ਕਰਕੇ ਯੋਗੀ ਸਰੀਰ ਤੇ ਪੂਰਾ ਕਾਬੂ ਪਾ ਲੈਂਦੇ ਹਨ। ਸਾਰੇ ਸਮਵੇਗ ਤੇ ਮਨੋਵੇਗਾਂ ਤੇ ਪੂਰਾ-ਪੂਰਾ ਕਾਬੂ ਪਾ ਲੈਂਦੇ ਹਨ। ਜੀਵਨ ਸ਼ਕਤੀ ਦਾ ਪੂਰਾ-ਪੂਰਾ ਕੰਟਰੋ ਕੁੰਡਲਨੀ ਜਾਗਰਣ ਨਾਲ ਕੀਤਾ ਜਾਂਦਾ ਹੈ। ਪੂਰੇ ਕੰਟਰੋਲ ਨਾਲ ਸਰੀਰ ਨੂੰ ਪੂਰੀ ਤਰ੍ਹਾਂ ਨਾਲ ਸਥਿਲ ਕੀਤਾ ਜਾਂਦਾ ਹੈ ਭਾਵ ਸਰੀਰ ਨੂੰ ਪੂਰੀ ਤਰ੍ਹਾਂ ਨਾਲ ਠੰਢਾ ਵੀ ਕੀਤਾ ਜਾਂਦਾ ਹੈ। ਬਹੁਤ ਹੀ ਉਨਤ ਅਭਿਆਸ ਨਾਲ ਤੁਸੀਂ ਸਰੀਰ ਨੂੰ ਵੱਖ ਵੀ ਕਰ ਸਕਦੇ ਹੋ, ਚੇਤਨਾ ਤੋਂ ਵੱਖ ਹੋ ਸਕਦੇ ਹੋ ਤੇ ਬਿਲਕੁਲ ਮੌਤ ਵਰਗਾ ਅਨੁਭਵ ਪ੍ਰਾਪਤ ਕਰ ਸਕਦੇ ਹੋ। ਇਹ ਸਭ ਕੁੰਡਲਨੀ ਸ਼ਕਤੀ ਨਾਲ ਹੀ ਪ੍ਰਾਪਤ ਕੀਤਾ ਜਾਂਦਾ ਹੈ। ਇਹੋ ਜਿਹੇ ਯੋਗੀ ਲਈ ਮਰਨਾ ਇੱਕ ਕਲਾ ਹੈ, ਕੋਈ ਸੰਤਾਪ ਨਹੀਂ। ਮੂਰਖ ਲੋਕੀ ਦੁਖੀ ਹੁੰਦੇ ਹਨ। ਯੋਗੀ ਤਾਂ ਮਰਨ ਤੇ ਕਾਬੂ ਪਾ ਲੈਂਦੇ ਹਨ। ਆਪਣੀ ਇੱਛਾ ਨਾਲ ਸਰੀਰ ਛਡਦੇ ਹਨ। ਜਦੋਂ ਯੋਗੀ ਦੇਖਦਾ ਹੈ ਸਰੀਰ ਪੁਰਾਣਾ ਹੋ ਗਿਆ ਹੈ ਉਹ ਚੇਤਨ ਰਹਿ ਕੇ ਸਰੀਰ ਨੂੰ ਖਤਮ ਕਰ ਦਿੰਦਾ ਹੈ ਜਿਵੇਂ ਕੋਈ ਕਪੜੇ ਬਦਲਦਾ ਹੈ।

ਜਦੋਂ ਜਗਿਆਸੂ ਆਪਣੇ ਸਰੀਰ ਨੂੰ ਪੂਰੀ ਤਰ੍ਹਾਂ ਨਾਲ ਸ਼ੁੱਧ ਕਰ ਲੈਂਦਾ ਹੈ ਅੰਦਰ ਦੇ ਵੱਖ-ਵੱਖ ਪੜਾਅ ਦੇਖ ਲੈਂਦਾ ਹੈ ਉਨ੍ਹਾਂ ਨੂੰ ਜਾਣ ਲੈਂਦਾ ਹੈ, ਉਨ੍ਹਾਂ ਨੂੰ ਅਧਿਆਤਮਕ ਅਨੁਸ਼ਾਨ ਨਾਲ ਕਾਬੂ ਵੀ ਕਰ ਲੈਂਦਾ ਹੈ ਫੇਰ ਉਹ ਅਗਲੇ ਮਾਰਗ ਦੇ ਸਫਰ ਲਈ ਤਿਆਰ ਹੋ ਜਾਂਦਾ ਹੈ। ਵਾਸਤਵ ਵਿਚ ਕੁੰਡਲਨੀ ਜਾਗਰਣ ਦੀ ਪੂਰੀ ਪ੍ਰਤਿਕ੍ਰਿਆ, ਕੁੰਡਲਨੀ ਜਾਗਰਣ ਨਾਲੋਂ ਵਧੇਰੇ ਮਹੱਤਵਪੂਰਣ ਹੈ। ਹੱਠ ਯੋਗ ਦੇ ਸਾਰੇ ਅਭਿਆਸ, ਧੋਤੀ, ਨਿਉਲੀ ਕਰਮ ਆਦਿ ਪ੍ਰਾਣਾਯਾਮ, ਇਹ ਸਭ ਜਗਿਆਸੂ ਨੂੰ ਕੁੰਡਲਨੀ ਜਾਗਣ ਲਈ ਤਿਆਰੀ ਹੈ। ਇਸ ਸੁੱਤੀ ਸ਼ਕਤੀ ਨੂੰ ਜਗਣ ਦਾ ਹੀ ਉਦਮ ਹੈ। ਹੱਠ ਯੋਗ ਦਾ ਉਦੇਸ਼ ਹੀ ਜਗਿਆਸੂ ਦੀ ਤਿਆਰ ਕਰਨੀ ਹੈ, ਸੁਸ਼ਮਨਾ ਨੂੰ ਜਗਾ ਕੇ ਸਰੀਰ ਨੂੰ ਬਿਲਕੁਲ ਠੀਕ ਰਖਣਾ, ਸੁਅਸਥ ਰਖਣਾ ਹੈ ਤਾਂ ਜੋ ਸਰੀਰ ਵਲੋਂ ਕਿਸੇ ਕਿਸਮ ਦੀ ਕੋਈ ਰੁਕਾਵਟ ਨਾ ਹੋਵੇ ਜਾਂ ਪ੍ਰਾਣਾਂ ਦਾ ਕੋਈ ਅਸੰਤੁਲਨ ਨਾ ਹੋਵੇ। ਹੱਠ ਯੋਗ ਨਾਲ ਪ੍ਰਾਣਾਯਾਮ ਦੀ ਤਿਆਰੀ ਕੀਤੀ ਜਾਂਦੀ ਹੈ, ਮੈਡੀਟੇਸ਼ਨ ਕੀਤੀ ਜਾਂਦੀ ਹੈ ਅੰਤ ਵਿਚ ਕੁੰਡਲਨੀ ਜਾਗਰਣ ਕੀਤੀ ਜਾਂਦੀ ਹੈ, ਯਾਦ ਰਹੇ ਇਹ ਕੇਵਲ ਤਿਆਰੀ ਹੈ।

ਆਸਨਾਂ ਦਾ ਉੱਨਤ ਅਭਿਆਸ ਕਰਕੇ 'ਬੰਧ' ਮੁਦਰਾ, ਪ੍ਰਾਣਾਯਾਮ ਦਾ ਅਭਿਆਸ ਕਰਕੇ ਜਗਿਆਸੂ ਆਪਣੀ ਗਤੀਸ਼ੀਲ ਸ਼ਕਤੀ ਨੂੰ ਪ੍ਰਾਣਾਯਾਮ ਸ਼ਕਤੀ ਨੂੰ ਹੀ ਕੁੰਡਲਨੀ ਜਾਗਰਣ ਲਈ ਵਰਤ ਸਕਦਾ ਹੈ ਪ੍ਰਾਣ ਕਿਉਂਕਿ ਸਰੀਰ ਦੀ ਇਕ ਨਿਯਮਬੱਧ ਸ਼ਕਤੀ ਹੈ ਜਿਹੜੀ ਸਰੀਰ ਤੇ ਦਿਮਾਗ ਨੂੰ ਆਪਣੀ ਸ਼ਕਤੀ ਨਾਲ ਕਾਬੂ ਕਰ ਸਕਦੀ ਹੈ। ਆਮ ਤੌਰ ਤੇ ਕੁੰਡਲਨੀ ਨੂੰ ਪਿੰਗਲਾ ਨਾੜੀ ਤੋਂ (ਸੱਜੀ ਨਾਸਕਾ) ਤੋਂ ਸ਼ਕਤੀ ਮਿਲਦੀ ਹੈ ਇਹ ਸ਼ਕਤੀ ਅੰਮ੍ਰਿਤ ਵੇਲੇ ਸਵੇਰੇ ਪ੍ਰਾਪਤ ਹੁੰਦੀ ਹੈ ਇਹ ਸ਼ਕਤੀ ਅੰਮ੍ਰਿਤ ਵੇਲੇ ਸਵੇਰੇ ਪ੍ਰਾਪਤ ਹੁੰਦੀ ਹੈ ਇੜਾ ਨਾੜੀ (ਖੱਬੀ ਨਾਸਿਕਾ) ਤੋਂ ਸ਼ਾਮ ਦੇ ਵੇਲੇ ਇਸ ਨੂੰ ਸ਼ਕਤੀ ਮਿਲਦੀ ਹੈ ਜਿਸ ਨੂੰ ਅਸੀਂ ਸੰਧਿਆ ਵੇਲਾ ਕਹਿੰਦੇ ਹਾਂ। ਬਾਕੀ ਸਮੇਨ ਇਹ ਸੁੱਤੀ ਹੀ ਰਹਿੰਦੀ ਹੈ। ਇਸ ਨੂੰ ਜਗਾਉਣ ਦੇ ਖਾਸ-ਖਾਣ ਆਸਨ ਹਨ ਵਿਸ਼ੇਸ਼ ਅਭਿਆਸ ਹਨ ਕੁੰਭਕ ਦਾ ਅਭਿਆਸ, ਹੋਰ ਖਾਸ ਮੁਦਰਾ ਹਨ ਜਿਨ੍ਹਾਂ ਦੁਆਰਾ ਇਸ ਨੂੰ ਜਗਾਇਆ ਜਾਂਦਾ ਹੈ। ਜਦੋਂ ਸੁਸ਼ਮਨਾ ਪੂਰ ਤਰ੍ਹਾਂ ਨਾਲ ਸਹਾਇਕ ਹੁੰਦੀ ਹੈ, ਸੁਤੇ ਹੀ ਸਮਾਧੀ ਲਗ ਜਾਂਦੀ ਹੈ।

ਹੱਠ ਯੋਗੀਆਂ ਦਾ ਵਿਸ਼ਵਾਸ਼ ਹੈ ਕਿ ਪ੍ਰਾਣਾਯਾਮ ਕਰਕੇ, ਬਹੁਤ ਅਭਿਆਸ ਕਰਕੇ ਕੁੰਡਲਨੀ ਜਗਾਈ ਜਾ ਸਕਦੀ ਹੈ, ਕੁੰਡਲਨੀ ਨੂੰ ਬ੍ਰਹਮਰਿੰਦਰਾ ਤਕ ਲਿਜਾਇਆ ਜਾ ਸਕਦਾ ਹੈ, ਹਜ਼ਾਰ ਪੰਖੜੀਆਂ ਵਾਲੇ ਕਮਲ ਫੁੱਲ ਭਾਵ ਸਹੰਸਰਾਰ ਤਕ ਲਿਜਾ ਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਇਹ ਅਭਿਆਸ ਹਾਨੀਕਾਰਕ ਹੋ ਸਕਦਾ ਹੈ ਕਿਉਂਕਿ ਜ਼ੋਰਦਾਰ ਅਭਿਆਸ ਵਧੇਰੇ ਅਭਿਆਸ ਲਈ ਬਹੁਤ ਹੀ ਰਿਸ਼ਟ-ਪੁਸ਼ਟ ਸਰੀਰ ਦੀ ਲੋੜ ਹੈ,

(ਬਾਕੀ ਪੰਨਾ 61 ਤੇ)

# ਅਰਦਾਸ ਸ਼ਕਤੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਥਿਆਰਾਂ ਦਾ ਬੜਾ ਸ਼ੌਂਕ ਸੀ ਆਪ ਦੇ ਚਰਨਾਂ ਵਿਚ ਜੋ ਸਿੱਖ ਕੋਈ ਨਵਾਂ ਹਥਿਆਰ ਲਿਆ ਕੇ ਰਖਦਾ ਹੈ ਉਸ ਉਤੇ ਬੜੇ ਖੁਸ਼ ਹੁੰਦੇ। ਨੇੜੇ ਦੂਰ ਸਭ ਥਾਵਾਂ ਤੇ ਸਿੱਖਾਂ ਨੂੰ ਪਤਾ ਲਗ ਗਿਆ ਹੋਇਆ ਸੀ ਕਿ ਕਲਗੀਆਂ ਵਾਲੇ ਪਾਤਸ਼ਾਹ ਨੂੰ ਖੁਸ਼ ਕਰਨਾ ਹੋਵੇ ਤਾਂ ਕੋਈ ਚੰਗਾ ਤੇ ਵਧੀਆ ਹਥਿਆਰ ਆਪ ਦੀ ਸੇਵਾ ਵਿਚ ਪੇਸ਼ ਕਰਨਾ ਚਾਹੀਦਾ ਹੈ।

ਭਾਈ 'ਗੁਜਰ' ਨਾਮੀ (ਲੁਹਾਰ) ਨੂੰ ਵੀ ਇਸ ਗੱਲ ਦਾ ਪਤਾ ਸੀ। ਉਸ ਨੇ ਇਕ ਐਸੀ ਢਾਲ ਬਣਾਈ ਜਿਸ ਨੂੰ ਕੋਈ ਚੀਜ਼ ਪਾਰ ਨਹੀਂ ਸੀ ਕਰ ਸਕਦੀ। ਨਾ ਗੋਲੀ, ਨਾ ਨੇਜ਼ਾ, ਨਾ ਤਲਵਾਰ। ਡਾਲ ਤਿਆਰ ਕਰ ਕੇ ਭਾਈ ਗੁਜਰ ਤੁਰ ਪਿਆ। ਅਨੰਦਪੁਰ ਸਲਤਨਤ ਨੂੰ ਕੁਚਲਣ ਦੀ ਤਿਆਰੀ ਪਏ ਅਰੰਭਦੇ ਸਨ।

ਜਿਸ ਵੇਲੇ ਭਾਈ ਗੁਜਰ ਅਨੰਦਪੁਰ ਸਾਹਿਬ ਪਹੁੰਚਿਆ ਤਾਂ ਦਸਮ ਪਾਤਸ਼ਾਹ ਦਾ ਸ਼ਾਨਦਾਰ ਦੀਵਾਨ ਸਜਿਆ ਹੋਇਆ ਸੀ। ਹਜ਼ੂਰ ਦੇ ਇਕ ਪਾਸੇ ਬੜੇ ਬੜੇ ਸੂਰਮੇ, ਸਿਰਲੱਥ ਸਿੰਘ, ਸ਼ਸਤਰ ਸਜਾਈ ਬੈਠੇ ਸਨ ਅਤੇ ਦੂਸਰੇ ਪਾਸੇ ਬੜੇ ਬੜੇ ਵਿਦਵਾਨ, ਕਵੀ ਗੁਣੀ ਤੇ ਗਿਆਨੀ ਸਜ ਰਹੇ ਸਨ। ਸਾਮ੍ਹਣੇ ਕੀਰਤਨੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰਸ਼ੀ ਬਾਣੀ ਦਾ ਕੀਰਤਨ ਕਰ ਰਹੇ ਸਨ। ਭਾਈ ਗੁਜਰ ਵੀ ਬੈਠ ਕੇ ਪਹਿਲੇ ਕੀਰਤਨ ਸੁਣਦਾ ਰਿਹਾ ਅਤੇ ਜਦ ਕੀਰਤਨ ਸਮਾਪਤ ਹੋਇਆ ਤਾਂ ਉਠ ਕੇ ਕਲਗੀਆਂ ਵਾਲੇ ਦੀ ਸੇਵਾ ਵਿਚ ਆਪਣੀ ਢਾਲ ਪੇਸ਼ ਕੀਤੀ।

ਗੁਰੂ ਸਾਹਿਬ ਨੇ ਢਾਲ ਨੂੰ ਦੇਖਿਆ ਅਤੇ ਆਖਣ ਲੱਗੇ ਢਾਲ ਤਾਂ ਬੜੀ ਚੰਗੀ ਹੈ। ਇਹ ਕਹਿ ਕੇ ਗੁਰੂ ਜੀ ਨੇ ਆਪਣੇ ਇਕ ਪਾਸੇ ਬੈਠੇ ਸਿੰਘ ਸੂਰਮਿਆਂ ਨੂੰ ਕਿਹਾ ਕਿ ਦੇਖੋ ਕੈਸੀ ਅੱਛੀ ਢਾਲ ਹੈ। ਸਾਰੇ ਸੂਰਮਿਆਂ ਨੇ ਢਾਲ ਨੂੰ ਦੇਖਿਆ। ਢਾਲ ਸੱਚੀ ਮੁਚੀਂ ਬੜੀ ਚੰਗੀ ਸੀ, ਕਈ ਧਾਤਾਂ ਨੂੰ ਮਿਲਾ ਕੇ ਬਣਾਈ ਗਈ ਸੀ, ਵਜ਼ਨ ਵਿਚ ਵੀ ਕਾਫੀ ਹਲਕੀ ਸੀ ਅਤੇ ਪੱਕੀ ਵੀ ਬੜੀ ਸੀ। ਸਾਰੇ ਪਾਸੇ ਢਾਲ ਦੀ ਸਿਫਤ ਹੋ ਰਹੀ ਸੀ ਅਤੇ ਸਭ ਢਾਲ ਨੂੰ ਹੱਥੋਂ ਹਥੀ ਫੜ ਫੜ ਕੇ ਦੇਖ ਰਹੇ ਅਤੇ ਪ੍ਰਸੰਨ ਹੋ ਕੇ ਆਖ ਰਹੇ ਸਨ ਵਾਹ ਭਾਈ ਗੁਜਰ ਜੀ ਆਪ ਧੰਨ ਹੋ, ਕੈਸੀ ਢਾਲ ਬਣਾਈ ਹੈ।

ਜੇਕਰ ਭਾਈ ਗੁਜਰ ਸਿਆਣਾ ਹੁੰਦਾ ਤਾਂ ਆਪਣੀ ਬਣਾਈ ਢਾਲ ਦੀ ਇਤਨੀ ਸਿਫਤ ਹੁੰਦੀ ਦੇਖ ਕੇ ਵਾਹਿਗੁਰੂ ਦਾ ਸ਼ੁਕਰ ਕਰਦਾ ਅਤੇ ਆਖਦਾ ਕਿ ਵਾਹਿਗੁਰੂ ਤੂੰ ਧੰਨ ਹੈ, ਜਿਸ ਨੇ ਮੈਥੋਂ ਐਸੀ ਅੱਛੀ ਢਾਲ ਬਣਵਾਈ ਜੋ ਅੱਜ ਗੁਰੂ ਸਾਹਿਬ ਦੇ ਪਸੰਦ ਆ ਗਈ ਹੈ ਅਤੇ ਜਿਸ ਦੀ ਸਾਰਿਆਂ ਸੂਰਮਿਆ, ਯੋਧਿਆਂ ਨੇ ਇਤਨੀ ਸਿਫਤ ਕੀਤੀ ਹੈ। ਪਰ ਭਾਈ ਗੁਜਰ ਨੂੰ ਉਸ ਵੇਲੇ ਬਜਾਏ ਵਾਹਿਗੁਰੂ ਦੇ ਸ਼ੁਕਰ ਕਰਨ ਦੇ, ਅਭਿਮਾਨ ਆ ਗਿਆ ਅਤੇ ਅਭਿਮਾਨ ਵਿਚ ਆ ਕੇ ਗੁਰੂ ਜੀ ਵਲ ਮੂੰਹ ਕਰ ਕੇ ਆਖਣ ਲੱਗਾ, ਮਹਾਰਾਜ! ਇਹ ਢਾਲ ਐਸੀ ਪੱਕੀ ਹੈ ਕਿ ਐਥੇ ਬੈਠਾ ਕੋਈ ਵੀ ਇਸ ਵਿਚੋਂ ਗੋਲੀ ਨਹੀਂ ਲੰਘਾ ਸਕਦਾ, ਐਥੇ ਬੈਠੇ ਕਿਸੇ ਦੀ ਮਜਾਲ ਨਹੀਂ ਕਿ ਮੇਰੀ ਬਣਾਈ ਹੋਈ ਢਾਲ ਵਿਚੋਂ ਗੋਲੀ ਲੰਘਾ ਕੇ ਵਿਖਾਵੇ। ਆਪ ਖੁਦ ਵੀ ਅਜ਼ਮਾ ਕੇ ਦੇਖ ਸਕਦੇ ਹੋ।

ਸ੍ਰੀ ਗੁਰੂ ਜੀ ਭਾਵੇਂ ਭਾਈ ਗੁਜਰ ਦੀ ਬਣਾਈ ਢਾਲ ਨੂੰ ਚੰਗਾ ਸਮਝਦੇ ਸਨ ਪਰ ਉਸ ਦੇ ਉਤਲੇ ਹੰਕਾਰ ਭਰੇ ਬਚਨ ਗੁਰੂ ਸਾਹਿਬ ਨੂੰ ਪਸੰਦ ਨਾ ਆਏ। ਇਨ੍ਹਾਂ ਬਚਨਾਂ ਤੋਂ ਸਿੱਖ ਦਾ ਹੰਕਾਰ ਤੇ ਅਭਿਮਾਨ ਪ੍ਰਗਟ ਹੁੰਦਾ ਸੀ ਜੋ ਕਿ ਗੁਰੂ ਘਰ ਵਿਚ ਵਿਵਰਜਤ ਸੀ। ਇਸ ਲਈ ਗੁਰੂ ਸਾਹਿਬ ਨੇ ਭਾਈ ਗੁਜਰ ਨੂੰ ਆਖਿਆ ਕਿ ਤੇਰੀ ਢਾਲ ਬੜੀ ਚੰਗੀ ਅਤੇ ਸ਼ਲਾਘਾਯੋਗ ਹੈ ਪਰ ਜੇਕਰ ਤੇਰਾ ਇਹ ਦਾਅਵਾ ਹੈ ਕਿ ਤੇਰੀ ਬਣਾਈ ਢਾਲ ਵਿਚੋਂ ਏਥੇ ਕੋਈ ਵੀ ਗੋਲੀ ਪਾਰ ਕਰਕੇ ਦਿਖਾਵਾਂਗੇ। ਇਹ ਸੁਣ ਕੇ ਵੀ ਭਾਈ ਗੁਜਰ ਨੂੰ ਆਪਣੀ ਗਲਤੀ ਦਾ ਖਿਆਲ ਨਾ ਆਇਆ ਅਤੇ ਉਸੇ ਤਰ੍ਹਾਂ ਅਭਿਮਾਨ ਵਿਚ ਆ ਕੇ ਆਖਿਆ, ਮੈਨੂੰ ਮਨਜ਼ੂਰ ਹੈ। ਮੇਰਾ ਦਾਅਵਾ ਹੈ ਕਿ ਮੇਰੇ ਹੱਥਾਂ ਦੀ ਬਣਾਈ ਢਾਲ ਵਿਚੋਂ ਕੋਈ ਵੀ ਗੋਲੀ ਪਾਰ ਨਹੀਂ ਕਰ ਸਕਦਾ। ਆਪ ਮੇਰੀ ਢਾਲ ਨੂੰ ਇਕ ਵਾਰੀ ਨਹੀਂ, ਸੌ ਵਾਰੀ ਅਜ਼ਮਾ ਕੇ ਦੇਖੋ, ਇਸ ਵਿਚੋਂ ਆਪ ਵੀ ਗੋਲੀ ਪਾਰ ਨਹੀਂ ਕਰ ਸਕੋਗੇ।

ਦੀਵਾਨ ਸਮਾਪਤ ਹੋ ਗਿਆ। ਭਾਈ ਗੁਜਰ ਨੂੰ ਇਕ ਬੁੱਢੇ ਤੇ ਗੁਰੂ ਸਵਾਰੇ ਸਿੱਖ ਨੇ ਇਕ ਪਾਸੇ ਲੈ ਜਾ ਕੇ ਆਖਿਆ, ਤੂੰ ਅੱਜ ਬੜੀ ਭੁੱਲ ਕੀਤੀ ਹੈ। ਤੈਨੂੰ ਢਾਲ ਦੀ ਪਕਿਆਈ ਸਬੰਧੀ ਐਡਾ ਦਾਅਵਾ ਨਹੀਂ ਸੀ ਕਰਨਾ ਚਾਹੀਦਾ। ਆਮ ਸਿੰਘਾਂ ਵਾਸਤੇ ਹੋ ਸਕਦਾ ਹੈ ਕਿ ਤੇਰੀ ਢਾਲ ਵਿਚੋਂ ਗੋਲੀ ਪਾਰ ਕਰਨੀ ਮੁਸ਼ਕਲ ਹੋਵੇ, ਪਰ ਗੁਰੂ ਸਾਹਿਬ ਵਾਸਤੇ, ਜਿਨ੍ਹਾਂ ਦੀ ਆਤਮਕ ਦ੍ਰਿਸ਼ਟੀ ਅੱਗੇ ਕੋਈ ਚੀਜ਼ ਵੀ ਮੁਸ਼ਕਲ ਨਹੀਂ ਤੇਰੀ ਢਾਲ ਨੂੰ ਗੋਲੀ ਨਾਲ ਵਿੰਨ੍ਹ ਕੇ ਛਾਨਣੀ ਬਣਾ ਦੇਣਾ ਵੀ ਆਸਾਨ ਹੈ।

ਭਾਈ ਗੁਜਰ ਨੇ ਆਖਿਆ, ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਅਗਰ ਢਾਲ ਸੱਚੀ ਮੁਚੀਂ ਪੱਕੀ ਹੈ, ਤਾਂ ਉਹ ਸਿਖ ਅਤੇ ਗੁਰੂ ਸਭ ਲਈ ਹੀ ਪੱਕੀ ਹੈ। ਗੁਰੂ ਸਾਹਿਬ ਦੀਆਂ ਗੋਲੀਆਂ ਅਤੇ ਆਮ ਸਿੱਖਾਂ ਦੀਆਂ ਗੋਲੀਆਂ ਵਿਚ ਕੀ ਫਰਕ ਹੋ ਸਕਦਾ ਹੈ?

ਗੁਰਸਿਖ - ਭਾਈ ਗੁਜਰ, ਇਹੋ ਹੀ ਤੇਰੀ ਭੁੱਲ ਹੈ। ਤੂੰ ਗੁਰੂ ਸਾਹਿਬ ਦੇ ਹੱਥ ਵਿਚ ਕੱਲ੍ਹ ਫੜੀ ਜਾਣ ਵਾਲੀ ਬੰਦੂਕ ਅਤੇ ਆਮ ਸਿੰਘਾਂ ਦੀਆਂ ਬੰਦੂਕਾਂ ਵਿਚ ਕੋਈ ਫਰਕ ਨਹੀਂ ਸਮਝਦਾ? ਏਹੋ ਤੇਰੀ ਨਜ਼ਰ ਦਾ ਭੁਲੇਖਾ ਹੈ ਅਤੇ ਏਹੀ ਤੇਰੀ ਗਲਤੀ ਹੈ। ਇਹ ਗਲਤੀ ਕੱਲ੍ਹ ਦਰੁਸਤ ਤਾਂ ਹੋ ਜਾਣੀ ਹੈ ਪਰ ਤੇਰੀ ਡਾਹਢੀ ਬੇਇਜ਼ਤੀ ਕਰਵਾ ਕੇ, ਜੇ ਤੇਰੀ ਗਲਤੀ ਦਰੁਸਤ ਹੋਈ ਤਾਂ ਕੀ ਫਾਇਦਾ? ਆਇਆ ਤਾਂ ਸੀ ਤੂੰ ਗੁਰੂ ਸਾਹਿਬ ਦੀ ਖੁਸ਼ੀ ਹਾਸਲ ਕਰਨ ਪਰ ਹੁਣ ਗੁਰੂ ਸਾਹਿਬ ਨਾਲ ਹੀ ਮੁਕਾਬਲਾ ਲਾ ਬੈਠਾ ਹੈਂ, ਇਸ ਲਈ ਪਰਤੇਂਗਾ ਇਥੋਂ ਡਾਹਢਾ ਬੇਇਜ਼ਤ ਹੋ ਕੇ।

ਭਾਈ ਗੁਜਰ - ਕੀ ਗੁਰੂ ਸਾਹਿਬ ਨੇ ਕਲ੍ਹ ਜਿਸ ਬੰਦੂਕ ਦੀ ਗੋਲੀ ਮੇਰੀ ਢਾਲ ਵਿਚੋਂ ਪਾਰ ਕਰਨ ਦੀ ਕੋਸ਼ਿਸ਼ ਕਰਨੀ ਹੈ, ਉਹ ਬੰਦੂਕ ਕੋਈ ਖਾਸ ਬੰਦੂਕ ਹੋਵੇਗੀ?

ਗੁਰਸਿਖ - ਨਹੀਂ ਬੰਦੂਕ ਤਾਂ ਉਹ ਖਾਸ ਨਹੀਂ ਹੋਵੇਗੀ ਪਰ ਉਸ ਬੰਦੂਕ ਨੂੰ ਜਿਸ ਨੇ ਚਲਾਣਾ ਹੈ ਉਸ ਦੀ ਨਜ਼ਰ ਖਾਸ ਹੋਵੇਗੀ। ਸਿੰਘਾਂ ਦੀ ਨਜ਼ਰ ਅਤੇ ਗੁਰੂ ਜੀ ਦੀ ਨਜ਼ਰ ਵਿਚ ਬੜਾ ਫਰਕ ਹੈ। ਆਮ ਸਿੰਘਾਂ ਨੂੰ ਤੇਰੀ ਢਾਲ ਹੀ ਨਜ਼ਰ ਆਉਂਦੀ ਹੈ

ਪਰ ਗੁਰੂ ਜੀ ਨੂੰ ਤੇਰੀ ਢਾਲ ਦੇ ਪਿਛੇ ਤੇਰਾ ਮਨ ਅਤੇ ਉਸ ਮਨ ਵਿਚ ਭਰਿਆ ਤੇਰਾ ਅਗਿਆਨ ਨਜ਼ਰ ਆਉਂਦਾ ਹੈ। ਗੁਰੂ ਜੀ ਦੀ ਨਜ਼ਰ ਨੂੰ ਤੇਰੀ ਢਾਲ ਅੰਦਰ ਜੋ ਤੱਤ ਹਨ ਅਤੇ ਉਨ੍ਹਾਂ ਤੱਤਾਂ ਨੂੰ ਇਕੱਠਿਆਂ ਰਖਣ ਦਾ ਜੋ ਭੇਦ ਹੈ, ਉਸ ਭੇਦ ਦਾ ਪਤਾ ਹੈ। ਗੁਰੂ ਜੀ ਦੀ ਨਜ਼ਰ ਨਾਲ ਦੇਖੀਏ ਉਸੇ ਤਰ੍ਹਾਂ ਦਾ ਇਹ ਭਾਸਣ ਲਗ ਜਾਂਦਾ ਹੈ। ਗੁਰੂ ਜੀ ਦੀ ਨਜ਼ਰ ਨੂੰ ਇਹ ਵੀ ਪਤਾ ਹੈ ਕਿ ਇਸ ਸੰਸਾਰ ਵਿਚ ਠੋਸ ਮਾਦੇ ਦੀ ਬਣੀ ਕੋਈ ਚੀਜ਼ ਨਹੀਂ। ਸਗੋਂ ਇਹ ਇਕ ਮਨ ਤੋਂ ਪੈਦਾ ਹੋਈ, ਇਕ ਖਿਆਲੀ ਜਾਂ ਸੁਫਨੇ ਦੀ ਰਚਨਾ ਹੈ, ਜਿਸ ਵਿਚ ਕੋਈ ਚੀਜ਼ ਪੱਕੀ ਅਤੇ ਸੱਤ ਨਹੀਂ। ਜੇ ਸਾਰੀ ਸੰਸਾਰ ਰਚਨਾ ਸੱਚੀ ਨਹੀਂ ਸਗੋਂ ਮਿਥਿਆ ਹੈ ਤਾਂ ਤੂੰ ਦਸ, ਇਸ ਮਿਥਿਆ ਸੰਸਾਰ ਵਿਚ ਤੇਰੀ ਢਾਲ ਕਿਸ ਤਰ੍ਹਾਂ ਅਟੁੱਟ ਜਾਂ ਅਬਿਨਾਸ਼ੀ ਹੋ ਸਕਦੀ ਹੈ? ਗੁਰੂ ਜੀ ਦੀ ਆਤਮਕ ਨਜ਼ਰ ਨੂੰ ਜਗਤ ਦਾ ਸਾਰਾ ਪਸਾਰਾ ਅਸੱਤ ਅਤੇ ਸੁਫਨੇ ਦੀ ਰਚਨਾ ਪਿਆ ਭਾਸਦਾ ਹੈ, ਉਸ ਅਸੱਤ ਰਚਨਾ ਵਿਚ ਤੇਰੀ ਬਣਾਈ ਹੋਈ ਢਾਲ ਦੀ ਵੀ ਕੋਈ ਪੱਕੀ ਹਸਤੀ ਨਹੀਂ। ਗੁਰੂ ਸਾਹਿਬ ਦੀ ਨਜ਼ਰ ਨੂੰ ਤੇਰੀ ਬਣਾਈ ਹੋਈ ਢਾਲ ਦੀ ਅਸਲੀਅਤ ਦਾ ਪਤਾ ਹੈ ਅਤੇ ਉਹ ਅਸਲੀਅਤ ਇਹ ਹੈ ਕਿ ਨਾਸਵੰਤ ਅਤੇ ਇਕ ਛਿਨ ਭਰ ਆਪਣੀ ਅਵਸਥਾ ਵਿਚ ਕਾਇਮ ਨਾ ਰਹਿਣ ਵਾਲੇ ਜਗਤ ਵਿਚ ਤੇਰੀ ਢਾਲ ਵੀ ਕੱਚੀ ਅਤੇ ਨਾਸ਼ਵੰਤ ਚੀਜ਼ ਹੈ। ਤੇਰੀ ਢਾਲ ਦੇ ਜੋ ਜ਼ੱਰੇ ਜਾਂ ਪਰਮਾਣੂ ਅੱਜ ਤੈਨੂੰ ਆਪਣ ਵਿਚ ਬੜੀ ਪਕਿਆਈ ਨਾਲ ਜੁੜੇ ਹੋਏ ਨਜ਼ਰ ਆਉਂਦੇ ਹਨ, ਅਸਲ ਵਿਚ ਸਚਿਆਈ ਇਹ ਹੈ ਕਿ ਜਦ ਤੋਂ ਉਹ ਪ੍ਰਮਾਣੂ ਤੇਰੀ ਹਿਕਮਤ ਜਾਂ ਕਾਰੀਗਰੀ ਨਾਲ ਇਕੱਠੇ ਹੋਏ ਹਨ ਉਦੋਂ ਤੋਂ ਹੀ ਫੇਰ ਵੱਖੋ ਵੱਖ ਹੋ ਜਾਣ ਦੀ ਕੋਸ਼ਿਸ਼ ਤਦ ਤਕ ਨਹੀਂ ਛੱਡਣੀ ਜਦ ਤਕ ਇਹ ਮੁੜ ਵਖੋ ਵਖ ਨਾ ਹੋ ਜਾਣ। ਇਨ੍ਹਾਂ ਪ੍ਰਮਾਣੂਆਂ ਨੂੰ ਮੁੜ ਵਖੋ ਵਖ ਹੋਣ ਵਿਚ ਭਾਵੇਂ ਦਸ ਸਾਲ ਲਗਣ ਭਾਵੇਂ ਦਸ ਹਜ਼ਾਰ ਸਾਲ ਲਗਣ ਇਨ੍ਹਾਂ ਨੂੰ ਸਮੇਂ ਦੀ ਪ੍ਰਵਾਹ ਨਹੀਂ। ਇਹ ਇਕ ਦਿਨ ਖੇਰੂੰ-ਖੇਰੂੰ ਹੋ ਕੇ ਹੀ ਰਹਿਣਗੇ। ਪਰ ਜਿਸ ਤਰ੍ਹਾਂ ਤੇਰੀ ਹਿਕਮਤ ਜਾਂ ਕਾਰੀਗਰੀ ਨੇ ਇਕ ਵਾਰੀ ਇਨ੍ਹਾਂ ਪ੍ਰਮਾਣੂਆਂ ਨੂੰ ਚੰਗੀ ਤਗੜੀ ਪਕੜ ਵਿਚ ਇਕੱਠਿਆਂ ਬੰਨ੍ਹ ਦਿਤਾ ਹੈ, ਉਸੇ ਤਰ੍ਹਾਂ ਤੇਰੇ ਨਾਲੋਂ ਵਧੇਰਾ ਕਾਰੀਗਰ ਅਤੇ ਤੇਰੇ ਨਾਲੋਂ ਵੱਡਾ ਗਿਆਨਵਾਨ ਆਪਣੀ ਹਿਕਮਤ ਜਾਂ ਕਾਰੀਗਰੀ ਨਾਲ ਤੇਰੀ ਢਾਲ ਦੇ ਪ੍ਰਮਾਣੂਆਂ ਨੂੰ ਆਪਣੇ ਕੁਦਰਤੀ ਸਮੇਂ ਤੋਂ ਪਹਿਲੋਂ ਵੀ ਢਿਲਿਆਂ ਜਾਂ ਕਮਜ਼ੋਰ ਕਰਕੇ ਉਨ੍ਹਾਂ ਵਿਚੋਂ ਬੰਦੂਕ ਦੀ ਗੋਲੀ ਪਾਰ ਕਰ ਸਕਦਾ ਹੈ। ਦੇਖ, ਜਿਵੇਂ ਤੈਨੂੰ ਹਥਿਆਰ ਬਨਾਣ ਦਾ ਇਲਮ ਆਉਂਦਾ ਹੈ ਅਤੇ ਤੇਰੀ ਹਥਿਆਰਾਂ ਸਬੰਧੀ ਨਜ਼ਰ ਦੂਸਰਿਆਂ ਨਾਲੋਂ ਵਧੇਰੇ ਇਤਬਾਰਯੋਗ ਹੈ, ਇਸੇ ਤਰ੍ਹਾਂ ਸ੍ਰੀ ਦਸ਼ਮੇਸ਼ ਜੀ ਨੂੰ ਇਨਸਾਨ ਦੀ ਅਤੇ ਇਸ ਜਗਤ ਦੀ ਅਸਲੀਅਤ ਦਾ ਤੈਥੋਂ, ਮੈਥੋਂ ਅਤੇ ਸਾਡੇ ਸਾਰਿਆਂ ਨਾਲੋਂ ਬਹੁਤ ਵਧੇਰੇ ਗਿਆਨ ਹੈ। ਇਸ ਗਿਆਨ ਦੀ ਰੋਸ਼ਨੀ ਵਿਚ ਜਦ ਗੁਰੂ ਸਾਹਿਬ ਨੇ ਤੇਰੀ ਢਾਲ ਵਲ ਤੱਕ ਕੇ ਬੰਦੂਕ ਚਲਾਈ ਤਾਂ ਗੋਲੀ ਨੇ ਜ਼ਰੂਰ ਢਾਲ ਵਿਚੋਂ ਨਿਕਲ ਜਾਣਾ ਹੈ। ਤੂੰ ਗੁਰੂ ਸਾਹਿਬ ਨੂੰ ਇਕ ਨੌਜਵਾਨ ਸਰੀਰ ਨਾ ਸਮਝ। ਸਰੀਰ ਕਰਕੇ ਅਤੇ ਉਮਰ ਕਰਕੇ ਏਥੇ ਕਈ ਗੁਰੂ ਜੀ ਤੋਂ ਵਧੇਰੀ ਉਮਰ ਅਤੇ ਮਜ਼ਬੂਤ ਸਰੀਰ ਦੇ ਸਿੰਘ ਹਨ, ਪਰ ਅਸੀਂ ਸਾਰੇ ਕਿਉਂ ਇਸ ਨੌਜਵਾਨ ਗੁਰਦੇਵ ਦੇ ਚਰਨਾਂ ਉਤੇ ਸਿਰ ਰਖਣਾ ਆਪਣਾ ਧੰਨ ਭਾਗ ਸਮਝਦੇ ਹਾਂ? ਕਿਉਂ ਇਨ੍ਹਾਂ ਦੇ ਹੁਕਮ ਅੰਦਰ ਪੁਰਜ਼ੇ-ਪੁਰਜ਼ੇ ਹੋ ਕੇ ਕਟ ਮਰਨ ਨੂੰ ਤਿਆਰ ਰਹਿੰਦੇ ਹਾਂ? ਜਗਤ ਵਿਚ ਗਿਆਨ ਬੜੀ ਭਾਰੀ ਸ਼ਕਤੀ ਹੈ ਅਤੇ ਆਤਮਾ ਦਾ ਗਿਆਨ ਤਾਂ ਜਗਤ ਵਿਚ ਸ਼ਕਤੀਆਂ ਦੀ ਸ਼ਕਤੀ, ਇਕ ਅਦੁਤੀ ਅਤੇ ਮਹਾਨ ਸ਼ਕਤੀ ਹੈ। ਅਸੀਂ ਸਭ ਗੁਰੂ ਸਾਹਿਬ ਅੰਦਰ ਇਸ ਮਹਾਨ ਆਤਮਕ ਸ਼ਕਤੀ ਦੇ ਸਾਹਮਣੇ ਝੁਕਦੇ ਹਾਂ। ਅਸਲ ਵਿਚ ਅਸੀਂ ਇਸ ਮਹਾਨ ਅਤੇ ਅਦੁੱਤੀ ਸ਼ਕਤੀਆਂ ਦੀ ਸ਼ਕਤੀ, ਅਕਾਲ, ਅਜੋਨੀ, ਸਰਬਸ਼ਕਤੀਮਾਨ, ਚੇਤਨ ਸ਼ਕਤੀ ਦੇ ਹੀ ਸਿੱਖ ਹਾਂ। ਇਸ ਸ਼ਕਤੀ ਨੇ ਤੇਰੀ ਢਾਲ ਵਿਚੋਂ ਕਲ ਗੋਲੀ ਪਾਰ ਕਰ ਦੇਣੀ ਹੈ।

ਜਦ ਭਾਈ ਗੁਜਰ ਨੂੰ ਨਿਸ਼ਚਾ ਹੋ ਗਿਆ ਕਿ ਮੇਰੀ ਢਾਲ ਵਿਚੋਂ ਕੱਲ੍ਹ ਗੁਰੂ ਸਾਹਿਬ ਦੀ ਗੋਲੀ ਨਿਕਲ ਜਾਣੀ ਹੈ ਤਾਂ ਹਥ ਜੋੜ ਕੇ ਆਖਣ ਲੱਗਾ - ਬਾਬਾ ਜੀ, ਤਾਂ ਤੇ ਮੈਥੋਂ ਬੜੀ ਭੁੱਲ ਹੋਈ। ਤਾਂ ਤੇ ਮੈਂ ਕੱਲ੍ਹ ਜ਼ਰੂਰ ਹਾਰ ਜਾਵਾਂਗਾ। ਤਾਂ ਤੇ ਕੱਲ੍ਹ ਮੇਰੇ ਉਤੇ ਸਭ ਸਿੰਘ ਹੱਸਣਗੇ। ਮੈਂ ਐਸਾ ਨਹੀਂ ਚਾਹੁੰਦਾ। ਮੈਂ ਨਹੀਂ ਵੇਖਣਾ ਚਾਹੁੰਦਾ ਕਿ ਮੇਰੀ ਭਰੀ ਸਭਾ ਵਿਚ ਕੱਲ੍ਹ ਬੇਇਜ਼ਤੀ ਹੋਵੇ। ਮੈਂ ਤੇ ਪ੍ਰੇਮ ਨਾਲ ਗੁਰੂ ਸਾਹਿਬ ਦੀ ਖੁਸ਼ੀ ਪ੍ਰਾਪਤ ਕਰਨ ਲਈ ਬੜੀ ਮਿਹਨਤ ਕਰ ਕੇ ਇਹ ਢਾਲ ਤਿਆਰ ਕੀਤੀ ਸੀ। ਮੈਨੂੰ ਕੀ ਪਤਾ ਸੀ ਕਿ ਇਸ ਢਾਲ ਕਰਕੇ ਮੇਰੇ ਸੱਚੇ ਪਾਤਸ਼ਾਹ ਨੇ ਮੇਰੇ ਉਤੇ ਨਾਰਾਜ਼ ਹੋ ਜਾਣਾ ਹੈ ਅਤੇ ਏਸੇ ਢਾਲ ਕਰਕੇ ਮੈਂ ਸਭ ਖਾਲਸੇ ਦੇ ਸਾਮ੍ਹਣੇ ਬੇਇਜ਼ਤ ਹੋਣਾ ਹੈ। ਬਾਬਾ ਜੀ, ਮੈਨੂੰ ਕੋਈ ਰਸਤਾ ਦਸੋ, ਮੈਨੂੰ ਗੁਰੂ ਦੇ ਵਾਸਤੇ ਕੋਈ ਵਲ ਦਸੋ, ਜਿਸ ਨਾਲ ਕੱਲ੍ਹ ਵਾਲੇ ਦੀਵਾਨ ਵਿਚ ਮੇਰੀ ਇਜ਼ਤ ਕਾਇਮ ਰਹੇ। ਮੈਂ ਅੱਜ ਦੀਆਂ ਗੱਲਾਂ ਅਗਿਆਨਤਾ ਅਤੇ ਅਭਿਮਾਨ ਵਿਚ ਆ ਕੇ ਕੀਤੀਆਂ ਸਨ। ਮੈਨੂੰ ਬੜਾ ਪਸ਼ਚਾਤਾਪ ਹੈ। ਤੁਸੀਂ ਗੁਰਮੁਖ ਹੋ ਮੈਨੂੰ ਰਾਹ ਦਸੋ, ਇਸ ਆਪ ਸਹੇੜੀ ਬਿਪਤਾ ਵਿਚੋਂ ਨਿਕਲ ਸਕਣ ਦਾ। ਕ੍ਰਿਪਾ ਕਰਕੇ ਮੈਨੂੰ ਕੋਈ ਤਰੀਕਾ ਦਸੋ, ਜਿਸ ਨਾਲ ਮੇਰੀ ਢਾਲ ਵਿਚੋਂ ਕਲ ਗੁਰੂ ਸਾਹਿਬ ਦੀ ਗੋਲੀ ਨਾ ਨਿਕਲੇ।

ਗੁਰਸਿਖ - ਇਸ ਦਾ ਇਕੋ ਹੀ ਰਸਤਾ ਹੈ ਕਿ ਜਿਸ ਮਹਾਨ ਸ਼ਕਤੀ, ਅਕਾਲ ਪੁਰਖ ਨੇ ਤੇਰੀ ਢਾਲ ਵਿਚੋਂ ਗੋਲੀ ਪਾਰ ਕਰਨੀ ਹੈ, ਉਸੇ ਅੱਗੇ ਸਿਦਕ ਨਾਲ, ਭਰੋਸੇ ਨਾਲ ਅਤੇ ਨਿਰਮਾਣਤਾ ਨਾਲ ਅਰਦਾਸ ਕੀਤੀ ਜਾਵੇ। ਸੱਚੇ, ਸ਼ਰਧਾ ਭਰੇ ਅਤੇ ਨਿਰਮਾਣਤਾ ਨਾਲ ਅਰਦਾਸ ਕੀਤੀ ਜਾਵੇ। ਸੱਚੇ, ਸ਼ਰਧਾ ਭਰੇ ਅਤੇ ਨਿਰਮਾਣ ਹਿਰਦੇ ਦੀ ਅਰਦਾਸ ਹੀ ਕੇਵਲ ਤੇਰੀ ਕਲ ਦੇ ਦੀਵਾਨ ਵਿਚ ਇਜ਼ਤ ਕਾਇਮ ਰਖ ਸਕਦੀ ਹੈ। ਹੋਰ ਕੋਈ ਰਸਤਾ ਨਹੀਂ। (ਕੁਛ ਸੋਚ ਕੇ) ਸਿਖਾ ਜਾ, ਜਾ ਕੇ ਪੰਜਾਂ ਸਿੰਘਾਂ ਨੂੰ ਪ੍ਰੇਮ ਨਾਲ ਪ੍ਰਸ਼ਾਦ ਛਕਾ, ਜਦ ਉਹ ਪ੍ਰਸ਼ਾਦ ਛਕ ਕੇ ਪ੍ਰਸੰਨ ਹੋਣ ਤਾਂ ਉਨ੍ਹਾਂ ਕੋਲੋਂ ਵਾਹਿਗੁਰੂ ਜੀ ਅੱਗੇ ਅਰਦਾਸ ਕਰਾਂ।

ਭਾਈ ਗੁਜਰ ਨੇ ਉਸ ਰਾਤ ਕਿਸੇ ਨਿਰਾਲੇ ਪ੍ਰੇਮ ਅਤੇ ਸਿਦਕ ਨਾਲ ਪੰਜਾਂ ਸਿੰਘਾਂ ਨੂੰ ਪਰਸ਼ਾਦ ਛਕਾਇਆ ਤੇ ਪਰਸ਼ਾਦ ਛਕਾਣ ਮਗਰੋਂ ਗਲ ਵਿਚ ਪੱਲਾ ਪਾ ਕੇ ਸਿੰਘਾਂ ਨੂੰ ਆਪਣੀ ਮੁਸ਼ਕਲ ਦੱਸੀ ਅਤੇ ਹੱਥ ਜੋੜ ਕੇ ਆਖਿਆ, ਮੇਰੀ ਸਹਾਇਤਾ ਕਰੋ। ਸਿਵਾਏ ਤੁਹਾਡੀ ਅਰਦਾਸ ਦੇ ਮੇਰੀ ਕੋਈ ਸਹਾਇਤਾ ਨਹੀਂ ਕਰ ਸਕਦਾ। ਵਾਹਿਗੁਰੂ ਜੀ ਨੂੰ ਆਖੋ ਕਿ ਕੋਈ ਐਸੀ ਗਲ ਕਰ ਦੇਵੇ, ਜਿਸ ਨਾਲ ਮੇਰੀ ਢਾਲ ਵਿਚੋਂ ਗੋਲੀ ਨਾ ਨਿਕਲੇ।

ਭਾਈ ਗੁਜਰ ਦੀ ਨਿਮਰਤਾ, ਪ੍ਰੇਮ ਅਤੇ ਸਿਦਕ ਦੇਖ ਕੇ ਪੰਜਾਂ ਸਿੰਘਾਂ ਨੇ ਸੁਰਤ ਜੋੜ ਕੇ ਵਾਹਿਗੁਰੂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਅਤੇ ਅਰਦਾਸ ਮਗਰੋਂ ਆਖਿਆ -

**ਵਾਹਿਗੁਰੂ ਜੀ ਕਾ ਖਾਲਸਾ**

**ਵਾਹਿਗੁਰੂ ਜੀ ਕੀ ਫਤਹਿ**

ਅਗਲੇ ਦਿਨ ਦੀਵਾਨ ਸਜ ਗਿਆ। ਬੜੇ-ਬੜੇ ਸੂਰਮੇ ਇਕੱਤਰ ਹੋਏ। ਕੀਰਤਨ ਤੋਂ ਉਪਰੰਤ ਗੁਰੂ ਸਾਹਿਬ ਨੇ ਪੁੱਛਿਆ ਕਿ ਕੀ ਭਾਈ ਗੁਜਰ ਆਇਆ ਹੈ? ਭਾਈ ਗੁਜਰ ਨੇ ਉਠ ਕੇ ਗਲ ਵਿਚ ਪੱਲਾ ਪਾ ਕੇ ਆਖਿਆ, ਹਜ਼ੂਰ ਹਾਜ਼ਰ ਹਾਂ। ਇਹ ਮੇਰੀ ਢਾਲ ਹਾਜ਼ਰ ਹੈ।

ਢਾਲ ਦਾ ਨਿਸ਼ਾਨਾ ਰਖਿਆ ਗਿਆ, ਗੁਰੂ ਸਾਹਿਬ ਬੰਦੂਕ ਲੈ ਕੇ ਟੁਰੇ ਢਾਲ ਦਾ ਨਿਸ਼ਾਨਾ ਕਰਨ। ਬੜੇ ਬੜੇ ਸੂਰਮੇ ਉਡੀਕ ਰਹੇ ਸਨ ਕਿ ਕਦ ਗੁਰੂ ਸਾਹਿਬ ਦੀ ਗੋਲੀ ਚਲੇ, ਕਦ ਢਾਲ ਵਿੰਨ੍ਹੀ ਜਾਵੇ ਅਤੇ ਕਦ ਇਸ ਮੂਰਖ ਭਾਈ ਗੁਜਰ ਨੂੰ ਅਸੀਂ ਠਿੱਠ ਕਰੀਏ।

ਗੁਰੂ ਸਾਹਿਬ ਨੇ ਆਪਣੀ ਬੰਦੂਕ ਸਿੱਧੀ ਕੀਤੀ, ਮੋਢੇ ਨਾਲ ਲਾਈ ਅਤੇ ਢਾਲ ਦੀ ਸ਼ਿਸ਼ਤ ਬੰਨ੍ਹੀ, ਪਰ ਗੋਲੀ ਨਾ ਚੱਲੀ। ਗੁਰੂ ਸਾਹਿਬ ਨੇ ਫੇਰ ਸ਼ਿਸ਼ਤ ਬੰਨ੍ਹੀ, ਐਪਰ ਫਿਰ ਵੀ ਗੋਲੀ ਨਾ ਚੱਲੀ।

ਸਿੰਘਾਂ ਨੇ ਕਿਹਾ, ਹਜ਼ੂਰ ਦੂਸਰੀ ਬੰਦੂਕ ਲਵੋ, ਇਹ ਬੰਦੂਕ ਖਰਾਬ ਹੋ ਗਈ ਹੋਵੇਗੀ।

ਗੁਰੂ ਸਾਹਿਬ ਨੇ ਆਖਿਆ, ਨਹੀਂ ਦੂਸਰੀ ਬੰਦੂਕ ਦੀ ਲੋੜ ਨਹੀਂ। ਭਾਈ ਗੁਜਰ ਨੂੰ ਬੁਲਾਓ।

ਭਾਈ ਗੁਜਰ ਗਲ ਵਿਚ ਪੱਲਾ ਪਾਈਂ ਅੱਗੇ ਵਧਿਆ ਅਤੇ ਨੀਵੀਆਂ ਅੱਖਾਂ ਕਰਕੇ ਹਜ਼ੂਰ ਦੇ ਸਾਮ੍ਹਣੇ ਖਲੋ ਗਿਆ।

ਸ੍ਰੀ ਦਸਮੇਸ਼ ਨੇ ਤਦ ਪੁਛਿਆ, ਸਿਖਾ, ਕਲ ਦੇ ਦੀਵਾਨ ਮਗਰੋਂ ਜਾ ਕੇ ਰਾਤੀਂ ਕੀ ਕਰਦਾ ਰਿਹਾ ਹੈਂ?

ਭਾਈ ਗੁਜਰ - ਹਜ਼ੂਰ ਦੀ ਆਪਣੀ ਭੁੱਲ ਨੂੰ ਪਸ਼ਚਾਤਾਪ ਦੇ ਅਥਰੂਆਂ ਨਾਲ ਧੋਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਅਲਪਗ ਹਾਂ, ਸਰਬੱਗ ਨਾਲ ਮੇਰਾ ਕੀ ਮੁਕਾਬਲਾ? ਪੰਜਾਂ ਸਿੰਘਾਂ ਪਾਸੋਂ ਆਪ ਦੇ ਹੀ ਦਰ ਤੇ ਅਰਦਾਸ ਕਰਵਾਈ ਸੀ ਕਿ ਮੇਰਾ ਅਤੇ ਢਾਲ ਦਾ ਇਮਤਿਹਾਨ ਨਾ ਹੋਵੇ। ਇਮਤਿਹਾਨ ਵਿਚ ਅਸੀਂ ਦੋਵਾਂ ਨੇ ਹੀ ਕਚਿਆਂ ਨਿਕਲਣਾ ਹੈ।

ਤਦ ਕਲਗੀ ਵਾਲੇ ਪਾਤਸ਼ਾਹ ਨੇ ਸਾਰੇ ਇਕੱਠੇ ਹੋਏ ਸਿੰਘਾਂ ਨੂੰ ਆਖਿਆ, ਖਾਲਸਾ ਜੀ! ਮੈਂ ਇਸ ਢਾਲ ਨੂੰ ਨਹੀਂ ਵਿੰਨ੍ਹ ਸਕਦਾ, ਇਸ ਢਾਲ ਦੀ ਰਖਸ਼ਾ ਵਾਸਤੇ ਆਪ ਅਕਾਲ ਪੁਰਖ ਅਤੇ ਨੌਂਵੇਂ ਪਾਤਸ਼ਾਹੀਆਂ ਖੜੀਆਂ ਹਨ।

ਚੀਜ਼ਾਂ ਗਵਾਚਦੀਆਂ ਨਹੀਂ, ਅੱਖੋਂ ਓਹਲੇ ਹੁੰਦੀਆਂ ਹਨ

ਇਕ ਵਾਰੀ ਦੀ ਗੱਲ ਹੈ ਕਿ ਮੈਂ ਪ੍ਰਚਾਰ ਫੇਰੀ ਦੇ ਸਬੰਧ ਵਿਚ ਲਾਹੌਰ ਤੋਂ ਕਰਨਾਲ ਜਾਣਾ ਸੀ। ਗੱਡੀ ਰਾਤ ਵੇਲੇ ਚਲ ਕੇ ਸਵੇਰ-ਸਾਰ ਕਰਨਾਲ ਪਹੁੰਚਦੀ ਸੀ। ਵੇਲੇ ਸਿਰ ਮੈਂ ਆਪਣਾ ਬਿਸਤਰਾ ਅਤੇ ਚਮੜੇ ਦਾ ਸੂਟਕੇਸ ਚੁਕਵਾ ਕੇ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ। ਜਿਸ ਡਬੇ ਵਿਚ ਮੈਂ ਚੜ੍ਹਨਾ ਸੀ। ਉਸ ਵਿਚ ਅੱਗੇ ਹੀ ਬੜੀ ਭੀੜ ਸੀ, ਇਸ ਵਾਸਤੇ ਮੇਰੇ ਮੁਸਲਮਾਨ ਕੁਲੀ ਨੇ ਆਖਿਆ ਸਰਦਾਰ ਜੀ ਤੁਸੀਂ ਡੱਬੇ ਦੇ ਅੰਦਰ ਚਲੇ ਜਾਵੋ ਤੇ ਮੈਂ ਬਾਰੀ ਵਿਚੋਂ ਤੁਹਾਨੂੰ ਅਸਬਾਬ ਫੜਾ ਦਿਆਂਗਾ।

ਮੈਂ ਰੇਲ ਦੇ ਡੱਬੇ ਅੰਦਰ ਦਾਖਲ ਹੋ ਕੇ ਕੁਲੀ ਪਾਸੋਂ ਬਿਸਤਰਾ ਫੜ ਕੇ ਇਕ ਖਾਲੀ ਉਤਲੀ ਸੀਟ ਉਤੇ ਰੱਖਿਆ ਅਤੇ ਬਾਰੀ ਵਲ ਸੂਟਕੇਸ ਲੈਣ ਲਈ ਆਇਆ ਤਾਂ ਕੁਲੀ ਅਖਾਣ ਲੱਗਾ ਸਰਦਾਰ ਜੀ ਤੁਹਾਨੂੰ ਬਿਸਤਰਾ ਫੜਾਣ ਲੱਗਿਆ ਮੈਂ ਸੂਟਕੇਸ ਪਲੇਟਫਾਰਮ ਤੇ ਰਖਿਆ ਸੀ। ਬਿਸਤਰਾ ਚੜ੍ਹਾ ਕੇ ਜਦ ਪਿਛੇ ਤਕਿਆ ਤਾਂ ਸੂਟਕੇਸ ਗਾਇਬ ਹੋ ਗਿਆ ਹੈ। ਮੈਂ ਤੇ ਉਸ ਕੁਲੀ ਨੇ ਸਾਰੀ ਗੱਡੀ ਦੀ ਭਾਲ ਕੀਤੀ, ਕਿਸੇ ਖਾਨੇ ਵਿਚੋਂ ਸੂਟਕੇਸ ਨਾ ਲੱਭਾ। ਅਖੀਰ ਮੈਂ ਕੁਲੀ ਨੂੰ ਕਿਹਾ ਕਿ ਬਗੈਰ ਸੂਟਕੇਸ ਦੇ ਮੈਂ ਸਫਰ ਨਹੀਂ ਕਰ ਸਕਦਾ, ਇਸ ਲਈ ਮੇਰਾ ਬਿਸਤਰਾ ਗੱਡੀ ਤੋਂ ਉਤਾਰ ਲਵੇ। ਉਸ ਵਿਚਾਰੇ ਨੇ ਬਿਸਤਰਾ ਉਤਾਰ ਲਿਆ ਐਤ ਸਾਡੇ ਦੋਹਾਂ ਦੇ ਦੇਖਦਿਆਂ-ਦੇਖਦਿਆਂ ਗੱਡੀ ਤੁਰ ਗਈ।

ਉਸ ਵਕਤ ਮੈਨੂੰ ਖਿਆਲ ਆਇਆ ਕਿ ਸੂਟਕੇਸ ਵਿਚ ਤਾਂ ਮੇਰੀ ਸਾਰੀ ਉਮਰ ਭਰ ਦੀ ਮਿਹਨਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲੀਤੇ ਨੋਟਾਂ ਦੀਆਂ ਤਿੰਨ ਕਾਪੀਆਂ ਹਨ। ਇਸ ਖਿਆਲ ਦੇ ਆਉਂਦਿਆਂ ਸਾਰ ਹੀ ਮੇਰੇ ਦਿਲ ਨੇ ਬੜਾ ਸਦਮਾ ਮਹਿਸੂਸ ਕੀਤਾ। ਨਾਲ ਹੀ ਇਹ ਖਿਆਲ ਆਇਆ ਕਿ ਮੈਂ ਤੇ ਪ੍ਰਚਾਰ ਫੇਰੀ ਤੇ ਜਾ ਰਿਹਾ ਸੀ, ਕਰਨਾਲ ਸਵੇਰੇ ਕਈ ਮਿਤਰਾਂ ਨੇ ਗੱਡੀ ਤੇ ਲੈਣ ਆਵਣਾ ਸੀ, ਇਸ ਸਾਰੀ ਦੁਰਘਟਨਾ ਦਾ ਕੀ ਕਾਰਣ ਹੋ ਸਕਦਾ ਸੀ? ਕੀ ਮੈਂ ਹੰਕਾਰੀ ਹੋ ਗਿਆ ਸੀ? ਕੀ ਮੈਂ ਦੰਭੀ ਹੋ ਗਿਆ ਸੀ? ਕੀ ਮੈਂ ਲੋਕਾਂ ਨੂੰ ਜੋ ਕਰਨ ਵਾਸਤੇ ਆਖਣ ਚਲਿਆ ਸੀ, ਉਹ ਖੁਦ ਨਹੀਂ ਸੀ ਕਰਦਾ? ਇਹ ਸਵਾਲ ਸਨ, ਜੋ ਬੜੀ ਤੇਜ਼ੀ ਨਾਲ ਮੇਰੇ ਦਿਮਾਗ ਦੇ ਸਾਮ੍ਹਣੇ ਆ ਰਹੇ ਸਨ। ਮੇਰੇ ਇਸ ਨੇਕ ਕੰਮ ਵਿਚ ਕਿਉਂ ਇਤਨਾ ਵਿਘਨ ਪਿਆ? ਵਿਘਨ ਹੀ ਨਹੀਂ, ਮੇਰੇ ਤਾਂ ਸਾਰੀ ਉਮਰ ਦੇ ਗੁਰਬਾਣੀ ਦੇ ਲੀਤੇ ਨੋਟ, ਜਿਨ੍ਹਾਂ ਨਾਲ ਤਿੰਨ ਵੱਡੀਆਂ ਵੱਡੀਆਂ ਕਾਪੀਆਂ ਭਰੀਆਂ ਹੋਈਆਂ ਸਨ, ਉਹ ਵੀ ਸਦਾ ਲਈ ਗਵਾਚ ਗਏ ਹਨ। ਇਹ ਕੀ ਹੋਇਆ? ਇਹ ਕਿਉਂ ਹੋਇਆ? ਇਹ ਸਵਾਲ ਮੇਰਾ ਦਿਲ ਰੋ ਰੋ ਕੇ ਮੈਤੋਂ ਪੁੱਛ ਰਿਹਾ ਸੀ।

ਆਤਮ ਸਾਇੰਸ ਲਹਿਰ ਦੇ ਇਕ ਪ੍ਰੇਮੀ ਸਰਦਾਰ ਸਾਧੂ ਸਿੰਘ ਜੀ ਵੀ ਸਟੇਸ਼ਨ ਤੇ ਮੈਨੂੰ ਗੱਡੀ ਚੜ੍ਹਾਣ ਆਏ ਹੋਏ ਸਨ। ਉਹ ਮੇਰੀ ਸਾਰੀ ਗੱਲ ਸੁਣ ਕੇ ਹੈਰਾਨ ਹੋਏ ਅਤੇ ਆਖਣ ਲੱਗੇ ਕਿ ਰੇਲਵੇ ਪੁਲਿਸ ਦੇ ਦਫਤਰ ਵਿਚ (ਜੋ ਕਿ ਸਟੇਸ਼ਨ ਦੇ ਉਤੇ ਹੀ ਸੀ) ਇਕ ਰੀਪੋਰਟ ਲਿਖਵਾ ਦੇਣੀ ਚਾਹੀਦੀ ਹੈ। ਉਨ੍ਹਾਂ ਦੇ ਕਹਿਣ ਉਤੇ ਅਸੀਂ ਪੁਲਿਸ ਵਿਚ ਜਾ ਕੇ ਰੀਪੋਰਟ ਲਿਖਵਾਈ। ਉਸ ਵੇਲੇ ਉਥੇ ਇਕ ਪਠਾਨ ਸਬਇੰਸਪੈਕਟਰ ਬੜੇ ਖੁਲ੍ਹੇ ਸੁਭਾਵ ਵਾਲਾ ਲੱਗਾ ਹੋਇਆ ਸੀ। ਸਾਡੇ ਨਾਲ ਉਸ ਨੇ ਬੜੀ ਹਮਦਰਦੀ ਜ਼ਾਹਿਰ ਕੀਤੀ ਅਤੇ ਆਖਣ ਲੱਗਾ ਸਰਦਾਰ ਜੀ, ਇਹ ਸ਼ਰਾਰਤ ਤੁਹਾਡੇ ਕੁਲੀ ਦੀ ਹੈ। ਇਨ੍ਹਾਂ ਦੀ ਬੜੀ ਭਾਰੀ ਇਕ ਗੈਂਗ (ਪਾਰਟੀ) ਹੈ। ਇਸੇ ਤਰ੍ਹਾਂ ਇਹ ਹਰ ਰੋਜ਼ ਮੁਸਾਫਰਾਂ ਨੂੰ ਲੁਟਦੇ ਹਨ। ਇਨ੍ਹਾਂ ਤੋਂ ਮੈਂ ਤੰਗ ਆ ਗਿਆ ਹਾਂ। ਇਹ ਕਹਿ ਕੇ ਉਸ ਨੇ ਸਿਪਾਹੀ ਨੂੰ ਆਖਿਆ ਲੈ ਜਾ ਹਵਾਲਾਤ ਵਿਚ ਇਸਨੂੰ, ਮੈਂ ਰੋਟੀ ਖਾ ਕੇ ਲੈਣਾ ਇਹਦੀ ਖਬਰ? ਮੈਂ ਬਥੇਰਾ ਆਖਣ ਦੀ

ਕੋਸ਼ਿਸ਼ ਕੀਤੀ ਇਹ ਕੁਲੀ ਤਾਂ ਬੇਦੋਸ਼ਾ ਹੈ, ਇਹ ਤਾਂ ਮੇਰਾ ਅਸਬਾਬ ਚੜ੍ਹਾਨ ਵਿਚ ਲੱਗਾ ਹੋਇਆ ਸੀ ਪਰ ਸਬ-ਇੰਸਪੈਕਟਰ ਨੇ ਇਕ ਨਾ ਮੰਨੀ ਤੇ ਆਖਣ ਲੱਗਾ, ਸਰਦਾਰ ਜੀ ਇਹੋ ਤਾਂ ਇਨ੍ਹਾ ਕੁਲੀਆਂ ਦੀ ਚਲਾਕੀ ਹੈ। ਮੁਸਾਫਰਾਂ ਨੂੰ ਗੱਡੀ ਦੇ ਅੰਦਰ ਵਾੜ ਦਿੰਦੇ ਹਨ। ਜੇਕਰ ਮੁਸਾਫਰ ਆਖੇ ਕਿ ਮੇਰੇ ਇਤਨੇ ਨਗ ਸਨ, ਘਟ ਕਿਉਂ ਗਏ? ਤਾਂ ਇਹ ਕੁਲੀ ਸੌ ਸੌ ਸੌਹਾਂ ਖਾ ਕੇ ਉਸ ਨੂੰ ਯਕੀਨ ਦਿਵਾਂਦੇ ਹਨ ਕਿ ਉਹ ਤਾਂ ਅਸਬਾਬ ਚੜ੍ਹਾਨ ਵਿਚ ਲੱਗੇ ਹੋਏ ਸਨ। ਉਨ੍ਹਾਂ ਨੂੰ ਕੀ ਪਤਾ ਕਿ ਬਾਕੀ ਦਾ ਅਸਬਾਬ ਕਿਥੇ ਗਿਆ? ਖੁਦਾ ਦੀ ਕਸਮ ਮੇਰਾ ਇਸ ਕੁਲੀ ਉਤੇ ਪੂਰਾ ਸ਼ੱਕ ਹੈ। ਤੁਸੀਂ ਰੀਪੋਰਟ ਲਿਖਾ ਦਿਉ ਤੇ ਘਰ ਜਾਵੋ, ਜੇ ਤਾਂ ਕਿਸੇ ਹੋਰ ਆਦਮੀ ਦੇ ਹੱਥ ਤੁਹਾਡਾ ਸੂਟਕੇਸ ਆ ਗਿਆ ਹੈ ਤਾਂ ਤੇ ਮੁੜ ਵਾਪਸ ਨਹੀਂ ਆਉਂਦਾ ਪਰ ਜੇ ਇਸ ਕੁਲੀ ਦੀ ਸ਼ਰਾਰਤ ਹੈ ਤਾਂ ਇਨਸ਼ਾ ਅੱਲਾ! ਇਸ ਤੋਂ ਕਢਵਾ ਕੇ ਛਡਾਂਗਾ। ਜੇ ਕੁਝ ਪਤਾ ਲੱਗਾ ਤਾਂ ਤੁਹਾਡੇ ਘਰ ਕਹਾ ਭੇਜਾਂਗਾ (ਰੀਪੋਰਟ ਲਿਖਣ ਵੇਲੇ ਘਰ ਦਾ ਪਤਾ ਲਿਖਿਆ ਗਿਆ ਸੀ।)

ਮੈਂ ਤੇ ਸਰਦਾਰ ਸਾਧੂ ਸਿੰਘ ਜੀ ਵਾਪਸ ਘਰ ਨੂੰ ਟੁਰ ਪਏ। ਸਰਦਾਰ ਸਾਧੂ ਸਿੰਘ ਜੀ ਦਾ ਮਕਾਨ ਵੀ ਭਾਰਤ ਨਗਰ ਵਿਚ ਸਾਡੇ ਮਕਾਨ ਦੇ ਨਜ਼ਦੀਕ ਹੀ ਸੀ। ਤਕੜੀ ਰਾਤ ਗਏ ਜਦ ਮੈਂ ਘਰ ਪਹੁੰਚਿਆ ਤਾਂ ਮੇਰੇ ਪਿਤਾ ਜੀ ਨੇ ਸਟੇਸ਼ਨ ਤੋਂ ਵਾਪਸ ਮੁੜ ਆਉਣ ਦਾ ਕਾਰਣ ਪੁੱਛਿਆ। ਮੈਂ ਸਾਰੀ ਕਹਾਣੀ ਸੁਣਾ ਕੇ ਆਖਿਆ, ਮੈਨੂੰ ਸੂਟਕੇਸ ਦਾ ਅਫਸੋਸ ਨਹੀਂ ਪਰ ਉਸ ਵਿਚ ਮੇਰੇ ਹੱਥ ਦੇ ਲਿਖੇ ਗੁਰਬਾਣੀ ਦੇ ਨੋਟ ਸਨ ਜਿਨ੍ਹਾਂ ਨੂੰ ਫੇਰ ਸਾਰੀ ਉਮਰ ਕੋਸ਼ਿਸ਼ ਕਰਨ ਉਥੇ ਵੀ ਨਹੀਂ ਲਿਖ ਸਕਾਂਗਾ। ਇਨ੍ਹਾਂ ਨੇ ਗਵਾਚ ਜਾਣ ਦਾ ਮੈਨੂੰ ਸਖਤ ਅਫਸੋਸ ਹੈ। ਇਹ ਵੀ ਸਮਝ ਨਹੀਂ ਆਉਂਦਾ ਕਿ ਐਸੇ ਨੇਕ ਕੰਮ ਵਾਸਤੇ ਜਾਣ ਵਿਚ ਇਤਨਾ ਵਿਘਨ ਕਿਉਂ ਪਿਆ?

ਮੇਰੇ ਪਿਤਾ ਜੀ ਨੇ ਮੇਰੇ ਮੋਢੇ ਤੇ ਹੱਥ ਧਰ ਕੇ ਪੁਛਿਆ ਕੀ ਤੂੰ ਸਚਮੁਚ ਸਮਝਦਾ ਹੈਂ ਕਿ ਤੇਰਾ ਸੂਟਕੇਸ ਗਵਾਚ ਗਿਆ ਹੈ?

ਮੈਂ ਕਿਹਾ - ਜੀ ਹਾਂ, ਗਵਾਚ ਗਿਆ ਹੈ ਤਾਂ ਹੀ ਤੇ ਮੈਂ ਮੁੜ ਸਟੇਸ਼ਨ ਤੋਂ ਵਾਪਸ ਆਇਆ ਹਾਂ।

ਪਿਤਾ ਜੀ - ਤੇਰਾ ਇਹ ਭੁਲੇਖਾ ਹੈ। ਇਸ ਜਗਤ ਵਿਚ ਕੋਈ ਚੀਜ਼ ਨਹੀਂ ਗਵਾਚ ਸਕਦੀ, ਸਿਰਫ ਅੱਖਾਂ ਤੋਂ ਉਹਲੇ ਹੋ ਸਕਦੀ ਹੈ। ਗਵਾਚ ਕੇ ਚੀਜ਼ ਨੇ ਇਸ ਜਗਤ ਤੋਂ ਬਾਹਰ ਕਿਥੇ ਜਾਣਾ ਹੈ? ਹੈ ਕੋਈ ਥਾਂ ਉਸ ਦੇ ਜਾਣ ਲਈ?

ਮੈਂ ਕਿਹਾ - ਇਹ ਤਾਂ ਠੀਕ ਆਖਦੇ ਹੋ ਕਿ ਜਗਤ ਵਿਚੋਂ ਕੋਈ ਚੀਜ਼ ਗਵਾਚ ਨਹੀਂ ਸਕਦੀ। ਪਰ ਜੋ ਚੀਜ਼ ਮੇਰੀ ਨਜ਼ਰ ਤੋਂ ਉਹਲੇ ਹੋ ਗਈ, ਜਿਸਦਾ ਕਿ ਮੈਨੂੰ ਪਤਾ ਨਹੀਂ ਕਿਥੇ ਹੈ ਅਤੇ ਮੈਨੂੰ ਕਿਸ ਤਰ੍ਹਾਂ ਮੁੜ ਮਿਲ ਸਕਦੀ ਹੈ, ਤਾਂ ਉਹ ਚੀਜ਼ ਮੇਰੇ ਭਾਣੇ ਤਾਂ ਗਵਾਚ ਹੀ ਗਈ।

ਪਿਤਾ ਜੀ - ਤੇਰਾ ਐਸਾ ਮੰਨ ਲੈਣਾ ਹੀ ਕਿ ਮੇਰੀ ਚੀਜ਼ ਗਵਾਚ ਗਈ ਹੈ, ਉਸ ਚੀਜ਼ ਨੂੰ ਤੇਰੀ ਗਵਾਚੀ ਚੀਜ਼ ਬਣਾਂਦਾ ਹੈ। ਅਸਲੀਅਤ ਵਿਚ ਕੋਈ ਚੀਜ਼ ਕਦੇ ਨਹੀਂ ਗਵਾਚਦੀ। ਫਰਜ਼ ਕਰ ਤੇਰੀ ਚੀਜ਼ ਦਸ ਮੀਲ ਉਤੇ ਪਈ ਹੋਵੇ ਪਰ ਤੇਰੀ ਅੱਖ ਨੂੰ ਅੱਧੇ ਮੀਲ ਤੋਂ ਪਰ੍ਹੇ ਨਜ਼ਰ ਨਾ ਆਵੇ ਤਾਂ ਦਸ ਮੀਲ ਤੇ ਪਈ ਚੀਜ਼ ਤੇਰੇ ਵਾਸਤੇ ਇਸ ਲਈ ਗਵਾਚੀ ਹੋਈ ਭਾਸੇਗੀ ਕਿਉਂਕਿ ਤੇਰੀ ਨਜ਼ਰ ਦੀ ਹੱਦ ਤੋਂ ਦੂਰ ਹੈ। ਪਰ ਜਿਸ ਦੀ ਅੱਖ ਦਸ ਮੀਲ ਉਤੇ ਪਈਆਂ ਚੀਜ਼ਾਂ ਦੇਖ ਸਕੇ, ਉਸ ਦੇ ਭਾਣੇ ਤੇਰੀ ਚੀਜ਼ ਨਹੀਂ ਗਵਾਚੀ।

ਮੈਂ ਕਿਹਾ - ਆਪ ਫਿਰ ਕੀ ਚਾਹੁੰਦੇ ਹੋ? ਮੈਨੂੰ ਤੇ ਮੇਰਾ ਸੂਟਕੇਸ ਨਹੀਂ ਦਿਸਦਾ, ਮੇਰੇ ਲਈ ਤਾਂ ਉਹ ਗਵਾਚ ਹੀ ਗਿਆ ਹੈ।

ਪਿਤਾ ਜੀ - ਤੇਰਾ ਸੂਟਕੇਸ ਜਿਸ ਨੂੰ ਪਿਆ ਦਿਸਦਾ ਹੈ ਜਿਸ ਦੇ ਭਾਣੇ ਉਹ ਕਦੀ ਨਹੀਂ ਗਵਾਚਿਆ, ਉਸ ਨੂੰ ਆਖ ਵੇਖ। ਉਸ ਅੱਗੇ ਅਰਦਾਸ ਕਰ ਕਿ ਸੂਟਕੇਸ ਫੇਰ ਤੇਰੀ ਨਜ਼ਰ ਦੀ ਹੱਦ ਵਿਚ ਲੈ ਆਵੇ। ਉਹ ਸਮਰੱਥ ਹੈ, ਕਰਨ ਕਾਰਨ ਹੈ। ਆਖਣਾ ਵਾਹਿਗੁਰੂ ਜੀ ਨੂੰ ਹਰ ਥਾਂ ਤੇ ਰਮਿਆ ਹੋਇਆ, ਹਰ ਥਾਂ ਤੇ ਹਾਜ਼ਰ ਨਾਜ਼ਰ ਅਤੇ ਨਿਰਾਸ ਹੋ ਕੇ ਬੈਠ ਜਾਣਾ ਨਿੱਕੇ ਜਿਹੇ ਸੂਟਕੇਸ ਦੇ ਅੱਖੋਂ ਉਹਲੇ ਹੋ ਜਾਣ ਉਤੇ। ਸਾਡੀ ਕਹਿਣੀ ਅਤੇ ਕਰਨੀ ਵਿਚ ਕਿੱਡਾ ਫਰਕ ਹੈ ਬੇਟਾ! ਜਾਹ, ਜੋ ਮੈਂ ਤੈਨੂੰ ਆਖਿਆ ਹੈ, ਉਸ ਨੂੰ ਸੋਚਦਾ ਸੋਚਦਾ ਸੌਂਜਾ ਅਤੇ ਅੰਮ੍ਰਿਤ ਵੇਲੇ ਜਾਣਾ ਹੋਵੇਗਾ ਪਹਿਲੀ ਗੱਡੀ ਕਰਨਾਲ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਸੰਦੇਸ਼ ਦੇਣ ਵਾਸਤੇ।

ਪਿਤਾ ਜੀ ਦੇ ਮੂੰਹੋਂ, ਇਹ ਅੱਖਰ ਸੁਣ ਕੇ ਮੈਨੂੰ ਕੁਝ ਹੋ ਜੀ ਗਿਆ। ਉਹ ਕੁਝ ਹੋਇਆ ਕਿ ਮੈਂ ਬਿਆਨ ਨਹੀਂ ਕਰ ਸਕਦਾ। ਉਸੇ ਵੇਲੇ ਹੋਰ ਸੂਟਕੇਸ ਤਿਆਰ ਕੀਤਾ ਅਤੇ ਫੇਰ ਸੋਚਦਾ ਸੋਚਦਾ ਸੌਂ ਗਿਆ। ਅੰਮ੍ਰਿਤ ਵੇਲੇ ਪਿਤਾ ਜੀ ਨੇ ਆਵਾਜ਼ ਮਾਰ ਕੇ ਜਗਾਇਆ ਤੇ ਆਖਿਆ ਗੱਡੀ ਤੇ ਜਾਣ ਦਾ ਟਾਈਮ ਹੋ ਗਿਆ ਹੈ।

ਕਰਨਾਲ ਦੋ ਦਿਨ ਠਹਿਰ ਕੇ ਫੇਰ ਦਿੱਲੀ ਪਹੁੰਚਣ ਦਾ ਪ੍ਰੋਗਰਾਮ ਸੀ। ਜਦ ਦਿੱਲੀ ਵਿਖੇ ਆਪਣੇ ਮਿੱਤਰ ਸਰਦਾਰ ਗੁਰਦਿਤ ਸਿੰਘ ਜੀ ਮਲ੍ਹਨ ਦੇ ਮਕਾਨ ਉਤੇ ਮੈਂ ਪਹੁੰਚਿਆ ਤਾਂ ਉਨ੍ਹਾਂ ਨੇ ਮੈਨੂੰ ਇਕ ਪੋਸਟ-ਕਾਰਡ ਦਿਤਾ ਅਤੇ ਆਖਿਆ ਕਿ ਇਹ ਤੁਹਾਡੇ ਨਾਮ ਦਾ ਖਤ ਕਲ੍ਹ ਪੁਜਿਆ ਸੀ। ਇਹ ਪੋਸਟ ਕਾਰਡ ਮੇਰੇ ਪਿਤਾ ਜੀ ਦੇ ਹੱਥਾਂ ਦਾ ਮੇਰੇ ਵਲ ਲਿਖਿਆ ਹੋਇਆ ਸੀ। ਇਸ ਵਿਚ ਲਿਖਿਆ ਸੀ ਕਿ ਤੇਰੇ ਸਟੇਸ਼ਨ ਵਲ ਜਾਣ ਤੋਂ ਦਸ ਮਿੰਟ ਪਿਛੋਂ ਰੇਲਵੇ ਪੁਲੀਸ ਦਾ ਇਕ ਸਿਪਾਹੀ ਆਇਆ ਅਤੇ ਉਸ ਨੇ ਕਿਹਾ ਕਿ ਤੁਹਾਡਾ ਸੂਟਕੇਸ ਲੱਭ ਪਿਆ ਹੈ। ਜਦ ਚਾਹੋ ਆ ਕੇ ਲੈ ਸਕਦੇ ਹੋ

ਪਿਤਾ ਜੀ ਦੀਆਂ ਸਿਦਕ ਭਰੀਆਂ ਅਤੇ ਵਿਗਿਆਨਕ ਗੱਲਾਂ ਸੁਣ ਕੇ ਮੈਂ ਅੱਗੇ ਹੀ ਹੈਰਾਨ ਸੀ ਪਰ ਪਿਤਾ ਜੀ ਦੇ ਇਸ ਖਤ ਨੇ ਮੈਨੂੰ ਡਾਹਢਾ ਹੀ ਚਕ੍ਰਿਤ ਕਰ ਦਿਤਾ। ਮੇਰੇ ਲਈ ਵਾਹਿਗੁਰੂ ਜੀ ਦੇ ਇਹ ਨਵੇਂ ਰੰਗ ਵਿਚ ਦੀਦਾਰੇ ਸਨ। ਮੈਂ ਵਾਹਿਗੁਰੂ ਜੀ ਨੂੰ ਉਸ ਵੇਲੇ ਡਾਹਢਾ ਨੇੜੇ ਪ੍ਰਤੀਤ ਕਰ ਰਿਹਾ ਸੀ।

ਪਰ ਮਨ ਨੇ ਐਸੇ ਸ਼ੁਭ ਮੌਕੇ ਤੇ ਵੀ ਆਪਣਾ ਡੰਗ ਮਾਰਨੋਂ ਕਸਰ ਨਾ ਛੱਡੀ। ਆਖਣ ਲੱਗਾ ਇਹ ਤਾਂ ਮਾਮੂਲੀ ਗੱਲ ਸੀ। ਸਬ-ਇੰਸਪੈਕਟਰ ਨੂੰ ਤਾਂ ਉਸੇ ਵੇਲੇ ਹੀ ਸੂਟਕੇਸ ਦੇ ਮਿਲ ਜਾਣ ਦਾ ਯਕੀਨ ਸੀ। ਉਸ ਕੁਲੀ ਨੇ ਥੋੜ੍ਹੀ ਬਹੁਤ ਮਾਰ ਖਾ ਕੇ ਸੂਟਕੇਸ ਲਿਆ ਦਿਤਾ ਹੋਣਾ ਏਂ। ਇਸ ਵਿਚ ਵਾਹਿਗੁਰੂ ਦੀ ਕੀ ਵਡਿਆਈ

ਹੈ? ਇਸ ਵਿਚ ਸ਼ਾਬਾਸ਼ ਤਾਂ ਸਬ-ਇੰਸਪੈਕਟਰ ਦੀ ਹੈ। 'ਮੈਂ' ਮਨ ਨੂੰ ਆਖਿਆ ਕਿ ਭਾਵੇਂ ਇੰਸਪੈਕਟਰ ਨੇ ਸੂਟਕੇਸ ਲਭਾਇਆ ਹੋਵੇ, ਫੇਰ ਵੀ ਵਾਹਿਗੁਰੂ ਜੀ ਦਾ ਸ਼ੁਕਰ ਜ਼ਰੂਰ ਕਰਨਾ ਚਾਹੀਦਾ ਹੈ, ਜਿਸ ਨੇ ਇੰਸਪੈਕਟਰ ਨੂੰ ਠੀਕ ਸੋਝੀ ਬਖਸ਼ੀ। ਭਾਵੇਂ ਮੈਂ ਮਨ ਨੂੰ ਵਾਹਿਗੁਰੂ ਜੀ ਦਾ ਸ਼ੁਕਰ ਕਰਨ ਲਈ ਮਜ਼ਬੂਰ ਤਾਂ ਕਰ ਲਿਆ ਪਰ ਫੇਰ ਵੀ ਮੇਰਾ ਉਹ ਅਹਿਲ ਤੇ ਪੂਰਨ ਭਰੋਸਾ, ਜੋ ਪਿਤਾ ਜੀ ਦੀ ਚਿੱਠੀ ਪੜ੍ਹ ਕੇ ਮਹਿਸੂਸ ਕੀਤਾ ਸੀ, ਉਡ ਗਿਆ ਅਤੇ ਉਸ ਦੀ ਥਾਂ ਭੁਰਭੁਰਾ ਤੇ ਥੋਥਾ ਜਿਹਾ ਵਿਸ਼ਵਾਸ਼ ਰਹਿ ਗਿਆ।

ਤਿੰਨ-ਚਾਰ ਦਿਨ ਦਿੱਲੀ ਵਿਚ ਸਤਸੰਗ ਲਗਦਾ ਰਿਹਾ। ਉਪਰੰਤ ਜਦ ਮੈਂ ਮੁੜ ਸਟੇਸ਼ਨ ਤੇ ਪਹੁੰਚਿਆ ਤਾਂ ਉਸੇ ਵੇਲੇ ਰੇਲਵੇ ਪੁਲੀਸ ਦੇ ਦਫਤਰ ਵਿਚ ਗਿਆ। ਮੈਨੂੰ ਦੇਖਦੇ ਸਾਰ ਹੀ ਸਬ-ਇੰਸਪੈਕਟਰ ਨੇ ਉਠ ਕੇ ਹੱਥ ਮਿਲਾਇਆ ਅਤੇ ਆਖਣ ਲੱਗਾ ਬੈਠ ਕੇ ਸੁਣੋ ਸਰਦਾਰ ਜੀ ਆਪਣੇ ਸੂਟਕੇਸ ਦੀ ਕਹਾਣੀ। ਇਸ ਵੇਲੇ ਤਕ ਮੈਨੂੰ ਇਹੋ ਯਕੀਨ ਸੀ ਕਿ ਮੇਰਾ ਸੂਟਕੇਸ ਕੁਲੀ ਕੋਲੋਂ ਸਬ-ਇੰਸਪੈਕਟਰ ਦੀ ਕੋਸ਼ਿਸ਼ ਨਾਲ ਮਿਲਿਆ ਹੋਣਾ ਹੈ।

ਸਬ-ਇੰਸਪੈਕਟਰ - ਖੁਦਾ ਦੀ ਕਸਮ ਸਰਦਾਰ ਜੀ, ਪੰਦਰਾਂ ਵਰ੍ਹੇ ਹੋ ਗਏ ਹਨ ਪੁਲਿਸ ਦੀ ਨੌਕਰੀ ਕਰਦਿਆਂ। ਇਸ ਜਗ੍ਹਾਂ ਤੇ ਵੀ ਤਿੰਨ ਸਾਲ ਤੋਂ ਹਾਂ। ਕਦੀ-ਕਦੀ ਕੋਈ ਹਿੰਦੂ ਤਾਂ ਕੋਈ ਲੱਭੀ ਚੀਜ਼ ਮੋੜ ਜਾਂਦਾ ਰਿਹਾ ਹੈ ਪਰ ਮੁਸਲਮਾਨ ਤਾਂ ਐਸਾ ਕੋਈ ਸ਼ਾਦੋ-ਨਾਦਰੀ ਦੇਖਿਆ ਹੋਵੇਗਾ ਜੋ ਕਿਸੇ ਦੀ ਚੀਜ਼ ਮੋੜਨ ਆਇਆ ਹੋਵੇ।

ਮੈਂ ਆਖਿਆ, ਖਾਨ ਸਾਹਿਬ, ਆਪ ਤਾਂ ਮਖੌਲ ਵਿਚ ਬਾਤ ਨੂੰ ਲੈ ਜਾ ਰਹੇ ਹੋ, ਮੇਰੇ ਖਿਆਲ ਵਿਚ ਸਭ ਕੌਮਾਂ ਵਿਚ ਚੰਗੇ ਤੇ ਮਾੜੇ ਇਨਸਾਨ ਹੁੰਦੇ ਹਨ। ਨਾ ਸਾਰੇ ਹਿੰਦੂ-ਸਿੱਖ ਚੰਗੇ ਹਨ ਤੇ ਨਾ ਸਾਰੇ ਮੁਸਲਮਾਨ ਮਾੜੇ ਹਨ।

**(ਬਾਕੀ ਪੰਨਾ 64 ਤੇ)**

---

**(ਪੰਨਾ 56 ਦਾ ਬਾਕੀ)**

ਬਹੁਤ ਹੀ ਪੋਸ਼ਟਿਕ ਖੁਰਾਕ ਦੀ ਲੋੜ ਹੈ, ਪੂਰੀ ਨਿਸ਼ਠਾ ਦੀ ਲੋੜ ਹੈ। ਸਭ ਤੋਂ ਵੱਧ ਲੋੜ ਹੈ ਕਿਸੇ ਚੰਗੇ ਯੋਗੀ ਦੀ ਦੇਖ ਰੇਖ ਹੇਠਾਂ ਰਹਿਣਾ, ਜਿਸ ਨੂੰ ਕੁੰਡਲਨੀ ਬਾਰੇ ਸਭ ਪਤਾ ਹੋਵੇ ਜਿਸ ਨੇ ਸਾਰੀ ਪ੍ਰਤੀਕ੍ਰਿਆ ਕੀਤੀ ਹੋਵੇ, ਇਹੋ ਜਿਹੇ ਯੋਗੀ ਦਾ ਮਿਲਣਾ ਬਹੁਤ ਹੀ ਔਖਾ ਹੈ, ਇਹ ਕਿਹਾ ਜਾਂਦਾ ਹੈ ਜਦੋਂ ਜਗਿਆਸੂ ਪੂਰੀ ਤਰ੍ਹਾਂ ਨਾਲ ਤਿਆਰ ਹੋ ਜਾਂਦਾ ਹੈ ਗੁਰੂ ਉਸਨੂੰ ਆਪ ਆ ਮਿਲਦਾ ਹੈ। ਪ੍ਰਾਣਾਂ ਨੂੰ ਉਪਰ ਲੈ ਜਾਣਾ ਭਾਵ ਸੁਆਸਾਂ ਨੂੰ ਉਪਰ ਦਸਮ ਦੁਆਰ ਤਕ ਲੈ ਜਾਣ ਨਾਲ ਮਨ ਨਿਰਲੇਪ ਹੁੰਦਾ ਹੈ, ਇਕਾਗਰ ਹੁੰਦਾ ਹੈ, ਅੰਤਰਮੁਖੀ ਹੁੰਦਾ ਹੈ, ਤੁਸੀਂ ਮੈਡੀਟੇਸ਼ਨ ਦਾ ਅਨੰਦ ਮਾਣਦੇ ਹੋ। ਸੁਸ਼ਮਨਾ ਇਕ ਐਸਾ ਮਾਰਗ ਹੈ ਜਿਸ ਤੇ ਕੁੰਡਲਨੀ ਚਲਦੀ ਹੈ, ਕੁੰਡਲਨੀ ਦੀ ਸ਼ਕਤੀ ਚਲਦੀ ਹੈ। ਸੁਸ਼ਮਨਾ ਨੂੰ ਜਾਗਰਣ ਕਰਕੇ ਮਨ ਉਤੇ ਪੂਰਾ ਕਾਬੂ ਪਾਇਆ ਜਾ ਸਕਦਾ ਹੈ ਇਸ ਤਰ੍ਹਾਂ ਕਰਕੇ ਮੌਤ ਨੂੰ ਵੀ ਟਾਲਿਆ ਜਾ ਸਕਦਾ ਹੈ। ਜਦੋਂ ਘੋਰ ਤਪ ਅਭਿਆਸ ਕੀਤਾ ਜਾਂਦਾ ਹੈ, ਕੁੰਡਲਨੀ ਆਪਣਾ ਸਥਾਨ ਛੱਡ ਕੇ ਸੁਸ਼ਮਨਾ ਦੇ ਅੰਦਰ ਚਲੀ ਜਾਂਦੀ ਹੈ ਤੇ ਗਤੀ ਸ਼ੁਰੂ ਕਰ ਦਿੰਦੀ ਹੈ ਜਦੋਂ ਸੁਆਸਾਂ ਲਈ ਚੇਤਨ ਹੋ ਕੇ ਅਭਿਆਸ ਕੀਤਾ ਜਾਂਦਾ ਹੈ ਸੁਸ਼ਮਨਾ ਤੇ ਧਿਆਨ ਲਗਾਇਆ ਜਾਂਦਾ ਹੈ ਤਾਂ ਇੱਕ ਉਚੀ ਮੈਡੀਟੇਸ਼ਨ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ।

ਸੁਆਸਾਂ ਨਾਲ ਸਾਡਾ ਸਬੰਧ ਵਿਸ਼ਵ ਨਾਲ ਜੁੜਿਆ ਹੋਇਆ ਹੈ ਜਦੋਂ ਅਸੀਂ ਸਾਹ ਲੈਂਦੇ ਹਾਂ ਅਸੀਂ ਜੀਵਨ ਸ਼ਕਤੀ ਨਾਲ ਜੁੜਦੇ ਹਾਂ। ਪ੍ਰਾਣਾਯਾਮ ਦੇ ਅਭਿਆਸ ਨਾਲ ਪ੍ਰਾਣਾਂ ਦੀ ਉਪਰ ਦੀ ਯਾਤਰਾ, ਪ੍ਰਾਣਾਂ ਦੇ ਹੇਠਾਂ ਜਾਣ ਦੀ ਯਾਤਰਾ ਆਪਸ ਵਿਚ ਮਿਲ ਜਾਂਦੀਆਂ ਹਨ। ਇਨ੍ਹਾਂ ਦੋਨਾਂ ਦੇ ਮਿਲਣ ਨਾਲ, ਦੋ ਪ੍ਰਾਣਾਂ ਦੇ ਕਰੰਟਾਂ ਦੇ ਮੇਲ ਨਾਲ, ਮਧ ਦੀ ਨਾੜੀ ਦੇ ਅੰਦਰ ਬੇਅੰਤ ਗਰਮੀ ਪੈਦਾ ਹੁੰਦੀ ਹੈ। ਉਪਨਿਸ਼ਦਾਂ ਵਿਚ ਦਸਿਆ ਗਿਆ ਹੈ ਇਨ੍ਹਾਂ ਦੋਨੋਂ ਪ੍ਰਾਣਾਂ ਨੂੰ ਅਰਨੀ ਦਾ ਨਾਂ ਦਿਤਾ ਹੈ ਉਪਰ ਦੇ ਪ੍ਰਾਣਾਂ ਨੂੰ ਉਪਰ ਦੀ ਅਰਨੀ ਹੇਠਾਂ ਵਾਲੇ ਪ੍ਰਾਣਾਂ ਨੂੰ ਹੇਠਲੀ ਅਰਨੀ (arni) ਇਨ੍ਹਾ ਦੋਨਾਂ ਦੀ ਰਗੜ ਨਾਲ ਅਗਨੀ ਦਾ ਜਨਮ ਹੁੰਦਾ ਹੈ। ਇਸ ਤਰ੍ਹਾਂ ਹੋਣ ਨਾਲ ਗੁਪਤ ਸ਼ਕਤੀ ਜਾਗਰਣ ਹੋ ਕੇ ਬ੍ਰਹਮਰਿੰਦਰਾ ਤੋਂ ਹੁੰਦੀ ਹੋਈ ਉਪਰ ਵਲ ਜਾਣਾ ਸ਼ੁਰੂ ਕਰਦੀ ਹੈ ਸੁਆਸਾਂ ਨੂੰ ਰੋਕਣ ਨਾਲ, ਬੰਧ ਲਗਾਉਣ ਨਾਲ (ਕੁੰਭਕ) ਕਰਨ ਨਾਲ ਗਰਮੀ ਪੈਦਾ ਹੁੰਦੀ ਹੈ, ਨਾਲ ਹੀ ਟੱਕਰ ਲਗ ਕੇ ਪੂਰਾ ਸ਼ਕਤੀ ਦਾ ਭੰਡਾਰ ਗਤੀ ਅੰਦਰ ਆ ਜਾਂਦਾ ਹੈ। ਜਲੰਧਰ ਬੰਧ ਮੂਲ ਬੰਧ ਇਹ ਦੋਨੋਂ ਹੇਠਾਂ ਦੀ ਸ਼ਕਤੀ ਤੇ ਕਾਬੂ ਰਖਦੇ ਹਨ ਭਾਵ ਅਪਾਨ ਨੂੰ ਦੇਖਦੇ ਹਨ। ਅਸਵਨੀ ਮੁਦਰਾ ਅਪਾਨ ਨੂੰ ਉਪਰ ਵਲ ਧੱਕਾ ਦਿੰਦੀ ਹੈ। ਉਦਿਆਨ ਬੰਧ ਪ੍ਰਾਣ ਤੇ ਅਪਾਨ ਨੂੰ ਇਕੱਠਾ ਕਰਦਾ ਹੈ, ਨਾਲ ਸੁਸ਼ਮਨਾ ਦੇ ਅੰਦਰ ਜਾਣ ਵਿਚ ਸਹਾਇਕ ਹੁੰਦਾ ਹੈ। ਸ਼ਕਤੀ ਚਲਣ ਨਾਲ ਕੁੰਡਲਨੀ ਦੀ ਸ਼ਕਤੀ ਮੂਲਾਧਾਰ ਤੋਂ ਹੁੰਦੀ ਹੋਈ ਚੱਕਰਾਂ ਤੋਂ ਲੰਘਦੀ ਉਪਰ ਚਲੀ ਜਾਂਦੀ ਹੈ। ਸੋ ਇਸ ਤਰ੍ਹਾਂ ਨਾਲ ਪ੍ਰਾਣ ਤੇ ਉਪਾਨ ਦਾ ਮੇਲ ਹੀ ਕੁੰਡਲਨੀ ਦੇ ਉਪਰ ਜਾਣ ਲਈ ਸਹਾਇਕ ਹੁੰਦਾ ਹੈ। ਸਭ ਤੋਂ ਪਹਿਲਾਂ ਪੂਰੀ ਤਰ੍ਹਾਂ ਨਾਲ ਯੋਗੀਆਂ ਵਾਲਾ ਆਹਾਰ ਹੀ ਲੈਣਾ ਪੈਂਦਾ ਹੈ, ਪੂਰਾ ਬ੍ਰਹਮਚਰੀਆਂ ਰਖਿਆ ਜਾਂਦਾ ਹੈ। ਇਹ ਉਦੋਂ ਤਕ ਤਾਂ ਅਤਿ ਅਵਸ਼ਕ ਹੈ ਜਦੋਂ ਤਕ ਸੁਸ਼ਮਨਾ ਪੂਰੀ ਤਰ੍ਹਾਂ ਨਾਲ ਜਾਗਰਣ ਨਾ ਹੋ ਜਾਵੇ। ਦੂਸਰੀ ਗੱਲ ਹੈ ਸਰੀਰ ਨੂੰ ਅੰਦਰੋਂ ਪੂਰੀ ਤਰ੍ਹਾਂ ਨਾਲ ਧੋਤਾ ਜਾਂਦਾ ਹੈ, ਪੂਰਾ ਸੋਧਨ ਕੀਤਾ ਜਾਂਦਾ ਹੈ। ਤੀਸਰੀ ਚੀਜ਼ ਹੈ ਕੁੰਭਕ, ਬੰਧ ਤੇ ਮੁਦਰਾ ਕੀਤੀਆਂ ਜਾਂਦੀਆਂ ਹਨ ਇਨ੍ਹਾਂ ਨੂੰ ਪੂਰਣ ਰੂਪ ਵਿਚ ਕੀਤਾ ਜਾਂਦਾ ਹੈ। ਕੁੰਡਲਨੀ ਜਾਗਰਣ ਤੋਂ ਪਹਿਲਾਂ ਜੋਗੀ ਨੂੰ ਕੁਝ ਖਾਸ ਤਰ੍ਹਾਂ ਦੇ ਅਨੁਭਵ ਹੁੰਦੇ ਹਨ ਕੁਝ ਖਾਸ ਚਿੰਨ੍ਹ ਦਿਸਦੇ ਹਨ। ਇਹ ਕਦੀ ਧੁੰਦ ਦੇ ਰੂਪ ਵਿਚ, ਧੂੰਏਂ ਦੇ ਰੂਪ, ਗਰਮ ਹਵਾ, ਅੱਗ, ਬਿਜਲੀ, ਚੰਦਰਮਾ, ਕੋਈ ਰੂਪ ਸਾਮ੍ਹਣੇ ਆ ਸਕਦਾ ਹੈ। ਇਹ ਸਾਰੇ ਸਿੱਧੀਆਂ ਦੇ ਰੂਪ ਹਨ ਜਾਂ ਯੋਗਿਕ ਸ਼ਕਤੀਆਂ ਹਨ। ਯੋਗੀ ਸਾਧਕਾਂ ਨੂੰ ਇਨ੍ਹਾਂ ਵਿੱਚ ਫਸਣ ਤੋਂ ਇਨ੍ਹਾਂ ਵਿਚ ਆਉਣ ਤੋਂ ਮਨ੍ਹਾ ਹੀ ਕਰਦੇ ਹਨ ਕਿਉਂਕਿ ਇਹ ਤਾਂ ਪ੍ਰਾਪਤੀ ਦੇ ਰਾਹ ਤੇ ਰੁਕਾਵਟਾਂ ਹੀ ਹਨ। ਇਹ ਸ਼ਕਤੀਆਂ ਆਪਣੇ ਆਪ ਵਿਚ ਕੋਈ ਬੁਰੀਆਂ ਨਹੀਂ ਹਨ। ਪਰ ਬਹੁਤ ਅਭਿਆਸੀ ਯੋਗੀ ਇਨ੍ਹਾਂ ਦੀ ਦੁਰਵਰਤੋਂ ਕਰ ਲੈਂਦੇ ਹਨ ਉਹ ਹਉਮੈ ਅੰਦਰ ਆ ਕੇ ਆਪਣਾ ਪਤਨ ਕਰ ਬੈਠਦੇ ਹਨ। ਇਹ ਸਿੱਧੀਆਂ ਤਰੱਕੀ ਦਾ ਚਿੰਨ੍ਹ ਹਨ ਇਨ੍ਹਾਂ ਦੀ ਦੁਰਵਰਤੋਂ ਕਦੀ ਨਹੀਂ ਕਰਨੀ ਚਾਹੀਦੀ।

(--------)

# ਸਿਹਤ ਰੱਖਿਆ ਗਿਆਨ

*ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)*
*ਆਯੁਰਵੇਦ ਭੀਸ਼ਗ ਆਚਾਰੀਯ।*
*ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।*
*ਮੋਬਾਈਲ ਨੰ. 98156-07803*

## ਪਾਲਕ

### ਸਾਡੀ ਸਿਹਤ ਲਈ ਪੌਸ਼ਟਿਕ ਆਹਾਰ

ਇਸਨੂੰ ਹਿੰਦੀ ਵਿੱਚ ਪਾਲਕ ਸਾਕ, ਪਾਲਕੀ, ਪਾਲਾਕੀ ਕਹਿੰਦੇ ਹਨ ਅਤੇ (ਬੰਗਾਲੀ) ਵਿੱਚ ਪਾਲੇਸਾਕ, ਪਲੰਗਸ਼ਾਕ, ਪਾਲੇਕ ਕਹਿੰਦੇ ਹਨ। (ਮਰਾਠੀ) ਵਿੱਚ ਪਾਲਖ, ਪੋਈਸ਼ਾਕ ਤੇ ਪਾਲਕ ਵੀ ਕਹਿੰਦੇ ਹਨ। ਗੁਜਰਾਤੀ ਵਿੱਚ ਇਸਨੂੰ ਪਾਲਖਣੀ ਭਾਜੀ ਕਹਿੰਦੇ ਹਨ। (ਪੰਜਾਬੀ) ਵਿੱਚ ਪਾਲਕ ਕਹਿੰਦੇ ਹਨ। (ਫਾਰਸੀ) ਵਿੱਚ ਇਸਨੂੰ ਇਸਯਾਖ, ਅਸਵਤਾਖ, ਅਸਯਾਨਾਖ ਕਹਿੰਦੇ ਹਨ। (ਅੰਗ੍ਰੇਜ਼ੀ) ਵਿੱਚ ਸਪਾਈਨੇਜ਼ (Spinage) ਕਹਿੰਦੇ ਹਨ। (ਸੰਸਕ੍ਰਿਤ) ਵਿੱਚ ਪਾਲਕਿਆ, ਵਾਸਤੂ ਕਾਕਾਰਾ, ਛੁਰੀਕਾ, ਅਤੇ ਚਰਿੱਤਚਛਦਾ ਕਹਿੰਦੇ ਹਨ। ਇਸ ਦੀ ਭਾਰਤ ਵਿੱਚ ਖੇਤੀ ਕੀਤੀ ਜਾਂਦੀ ਹੈ ਇਸਦੇ ਪੱਤੇ ਲੰਬੇ, ਚੌੜੇ ਅਤੇ ਗੋਲ ਆਕਾਰ ਦੇ ਹੁੰਦੇ ਹਨ।

ਪਾਲਕ ਠੰਢਾ ਅਤੇ ਵਾਯੂ ਪ੍ਰਦਾਨ ਹੈ। ਕਬਜ਼ ਖਲਾਸ, ਸਵਾਸ, ਸਾਹ ਚੜ੍ਹਨਾ, ਗਰਮੀ, ਖੂਨ ਦੀ ਖਰਾਬੀ ਅਤੇ ਕਫ ਰੋਗਾਂ ਨੂੰ ਦੂਰ ਕਰਨ ਵਾਲਾ ਹੈ। ਪਾਲਕ ਇਕ ਪ੍ਰਕਾਰ ਦਾ ਪੱਤਿਆਂ ਵਾਲਾ ਸਾਗ ਹੈ। ਇਹ ਸਬਜ਼ੀ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਬਿਮਾਰ ਵਿਅਕਤੀ ਨੂੰ ਹਰ ਪ੍ਰਕਾਰ ਦੀ ਖੁਰਾਕ ਨਹੀਂ ਦਿੱਤੀ ਜਾਂਦੀ ਇਸ ਲਈ ਬਿਮਾਰ ਲਈ ਇੱਕ ਪੱਥ ਹੈ। ਬਿਮਾਰ ਮਰੀਜ਼ਾਂ ਲਈ ਪਾਲਕ ਦੀ ਸਬਜ਼ੀ ਜਾਂ ਸੂਪ ਪੀਣ ਲਈ ਸਭ ਪੰਥੀਆਂ ਦੇ ਚਿਕਿਤਸਕ ਇਸ ਦੀ ਵਰਤੋਂ ਕਰਨ ਲਈ ਸਲਾਹ ਦਿੰਦੇ ਹਨ।ਇਹ ਸੂਖਮ ਹਾਜ਼ਮੇਦਾਰ, ਖੂਨ ਵਿਚ ਵਾਧਾ ਕਰਨ ਵਾਲਾ ਹੈ। ਇਹ ਸਭ ਥਾਵਾਂ ਤੇ ਪ੍ਰਾਪਤ ਸਿਰਫ ਸਵਾਦ ਲਈ ਹੀ ਨਹੀਂ ਬਲਕਿ ਇਸ ਨਾਲ ਅਨੇਕ ਤਰ੍ਹਾਂ ਦੇ ਰੋਗ ਵੀ ਦੂਰ ਹੁੰਦੇ ਹਨ। ਪਾਲਕ ਦਾ ਆਯੁਰਵੇਦ ਅਨੁਸਾਰ ਕਈ ਪ੍ਰਕਾਰ ਦੇ ਰੋਗਾਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ ਜਿਵੇਂ ਕਿ -

1. **ਖੂਨ ਦੀ ਕਮੀ** - ਖੂਨ ਦੀ ਕਮੀ ਲਈ ਪਾਲਕ ਬਹੁਤ ਲਾਭਕਾਰੀ ਹੈ ਕਿਉਂਕਿ ਇਸ ਵਿੱਚ ਲੋਹੇ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸ ਕਰਕੇ ਇਹ ਖੂਨ ਦੀ ਕਮੀ ਦੀ ਪੂਰਤੀ ਕਰਦਾ ਹੈ। ਪਾਲਕ ਦਾ ਇਸ ਪ੍ਰਕਾਰ ਪ੍ਰਯੋਗ ਕਰਨਾ ਚਾਹੀਦਾ ਹੈ -

ਪਾਲਕ ਦਾ ਰਸ - 25 ਗ੍ਰਾਮ ਇੱਕ ਖੁਰਾਕ।

ਪਾਲਕ ਦੇ ਪੱਤੇ ਚੰਗੀ ਤਰ੍ਹਾਂ ਪਾਣੀ ਨਾਲ ਸਾਫ ਕਰਕੇ ਉਸ ਦਾ ਰਸ ਕੱਢ ਕੇ ਨਿੱਤ ਵਰਤੋਂ ਕਰਨ ਨਾਲ ਸਰੀਰ ਵਿੱਚ ਸ਼ੁੱਧ ਖੂਨ ਦਾ ਵਾਧਾ ਹੁੰਦਾ ਹੈ। ਬਿਮਾਰ ਵਿਅਕਤੀ ਵਿੱਚ ਖੂਨ ਦੀ ਘਾਟ ਹੋਣ ਦੀ ਅਵਸਥਾ ਵਿੱਚ ਇਸ ਦੀ ਸਬਜ਼ੀ ਦਾ ਪ੍ਰਯੋਗ ਕਰਨਾ ਬਹੁਤ ਹੀ ਲਾਭਕਾਰੀ ਪਾਇਆ ਗਿਆ ਹੈ। ਇਸਦੀ ਸਬਜ਼ੀ ਛੇਤੀ ਹਜ਼ਮ ਹੋਣ ਵਾਲੀ ਪੌਸ਼ਟਿਕ ਖੁਰਾਕ ਹੈ।

ਸਵੇਰੇ-ਸ਼ਾਮ ਬਿਮਾਰ ਵਿਅਕਤੀ ਨੂੰ ਉਪਰੋਕਤ ਮਾਤਰਾ ਅਨੁਸਾਰ (25 ਗ੍ਰਾਮ) ਇਸ ਦੇ ਡਸ ਦਾ ਸੇਵਨ ਕਰਨ ਨਾਲ ਸਰੀਰ ਵਿੱਚ ਨਵੇਂ ਖੂਨ ਦਾ ਸੰਚਾਰ ਹੋ ਕੇ ਸਰੀਰ ਵਿੱਚ ਸ਼ਕਤੀ ਵਧਦੀ ਹੈ। ਜੇਕਰ ਤੰਦਰੁਸਤ ਵਿਅਕਤੀ ਵੀ ਪਾਲਕ ਦੇ ਰਸ ਦੀ ਵਰਤੋਂ ਕਰਦਾ ਹੈ ਉਸ ਵਿੱਚ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ ਅਤੇ ਉਹ ਰੋਗਾਂ ਤੋਂ ਬਚਿਆ ਰਹਿੰਦਾ ਹੈ। ਇਸ ਤੋਂ ਰੋਗਾਂ ਦੇ ਕੀਟਾਣੂਆਂ ਤੇ ਹਮਲੇ ਨੂੰ ਰੋਕਣ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ। ਛੂਤ ਦੇ ਰੋਗਾ ਦੇ ਹਮਲਿਆਂ ਤੋਂ ਵੀ ਬਚਾਅ ਰਹਿੰਦਾ ਹੈ। ਇਸਦੇ ਸੇਵਨ ਨਾਲ ਮਨੁੱਖ ਵਿਚ ਬਲ, ਸੁੰਦਰਤਾ ਅਤੇ ਫੁਰਤੀ ਆਉਂਦੀ ਹੈ ਅਤੇ ਨਵੇਂ ਖੂਨ ਦਾ ਨਿਰਮਾਣ ਹੁੰਦਾ ਹੈ। ਉਹ ਕਦੀ ਬਿਮਾਰ ਨਹੀਂ ਹੁੰਦਾ।

2. **ਪੇਟ ਦੇ ਰੋਗ ਲਈ** - ਪੇਟ ਸਬੰਧੀ ਸਭ ਰੋਗਾਂ ਵਿੱਚ ਪਾਲਕ ਬਹੁਤ ਹੀ ਲਾਭਕਾਰੀ ਸਿੱਧ ਹੋ ਚੁੱਕਾ ਹੈ। ਇਸ ਵਿਚ ਪਾਲਕ ਦੀ ਵਰਤੋਂ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ -

ਪਾਲਕ ਦਾ ਰਸ - 10 ਗ੍ਰਾਮ
ਪਿਆਜ ਦਾ ਰਸ - 10 ਗ੍ਰਾਮ
ਪੁਦੀਨੇ ਦਾ ਰਸ - 5 ਗ੍ਰਾਮ
ਧਨੀਏ ਦਾ ਰਸ - 5 ਗ੍ਰਾਮ

ਇਹ ਇਕ ਖੁਰਾਕ ਹੈ। ਇਨ੍ਹਾਂ ਸਾਰੇ ਰਸਾਂ ਨੂੰ ਮਿਲਾ ਕੇ ਇੱਕ ਖੁਰਾਕ ਬਣਾ ਲਓ - ਸਵੇਰੇ ਸ਼ਾਮ ਭੋਜਨ ਤੋਂ ਪਹਿਲਾਂ ਇਸਦੀ ਵਰਤੋਂ ਕਰਨ ਨਾਲ ਪੇਟ ਦੇ ਸਾਰੇ ਵਿਕਾਰ ਦੂਰ ਹੁੰਦੇ ਹਨ ਇਸ ਨਾਲ ਮੰਦਾਗਨੀ (ਭੁੱਖ ਨਾ ਲਗਣੀ), ਅਜੀਰਣ (ਬਦਹਜ਼ਮੀ), ਪੇਟ ਦਰਦ, ਅਫਰੇਵਾ ਅਤੇ ਕੁਝ ਵੀ ਖਾਣ-ਪੀਣ ਨੂੰ ਦਿਲ ਨਾ ਕਰਨਾ ਆਦਿ ਲਈ ਇਸਦੀ ਵਰਤੋਂ ਅਤਿਅੰਤ ਲਾਭਕਾਰੀ ਹੈ। ਜੇਕਰ ਰੋਗ ਪੁਰਾਣਾ ਹੋਵੇ ਤਾਂ ਇਸਦੀ ਲਗਾਤਾਰ ਰੋਗ ਠੀਕ ਹੋਣ ਤਕ ਵਰਤੋਂ ਕਰੋ।

3. **ਉਲਟੀ ਲਈ** - ਬਮਨ (ਉਲਟੀ) ਇੱਕ ਅਜਿਹੀ ਅਵਸਥਾ ਹੈ ਜਿਸ ਤੋਂ ਰੋਗੀ ਅਤੇ ਉਸਦੇ ਘਰ ਵਾਲੇ ਤੰਗ ਆ ਜਾਂਦੇ ਹਨ।

ਇਸ ਲਈ ਪਾਲਕ ਦਾ ਰਸ - 5 ਗ੍ਰਾਮ
ਪਿਆਜ ਦਾ ਰਸ - 5 ਗ੍ਰਾਮ
ਪੁਦੀਨੇ ਦਾ ਰਸ - 5 ਗ੍ਰਾਮ (ਇੱਕ-ਇੱਕ ਚਮਚ)

ਇਹ ਇੱਕ ਖੁਰਾਕ ਹੈ। ਇੱਕ-ਇੱਕ ਘੰਟੇ ਬਾਅਦ ਰੋਗੀ ਨੂੰ ਪਿਲਾਉਂਦੇ ਰਹੋ। ਜਿੰਨਾਂ ਚਿਰ ਉਲਟੀ ਨਾ ਹਟੇ ਓਨਾਂ ਚਿਰ ਇਹ ਪਿਲਾਈ ਜਾਓ।

4. **ਹਾਜ਼ਮਾ ਸ਼ਕਤੀ ਵਧਾਉਣ ਵਾਸਤੇ** - ਆਪਣੇ ਦੁਆਰਾ ਕੀਤਾ ਗਿਆ ਭੋਜਨ ਹਜ਼ਮ ਹੋਵੇਗਾ ਇਹ ਕੋਈ ਜ਼ਰੂਰੀ ਨਹੀਂ ਹੈ। ਇਸਦਾ ਹਜ਼ਮ ਹੋਣਾ ਸਾਡੇ ਪੇਟ ਦੀ ਅਗਨੀ ਨਾਲ ਸੰਬੰਧਿਤ ਹੈ ਜਿੰਨਾਂ ਚਿਰ ਸਾਡੀ ਜਠਰਅਗਨੀ (ਖੁਰਾਕ ਹਜ਼ਮ

ਕਰਨ ਵਾਲੀ ਪੇਟ ਅਗਨੀ) ਬਲਵਾਨ ਨਹੀਂ ਹੋਵੇਗੀ ਓਦੋਂ ਤਕ ਕਿਸੇ ਵੀ ਚੀਜ਼ ਦਾ ਪਚਨਾ ਸੰਭਵ ਨਹੀਂ। ਪਾਲਕ ਦਾ ਰਸ ਜਾਂ ਸਬਜ਼ੀ ਦੀ ਜੋ ਲਗਾਤਾਰ ਵਰਤੋਂ ਕਰਦਾ ਹੈ। ਉਸਦੀ ਹਾਜ਼ਮਾ ਸ਼ਕਤੀ ਵਧ ਜਾਂਦੀ ਹੈ। ਕਹਿਣ ਦਾ ਮਤਲਬ ਕਿ ਇਸ ਨਾਲ ਭੁੱਖ ਸਹੀ ਲੱਗਣ ਲੱਗ ਜਾਂਦੀ ਹੈ।

5. **ਅੱਖਾਂ ਦੀਆਂ ਬਿਮਾਰੀਆਂ ਲਈ** - ਪਾਲਕ ਵਿੱਚ ਵਿਟਾਮਿਨ 'ਏ' ਹੁੰਦਾ ਹੈ। ਇਸ ਕਰਕੇ ਇਹ ਅੱਖਾਂ ਸਬੰਧੀ ਰੋਗਾਂ ਲਈ ਲਾਭਦਾਇਕ ਹੈ। ਪਾਲਕ ਦੀ ਨਿੱਤ ਵਰਤੋਂ ਕਰਨ ਨਾਲ ਅੱਖਾਂ ਦੀਆਂ ਬਿਮਾਰੀਆਂ ਨਹੀਂ ਹੁੰਦੀਆਂ। ਜਿਸਨੂੰ ਰਾਤ ਨੂੰ ਨਾ ਦਿਖਣਾ (ਅੰਧਰਾਤਾ) ਪਾਲਕ ਦੀ ਵਰਤੋਂ ਉਸ ਲਈ ਲਾਭਕਾਰੀ ਹੈ। ਇਸ ਨਾਲ ਅੱਖਾਂ ਦੀ ਜੋਤ ਵਧਦੀ ਹੈ।

6. **ਬੱਚਿਆਂ ਦਾ ਸੋਕੜਾ**- ਬੱਚਿਆਂ ਨੂੰ ਸੋਕਾ ਹੋਣ ਤੇ ਬੱਚੇ ਦਾ ਸਰੀਰ ਦਾ ਵਿਕਾਸ ਰੁਕ ਜਾਂਦਾ ਹੈ। ਬੱਚੇ ਸੁੱਕਣ ਲਗ ਜਾਂਦੇ ਹਨ ਤੇ ਦਿਨੋ ਦਿਨ ਕਮਜ਼ੋਰ ਹੁੰਦੇ ਜਾਂਦੇ ਹਨ। ਬੱਚੇ ਦੀਆਂ ਹੱਡੀਆਂ ਦਿਖਣ ਲਗ ਜਾਂਦੀਆਂ ਹਨ। ਜੇਕਰ ਸਮੇਂ ਸਿਰ ਸੋਕੇ ਰੋਗ ਦਾ ਸਹੀ ਇਲਾਜ ਨਾ ਕਰਾਇਆ ਜਾਵੇ ਤਾਂ ਬੱਚੇ ਦੇ ਸਰੀਰ ਦਾ ਅੰਤ ਹੋ ਜਾਂਦਾ ਹੈ। ਇਸ ਕਰਕੇ ਸੋਕੜਾ ਰੋਗ ਹੁੰਦੇ ਹੀ ਸਿਆਣੇ ਚਿਕਿਤਸਕ ਤੋਂ ਛੇਤੀ ਹੀ ਇਲਾਜ ਕਰਾਉਣਾ ਚਾਹੀਦਾ ਹੈ। ਸੋਕਾ ਰੋਗ ਵਾਲੇ ਬੱਚੇ ਨੂੰ 10-10 ਗ੍ਰਾਮ ਪਾਲਕ ਦਾ ਰਸ ਦਿਨ ਵਿੱਚ ਚਾਰ ਵਾਰ ਦੇਣਾ ਚਾਹੀਦਾ ਹੈ।

7. **ਸਰੀਰ ਵਿੱਚ ਜਲਣ ਹੋਣੀ** - ਸਰੀਰ ਵਿੱਚ ਗਰਮੀ ਵਧਣ ਕਰਕੇ ਜਲਣ ਹੋ ਜਾਂਦੀ ਹੈ। ਇਸ ਲਈ -

ਪਾਲਕ ਦਾ ਰਸ - 20 ਗ੍ਰਾਮ

ਹਰੀ ਦੁੱਬ ਦਾ ਰਸ - 20 ਗ੍ਰਾਮ

ਇਹ ਇੱਕ ਖੁਰਾਕ ਹੈ। ਇਨ੍ਹਾਂ ਦੋਨਾਂ ਨੂੰ ਮਿਲਾ ਕੇ ਪੀਓ। ਇਹ ਘੰਟੇ ਜਾਂ ਅੱਧੇ ਘੰਟੇ ਬਾਅਦ ਦਿੰਦੇ ਰਹੋ। ਜਦੋਂ ਰੋਗੀ ਸਰੀਰ ਤੇ ਜਲਣ ਘੱਟ ਮਹਿਸੂਸ ਕਰੇ ਤਾਂ ਇਹ ਰਸ ਬੰਦ ਕਰਨਾ ਚਾਹੀਦਾ ਹੈ। ਫਿਰ ਵੀ 15 ਦਿਨਾਂ ਤੱਕ ਲਗਾਤਾਰ ਸਵੇਰੇ ਸ਼ਾਮ ਜਲਣ ਪੂਰੀ ਤਰ੍ਹਾਂ ਹਟ ਜਾਂਦੀ ਹੈ।

(------)

**(ਪੰਨਾ 2 ਦਾ ਬਾਕੀ)**

ਨਿਰਮਲ, ਸੱਚ ਦਾ ਧਾਰਨੀ ਬਣਾਉਣ ਵਿਚ ਯਤਨਸ਼ੀਲ ਹਨ। ਹਰੇਕ ਲਿਖਤ ਵਿਚ ਉਹ ਸੱਚ ਰੂਪਮਾਨ ਹੋ ਰਿਹਾ ਹੈ ਜੋ ਸਮੇਂ ਨਾਲ ਪੁਰਾਣਾ ਨਹੀਂ ਹੁੰਦਾ।

***ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥ ਪੰਨਾ-1248***

ਇਕ ਪਾਸੇ ਅਸੀਂ ਵੇਖਦੇ ਹਾਂ ਕਿ 'ਸੰਸਾਰੁ ਰੋਗੀ' ਦਸ਼ਾ ਵਿਚ ਦੁਖਾਂ ਵਿਚ ਵਿਆਕੁਲ ਹੋ ਰਿਹਾ ਹੈ ਪਰ ਨਾਲ ਹੀ ਗੁਰੂ ਸਾਹਿਬ ਇਸ ਦਾ ਇਲਾਜ 'ਨਾਮ ਦਾਰੂ' ਦਸਦੇ ਹਨ। ਰੋਗ ਉਤਪੰਨ ਹੋਣ ਦੇ ਕਾਰਨ ਵੀ ਆਪ ਜੀ ਗੁਰਬਾਣੀ ਰਾਹੀਂ ਦਸਦੇ ਹਨ-

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ - 1256***

ਇਸ ਅਮੀਰ ਵਿਰਸੇ ਨਾਲ ਜੁੜਨ ਦਾ ਆਪ ਨੂੰ ਸੁਭਾਗ ਪ੍ਰਾਪਤ ਹੈ, ਹੋਰਨਾਂ ਨੂੰ 'ਪੀਊ ਦਾਦੇ' ਦੇ ਅਮੋਲਕ ਖਜ਼ਾਨੇ ਨਾਲ ਜੋੜਨ ਦੀ ਖੁਸ਼ੀ ਲਈਏ। 'ਸਰਬੱਤ ਦਾ ਭਲਾ' ਮੰਗਣ ਵਾਲਿਆਂ ਦਾ ਇਹੋ ਕਰਤੱਵ ਹੈ।

(-----------)


**(ਇਥੋਂ ਕੱਟ ਕੇ ਭੇਜੋ ਜੀ)**

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ।

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ............................................................................

ਪਤਾ/Address ............................................................................

............................................................................

............................................................................

.................................Pin Code......................................

Phone......................... E-mail :....................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

**(ਪੰਨਾ 61 ਦਾ ਬਾਕੀ)**

**ਸਬ-ਇੰਸਪੈਕਟਰ** - ਸਰਦਾਰ ਜੀ ਤੁਸੀਂ ਕਿਤਾਬੀ ਬਾਤਾਂ ਕਰਦੇ ਹੋ ਪਰ ਮੈਂ ਤਜਰਬੇ ਤੋਂ ਬਾਤ ਕਰ ਰਿਹਾ ਹਾਂ। ਮੈਂ ਹੈਰਾਨ ਹੋ ਗਿਆ ਉਸ ਮਾਮੂਲੀ ਹੈਸੀਅਤ ਦੇ ਮੁਸਲਮਾਨ ਨੂੰ ਦੇਖ ਕੇ, ਜਿਹੜਾ ਤੁਹਾਡਾ ਸੂਟਕੇਸ ਚੁਕੀ ਸੁਭਾ ਪੰਜ ਵਜੇ ਏਥੇ ਆਣ ਪਹੁੰਚਾ ਅਤੇ ਆਖਣ ਲੱਗਾ ਇਹ ਮੈਨੂੰ ਹੀ ਪਤਾ ਹੈ ਕਿ ਮੈਂ ਰਾਤ ਕਿਸ ਤਰ੍ਹਾਂ ਗੁਜ਼ਾਰੀ ਹੈ। ਖਬਰੇ ਵਿਚਾਰੇ (ਸੂਟਕੇਸ ਦੇ ਮਾਲਕ) ਨੇ ਕਿਥੇ ਜਾਣਾ ਸੀ, ਖਬਰੇ ਉਸ ਦੀਆਂ ਕੀ ਜ਼ਰੂਰੀ ਚੀਜ਼ਾਂ ਇਸ ਸੂਟਕੇਸ ਵਿਚ ਸਨ। ਇਹ ਸੂਟਕੇਸ ਮੇਰੇ ਅਸਬਾਬ ਨਾਲ ਮੇਰੇ ਕੁਲੀ ਨੇ ਗਲਤੀ ਨਾਲ ਰੱਖ ਦਿਤਾ ਅਤੇ ਮੈਨੂੰ ਇਸ ਦਾ ਪਤਾ ਬਾਗਬਾਨ ਪੁਰੇ (ਲਾਹੌਰ ਤੋਂ ਪੰਜ ਛੇ ਮੀਲ) ਜਾ ਕੇ ਲੱਗਾ। ਜਦ ਇਸ ਨੂੰ ਖੋਲ੍ਹਿਆ ਤਾਂ ਇਸ ਵਿਚੋਂ ਦੋ ਤਿੰਨ ਵਧੀਆ ਗਰਮ ਸੂਟ, ਕੁਝ ਕਿਤਾਬਾਂ, ਕੁਝ ਰੁਪਏ ਅਤੇ ਇਕ ਤਸਬੀ (ਮਾਲਾ) ਨਿਕਲੀ। ਅਸੀਂ ਬੜੇ ਪਰੇਸ਼ਾਨ ਹੋਏ। ਸਾਨੂੰ ਖਿਆਲ ਆਇਆ ਕਿ ਸਾਡੀ ਜੇਕਰ ਕੋਈ ਮਾਮੂਲੀ ਚੀਜ਼ ਗਵਾਚ ਜਾਵੇ ਤਾਂ ਕਿਤਨਾ ਅਫਸੋਸ ਹੁੰਦਾ ਹੈ ਪਰ ਏਸ ਸ਼ਖਸ ਦੀ ਪੰਜ-ਸੱਤ ਸੌ ਰੁਪਏ ਦੀ ਸੈ ਗੁੰਮ ਹੋਣ ਉਤੇ ਉਸਨੂੰ ਖਬਰੇ ਕਿਤਨਾ ਅਫਸੋਸ ਹੋਵੇਗਾ। ਖਬਰੇ ਇਸ ਨੇ ਸਾਰੀ ਉਮਰ ਵਿਚ ਇਹ ਕੁਝ ਪੈਦਾ ਕੀਤਾ ਹੋਵੇ। ਸ਼ਾਇਦ ਇਹ ਇਸ ਸੂਟਕੇਸ ਦੇ ਗਵਾਚਣ ਕਰਕੇ ਆਪਣਾ ਸਫਰ ਨਾ ਕਰ ਸਕਿਆ ਹੋਵੇ। ਅੱਲਾ ਹੀ ਜਾਣਦਾ ਹੈ ਸਾਨੂੰ ਕਿਤਨਾ ਅਫਸੋਸ ਹੋਇਆ। ਉਸ ਵੇਲੇ ਰਾਤ ਬੜੀ ਹੋ ਚੁਕੀ ਸੀ, ਕੋਈ ਟਾਂਗਾ ਲਾਹੌਰ ਨੂੰ ਨਹੀਂ ਸੀ ਆਉਂਦਾ। ਸਾਰੀ ਰਾਤ ਨੀਂਦਰ ਨਹੀਂ ਆਈ। ਸੱਚ ਜਾਨਣਾ ਇਹ ਪਹਿਲਾ ਟਾਂਗਾ ਹੈ, ਜੋ ਬਾਗਬਾਨ ਪੁਰੇ ਤੋਂ ਲਾਹੌਰ ਵਲ ਆਇਆ ਹੈ। ਕੀ ਤੁਸੀਂ ਇਸ ਸੂਟਕੇਸ ਨੂੰ ਇਸ ਦੇ ਮਾਲਕ ਤੱਕ ਪੁਚਾ ਸਕੋਗੇ? ਕੀ ਕਿਸੇ ਨੇ ਕੋਈ ਰੀਪੋਰਟ ਲਿਖਾਈ ਹੋਈ ਹੈ?

ਜਦ ਉਸ ਨੂੰ ਦੱਸਿਆ ਗਿਆ ਕਿ ਇਕ ਸਿੱਖ ਸਰਦਾਰ ਦਾ ਰਾਤ ਨੂੰ ਸੂਟਕੇਸ ਗੁੰਮ ਹੋਇਆ ਸੀ ਅਤੇ ਉਸ ਨੇ ਰੀਪੋਰਟ ਲਿਖਾਈ ਸੀ ਤਾਂ ਉਸ ਮੁਸਲਮਾਨ ਨੇ ਆਖਿਆ ਕਿ ਇਹ ਸੂਟਕੇਸ ਉਸੇ ਦਾ ਹੋਣਾ ਏ। ਸਰਦਾਰ ਸਾਹਿਬ ਨੂੰ ਮੇਰੀ ਸਲਾਮ ਆਖ ਦੇਣੀ ਅਤੇ ਇਹ ਉਨ੍ਹਾਂ ਦੀ ਅਮਾਨਤ ਉਨ੍ਹਾਂ ਨੂੰ ਵਾਪਸ ਕਰ ਦੇਣੀ।

## ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਐਤਵਾਰ** - 04,11, 18, 25 ਜੁਲਾਈ
(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)

**ਸੰਗਰਾਂਦ** - 16 ਜੁਲਾਈ ਦਿਨ ਸ਼ੁਕਰਵਾਰ
(ਸਵੇਰ ਦੇ ਸਮੇਂ 7.00 ਵਜੇ ਤੋਂ 9.00 ਵਜੇ ਤੱਕ)

**ਚੜ੍ਹਦੀ ਪੂਰਨਮਾਸ਼ੀ**- 24 ਜੁਲਾਈ ਦੀ ਰਾਤ, ਦਿਨ ਸ਼ਨਿੱਚਰਵਾਰ
(ਸਮਾਂ - ਸ਼ਾਮ 7.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਦਿਵਾਨ ਸਜਦੇ ਹਨ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | 90/- |
| 26. | ਅਬਿਨਾਸੀ ਜੋਤ ਭਾਗ-2 | 90/- | 90/- |
| 27. | ਰੂਹਾਨੀ ਗੁਲਦਸਤਾ -1 | 60/- | 60/- |
| 28. | ਰੂਹਾਨੀ ਗੁਲਦਸਤਾ - 2 | 60/- | 60/- |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | **25**/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| 39. | ਰੂਹਾਨੀ ਪ੍ਰਵਚਨ | 35/- | |
| 41. | 'ਸੇਵਾ ਸਿਮਰਨ ਜੁਗਤੀਆਂ' | 150/- | |
| 42. | 'ਮਾਨੁੱਖ ਤਨ ਦਾ ਪ੍ਰਯੋਜਨ' | 160/- | |
| 43. | 'ਯੋਗਾ ਉਪਰ ਲੈਕਚਰ', | 30/- | |
| 44. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi (ਵੈਸਾਖੀ) | Rs. 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | Rs. 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ -੧) | Rs 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ -੨) | Rs. 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ -੩) | Rs. 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ -੪) | Rs. 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ -੫) | Rs. 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | Rs. 80/- |
| 9. | The Lights Immortal (ਅਮਰ ਜੋਤਾਂ) | Rs. 20/- |
| 10. | Transcendental Bliss (ਚਉਥੈ ਪਹਰਿ ਸਬਾਹ ਕੈ) | Rs. 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | Rs.150/– |
| 17. | The Story of Immortality (ਅਮਰ ਗਾਥਾ) | Rs 260/– |